ਪ੍ਰੋਫੈਸਰ

# ਪੂਰਨ ਸਿੰਘ ਜੀ

## ਜੀਵਨ ਤੇ ਲਿਖਤ

G. 48

ਐਡੀਟਰ
ਸ. ਸ. ਅਮੋਲ

*'I greatly appreciate the tribute to my old friend and congratulate Mr. Amole on bringing out such an interesting number.'*

*Hon. sir Jogindera Singh*

ਪ੍ਰਕਾਸ਼ਕ
ਲਿਖਾਰੀ ਬੁਕ ਡੀਪੋ ਅੰਮ੍ਰਿਤਸਰ

ਭੇਟਾ ੧)

دیوان سنگھ
۲۸

# ਪ੍ਰੋਫੈਸਰ ਪੂਰਨ ਸਿੰਘ ਜੀ

(ਜੀਵਨ ਤੇ ਲਿਖਤ)

ਪ੍ਰੋਫੈਸਰ

# ਪੂਰਨ ਸਿੰਘ ਜੀ

## ਜੀਵਨ ਤੇ ਲਿਖਤ


ਐਡੀਟਰ

**ਸ. ਸ. ਅਮੋਲ**

ਪ੍ਰਿੰਸੀਪਲ

ਗੁਰੂ ਰਾਮਦਾਸ ਕਾਲਜ ਅੰਮ੍ਰਿਤਸਰ

ਲੇਖਕ ਪੰਜਾਬੀ ਭੌਰੇ, ਗੁਲਾਬ, ਕਵਿਤਾ ਦੀ ਲੜੀ, ਆਦਿਕ



ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

DYAL SINGH LAHORE LIBRARY



ਪ੍ਰਕਾਸ਼ਕ

**ਲਿਖਾਰੀ ਬੁਕ ਡੀਪੋ ਅੰਮ੍ਰਿਤਸਰ**

੧੯੩੮

ਦੂਜੀ ਵਾਰ ਭੇਟਾ ੧) ੪੦੦

ਤ: ਵਿ
22952

'ਪੰਜਾਬ ਲਿਟਰੇਰੀ ਪ੍ਰੈਸ' ਕਟੜਾ ਸ਼ੇਰ ਸਿੰਘ, ਅੰਮ੍ਰਿਤਸਰ ਵਿਚ
ਮਿ. ਸ਼ਮਸਦੀਨ ਪਰਿੰਟਰ ਦੇ ਯਤਨ ਨਾਲ ਛਪਿਆ ਤੇ
ਸ. ਸ. ਅਮੋਲ ਮੈਨੇਜਰ ਲਿਖਾਰੀ ਬੁਕ ਡੀਪੋ ਨੇ
ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ.

# ਤਤਕਰਾ

| ਲੇਖ | ਲੇਖਕ | |
|---|---|---|
| ੧. ਪਿਆਰੇ ਦੀ ਯਾਦ | ਡਾਕਟਰ ਦੀਵਾਨ ਸਿੰਘ ਜੀ | ੧ |
| ੨. ਛੋਟੇ ਨੋਟ | ਕੁਝ ਉਘੀਆਂ ਹਸਤੀਆਂ ਵਲੋਂ | ੯ |
| ੩. ਅਨੋਖਾ ਜੀਵਨ | ਸ. ਸ. ਅਮੋਲ | ੧੯ |
| ੪. ਪੰਜਾਬੀਆਂ ਦਾ ਪੰਜਾਬੀ | ਦੇਵਿੰਦਰ ਸਤਿਆਰਥੀ ਜੀ | ੪੦ |
| ੫. ਪ੍ਰੋ: ਪੂਰਨ ਸਿੰਘ ਜੀ ਦੇ ਖਿਆਲ | ਪ੍ਰੋ: ਸਾਹਿਬ ਸਿੰਘ ਜੀ | ੭੧ |
| ੬. ਪ੍ਰੋ: ਪੂਰਨ ਸਿੰਘ ਜੀ ਦੀ ਪੰਜਾਬੀ ਕਵਿਤਾ ਤੇ ਜੀਵਨ ਫਿਲਾਸਫੀ | ਗਿਆਨੀ ਸੁਜਾਨ ਸਿੰਘ ਜੀ B. A. | ੯੧ |
| ੭. ਪ੍ਰੋ: ਪੂਰਨ ਸਿੰਘ ਦਾ ਪੂਰਨ | ਸ: ਬਲਵੰਤ ਸਿੰਘ ਜੀ B. Sc. | ੧੧੪ |
| ੮. ਖੁਲ੍ਹੇ ਲੇਖਾਂ ਵਿਚੋਂ ਚੋਣਵੇਂ ਖਿਆਲ | ਸ. ਸ. ਅਮੋਲ | ੧੪੯ |

ਕਵਿਤਾਵਾਂ

ਬੇਕਲ ਜੀ, ਕੇਸਰ ਸਿੰਘ ਜੀ, ਰਤਨ ਜੋਤ ਜੀ,
ਡੀ. ਐਸ. ਜੀ ਲਾਇਲਪੁਰੀ

# ਤੇਰਾ ਦਿਤਾ —— ਤੇਰੀ ਭੇਟ

ਇਉਂ ਬਣ ਬਣ ਕੇ ਨਿਕਲ ਮੁੜ ਤੂੰ
ਚਾਰ, ਚਾਰ, ਸੂਰਜਾਂ, ਅਠ ਅਠ ਚੰਨਾਂ ਨਾਲ ਜੜ੍ਹਿਆ,
ਉਹ ਜੰਗਲਾਂ ਤੇ ਬਾਗਾਂ ਤੇ ਬੇਲਿਆਂ ਦਿਆ ਮਾਲਕਾ,
ਸੋਹਣੀ ਤੇ ਹੀਰ ਜਿਹੀਆਂ ਦਿਆ ਮਾਲਕਾ
ਤੇਰੇ ਦਰਸ਼ਨਾਂ ਨੂੰ ਜਹਾਨ ਆਣਾ
ਤੂੰ ਸਾਨੂੰ ਛਡ ਕੇ ਕਿਹੜੇ ਰਾਹ ਗਿਆ।
ਮੁੜ ਆ ਪੰਜਾਬ ਤੂੰ ਮੁੜ ਆ।
ਤੇਰੇ ਰੂਪ ਪਿਆਰ ਨੂੰ ਉਡੀਕ ਦੇ ਮੁਲਕ ਸਾਰੇ
ਤੇਰੇ ਵਖਰੇ ਪਨ ਤੇਰੇ ਅਬਰੇ ਪਨ ਦੀ ਚਾਹ ਸਾਰੇ।

... ... ... ... ... ...

ਗਗਨਾਂ ਦੀ ਡਾਚੀ ਤੇ ਚੜ੍ਹ ਆ ਪਿਆਰਿਆ
ਟਲੀਆਂ ਤੇਰੀ ਡਾਚੀ ਦੇ ਗਲ ਲਟਕਦੀਆਂ,
ਆ ਟਲੀਆਂ ਦੇ ਰੰਗ ਵਿਚ ਗਾਉਂਦਾ,
ਆ ਚਾਨਣੀ ਦੀ ਨੀਲੀ ਘੋੜੀ ਤੇ ਚੜ੍ਹਿਆ,
ਸੋਹਣਿਆ ਰਵਾਲ ਚਾਲ ਚਲਦੀ ਤੁਰੀ ਤੇਰੀ
ਆ ਇਕ ਇਕਬਾਲ ਦਾ ਰੂਪ ਤੂੰ
ਆ ਤਾਰੇ ਖਿਲਾਰਦਾ ਅਧੀ ਅਧੀ ਰਾਤ ਨੂੰ
ਬੂਹੇ ਠਕੋਰ ਸਾਡੇ ਮੁੜ ਤੂੰ। ਆ ਵਾਜਾਂ ਮਾਰਦਾ।

(ਖੁਲ੍ਹੇ ਮਦਾਨ ਸਫਾ ੧੮੯)

# ਪਹਿਲੀ ਵਾਰ ਦੀ ਭੂਮਿਕਾ

**ਇਹ ਨੰਬਰ** ਚੰਗਾ ਹੈ ਜਾਂ ਮੰਦਾ। ਪਕਾ ਪਤਾ ਨਹੀਂ, ਆਪਣੇ ਵਿਤੋਂ ਵਧ ਜਤਨ ਕੀਤਾ ਗਿਆ ਹੈ। ਉਚੇਚੇ ਲੇਖ ਲਿਖਵਾਏ ਹਨ। ਪ੍ਰੋਫੈਸਰ ਜੀ ਦੀਆਂ ਕਵਿਤਾਵਾਂ ਤੋਂ ਤਸਵੀਰਾਂ ਬਣਾਈਆਂ ਗਈਆਂ ਹਨ। ਉਨ੍ਹਾਂ ਨੂੰ ਬਲਾਕ ਆਦਿਕਾਂ ਦੇ ਗਹਿਣੇ ਨਾ ਪਾ ਕੇ ਰਾਗ ਤੇ ਨਾਚ ਨੂੰ ਇਕ ਲੈ ਵਿਚ ਰਖਣ ਲਈ ਪਥਰ ਤੇ ਛਾਪਿਆ ਹੈ। ਕਵਿਤਾ ਤੇ ਵਾਰਤਕ ਦੇ ਨਮੂਨੇ ਦਿਤੇ ਹਨ ਤੇ ਜਤਨ ਇਹ ਕੀਤਾ ਹੈ ਕਿ ਪ੍ਰੋ: ਜੀ ਬਾਬਤ ਵਧ ਤੋਂ ਵਧ ਵਾਕਫੀਅਤ ਦਿਤੀ ਜਾਵੇ ਤੇ ਉਨ੍ਹਾਂ ਦੀਆਂ ਕਤਾਬਾਂ ਪੜ੍ਹਨ ਦਾ ਚਾ ਪੈਦਾ ਕੀਤਾ ਜਾਵੇ।

ਪੰਜਾਬ ਦੇ ਪਿਆਰ ਲਈ ਸਧਰਾਂ ਭਰੇ ਦਿਲ ਵਲੋਂ ਪੰਜਾਬ ਤੇ ਪੰਜਾਬੀ ਦੇ ਇਕ ਸਚੇ ਆਸ਼ਕ ਦੀ ਯਾਦ ਵਿਚ ਵਹਾਇਆ, ਇਹ ਇਕ ਸਤਰੰਗਾ ਅਥਰੂ ਹੈ। ਇਸ ਦਾ ਮੁੱਲ ਵਟਣ ਦੀ ਚਾਹ ਨਹੀਂ। ਜੇ ਇਸ ਨੂੰ ਮਾਰਕੀਟ ਵਿਚ ਲੈ ਵੀ ਗਏ ਤਾਂ ਗਾਹਕ ਨਹੀਂ। ਅਥਰੂ ਵਿਖਾ ਕੇ 'ਹੇਜਲੇ' ਅਖਵਾ ਕੇ ਚੌਧਰੀ ਬਣਨ ਦੀ ਸਧਰ ਨਹੀਂ। ਇਹ ਕੇਵਲ ਇਸ ਲਈ ਵਗ ਤੁਰਿਆ ਹੈ ਕਿ ਇਹ ਵਗਣ ਉਤੇ ਆਇਆ ਹੋਇਆ ਸੀ ਤੇ ਚਰੋਕਣਾ ਡਲ੍ਹਕ ਰਿਹਾ ਸੀ। ਆਸ ਹੈ ਕਿ

ਇਹ ਅਥਰੂ ਅਖਾਂ ਵਾਲਿਆਂ ਦੇ ਸਾਹਮਣੇ ਵਹਿ ਰਿਹਾ ਹੈ। ਇਸ ਸਾਫ ਚਮਕਦੇ ਪਾਣੀ ਵਿਚ ਲੁਕਿਆ ਕੋਈ ਦਿਲ ਤਕਣਾ ਅਖਾਂ ਤੇ ਦਿਲਾਂ ਵਾਲਿਆਂ ਦਾ ਕੰਮ ਹੈ। ਪਰ ਹੇ ਪੰਜਾਬ—

ਇਕ ਕਰਦੀਆਂ ਖੁਦੀ ਹੰਕਾਰ,
ਉਨ੍ਹਾਂ ਨੂੰ ਤਾਰਨਾ ਏਂ ਵੇ ਅੜਿਆ।
ਇਕ ਪਿਛੇ ਫਿਰਨ ਖਵਾਰ
ਸੜਿਆਂ ਨੂੰ ਸਾੜਨਾ ਏਂ ਵੇ ਅੜਿਆ।

## ਧੰਨਵਾਦ !

ਨਿਰਾ ਕਹਿਣ ਮਾਤਰ ਹੀ ਨਹੀਂ ਸਗੋਂ ਦਿਲ ਦੀ ਅਵਾਜ਼ ਇਹ ਹੈ ਕਿ ਇਸ ਪਰਚੇ ਲਈ ਉਚੇਚੇ ਲਿਖਣ ਵਾਲੇ ਸਾਰੇ ਲਿਖਾਰੀਆਂ ਦਾ ਧੰਨਵਾਦ ਕਰਾਂ। ਐਡੀਟਰ ਆਪ ਇੰਨਾ ਨਿਕਾਰਾ ਹੈ ਕਿ ਕਿਸੇ ਦਾ ਕੁਝ ਨਹੀਂ ਸਵਾਰਨ ਜੋਗਾ। ਪਰ ਸਦਕੇ ਹੈ ਉਨ੍ਹਾਂ ਵੀਰਾਂ ਦੇ ਪਿਆਰ ਦੇ, ਜਿਨ੍ਹਾਂ ਕੇਵਲ ਬੇਨਤੀ ਮੰਨ ਕੇ ਦੁਨੀਆਂ ਦੇ ਲਖ ਰੁਝੇਵਿਆਂ ਵਿਚੋਂ 'ਲਿਖਾਰੀ' ਨੂੰ ਸ਼ਿੰਗਾਰਨ ਲਈ ਵਕਤ ਕਢਿਆ।

ਇਸ ਮਿਹਨਤ ਨਾਲ ਉਚੇਚੇ ਲੇਖ ਲਿਖਣੇ ਪੰਜਾਬੀ ਸੇਵਾ ਲਈ ਬੜੀ ਭਾਰੀ ਕੁਰਬਾਨੀ ਤੇ ਪੰਜਾਬੀ-ਪ੍ਰੀਤ ਹੈ। ਅਸੀਂ ਤਾਂ ਕੇਵਲ ਅਰਦਾਸ ਹੀ ਕਰ ਸਕਦੇ ਹਾਂ, ਕਿ ਮਾਲਕ ਪੰਜਾਬੀ ਦੇ ਸਾਰੇ ਲਿਖਾਰੀਆਂ ਤੇ ਕਵੀਆਂ ਨੂੰ ਮਾਇਆ ਤੇ ਵਿਦਿਆ ਤੇ ਬਲ ਦੇ ਖੁਲ੍ਹੇ ਗਫੇ ਬਖਸ਼ੇ। ਇਹ ਸਾਰੇ ਹੀ ਵੀਰ



ਅਜੇਹੇ ਹਨ ਜੋ ਸਦਾ ਤੋਂ ਲਿਖਾਰੀ ਨਾਲ ਆਪਣੇ ਜਾਤੀ ਕਈ ਕੰਮਾਂ ਤੋਂ ਮੇਰੇ ਕਈ ਕੰਮਾਂ ਨੂੰ ਕਈ ਗੁਣਾਂ ਵਧ ਪਿਆਰ ਕਰਦੇ ਹਨ ਅਤੇ ਜਿਨ੍ਹਾਂ ਕਦੇ ਮੇਰੀ ਕੋਈ ਬੇਨਤੀ ਠੁਕਰਾਈ ਨਹੀਂ। ਮੈਂ ਇਨ੍ਹਾਂ ਦੀ ਕੀ ਭੇਟਾ ਕਰਦਾ ਹਾਂ ? ਕੇਵਲ ਧੰਨਵਾਦ, ਤੇ ਉਹ ਵੀ ਕਦੇ ਕਦੇ, ਪਰ ਓਦੋਂ ਜਦੋਂ ਦਿਲੋਂ ਬਦੋ ਬਦੀ ਫੁਟ ਪਵੇ। ਨਹੀਂ ਤਾਂ ਬਥੇਰਾ ਨਪਦਾ ਹਾਂ। ਮਿਤਰ 'ਬੇਕਲ' ਜੀ ਦੀਆਂ ਸਿਆਣਪਾਂ ਤੇ ਪ੍ਰੈਸ ਦੇ ਤਜਰਬਿਆਂ ਬਿਨਾਂ ਵੀ ਪਰਚੇ ਦੀ ਸਜਾਵਟ ਅਧੀ ਮਾਰੀ ਜਾਂਦੀ, ਤੇ ਸਰਦਾਰ ਈਸ਼ਰ ਸਿੰਘ ਜੀ ਆਰਟਿਸਟ ਦੀ ਮਦਤ ਐਡੀਟਰ ਦੇ ਦਿਲ ਵਿਚ ਸਦਾ ਯਾਦ ਰਹਿਣ ਵਾਲੀ ਹੈ ਜਿਨ੍ਹਾਂ ਆਪਣੀ ਬੀਮਾਰੀ ਦੀ ਪਰਵਾਹ ਨਾ ਕਰਦਿਆਂ ਕੇਵਲ ਪਿਆਰ ਵਿਚ ਆ ਕੇ ਇਸ ਪਰਚੇ ਦਾ ਟਾਈਟਲ ਤੇ ਹੋਰ ੮ ਤਸਵੀਰਾਂ ਬਣਾਈਆਂ।

ਖਾਲਸਾ ਟ੍ਰੈਕਟ ਸੁਸਾਇਟੀ ਤੇ ਸਰਦਾਰ ਜਗਜੀਤ ਸਿੰਘ ਜੀ *Retd* ਸੈਕਟਰੀ ਯੂਨੀਵਰਸਿਟੀ ਸਿਖ ਐਸੋਸੀਏਸ਼ਨ ਦਾ ਭੀ ਧੰਨਵਾਦ ਜ਼ਰੂਰੀ ਹੈ ਜਿਨ੍ਹਾਂ ਦੀਆਂ ਚੀਜਾਂ ਵਿਚੋਂ ਡਾਕਾ ਮਾਰ ਕੇ ਅਸਾਂ ਸਫਾ ੭ ਤੋਂ ੧੦ ਸ਼ਿੰਗਾਰੇ ਹਨ।

ਮੈਸਰਜ਼ ਅਤਰ ਚੰਦ ਕਪੂਰ ਤੇ ਵਜ਼ੀਰ ਹਿੰਦ ਪ੍ਰੈਸ ਦਾ ਧੰਨਵਾਦ ਵੀ ਜ਼ਰੂਰੀ ਹੈ ਜਿਨ੍ਹਾਂ ਦੀਆਂ ਛਪੀਆਂ ਪੁਸਤਕਾਂ ਖੁਲ੍ਹੇ ਘੁੰਡ, ਖੁਲ੍ਹੇ ਮਦਾਨ ਤੇ ਖੁਲ੍ਹੇ ਲੇਖਾਂ ਵਿਚੋਂ ਇਸ ਨੰਬਰ ਵਿਚ ਹਵਾਲੇ ਦਿਤੇ ਹਨ।

ਐਡੀਟਰ ਸਾਹਿਬ ਖਾਲਸਾ ਸਮਾਚਾਰ ਦੀ ਬਲਾਕ

ਬਖਸ਼ਣ ਦੀ ਕ੍ਰਿਪਾ ਦਾ ਰਿਣੀ ਹਾਂ, ਤੇ ਸਰਦਾਰ ਮਦਨ ਮੋਹਨ ਸਿੰਘ ਜੀ ਲੁਧਿਆਣਾ ਕੋਲੋਂ ਮਿਲੀ ਵਾਕਫੀ ਤੇ ਮਿਠੀ ਵਰਤੋਂ ਸਦਕਾ ਸਦਾ ਲਈ ਉਨ੍ਹਾਂ ਨੂੰ ਪਿਆਰ ਕਰਨ ਵਾਲਾ ਬਣ ਗਿਆ ਹਾਂ।

ਪਰ ਪਾਠਕ ਮੈਨੂੰ ਸਭ ਤੋਂ ਵਧ ਪਿਆਰ ਰਹੇ ਹਨ।



# ਦੂਜੀ ਵਾਰ ਦੀ ਭੂਮਿਕਾ

ਪਹਿਲੀ ਵਾਰ ਲਿਖਾਰੀ ਮਾਹਵਾਰ ਵਲੋਂ ੧੯੩੬ ਵਿਚ ਪ੍ਰੋ: ਪੂਰਨ ਸਿੰਘ ਨੰਬਰ ਛਾਪਿਆ ਗਿਆ ਸੀ। ਇਕ ਸਾਲ ਭਰ ਨੰਬਰ ਛਪਿਆ ਅੰਦਰ ਹੀ ਪਿਆ ਰਿਹਾ। ਲਿਖਾਰੀ ਦੇ ਗਾਹਕਾਂ ਤੋਂ ਬਿਨਾਂ ਹੋਰ ਘਟ ਵਧ ਹੀ ਕਿਸੇ ਸਜਣ ਨੇ ਇਸ ਨੂੰ ਪੜ੍ਹਨ ਵਲ ਕੋਈ ਧਿਆਨ ਦਿਤਾ।

ਸਾਲ ਦੇ ਬਾਹਦ ਪੰਜਾਬੀ ਪਿਆਰਿਆਂ ਨੇ ਆਪਣੇ ਪਿਆਰੇ ਪ੍ਰੋ: ਪੂਰਨ ਸਿੰਘ ਵਲ ਨਿਗਾਹ ਦੁੜਾਈ ਤੇ ਨੰਬਰ ਦੀਆਂ ਕਾਪੀਆਂ ਦੀ ਮੰਗ ਹੋਣ ਲਗੀ। ਜਿਹੜੀਆਂ ਕਾਪੀਆਂ ਕੋਲ ਹੈਸਨ ਇਕ ਮਹੀਨੇ ਵਿਚ ਹੀ ਮੁਕ ਗਈਆਂ ਤੇ ਮੰਗ ਸਗੋਂ ਵਧ ਗਈ। ਕਈ ਸਜਣਾਂ ਨੇ ਪ੍ਰੇਰਨਾ ਕੀਤੀ ਕਿ ਨੰਬਰ ਦੁਬਾਰਾ ਛਾਪੋ ਪਰ ਪਹਿਲਾ ਤਜਰਬਾ ਜੇ ਕੌੜਾ ਨਹੀਂ ਤਾਂ ਫਿਕਾ ਜਰੂਰ ਸੀ। ਇਸ ਲਈ ਹਿੰਮਤ ਨਹੀਂ ਸੀ ਪੈਂਦੀ।

ਪਿਛੇ ਜਿਹੇ ਭਾਈ ਵੀਰ ਸਿੰਘ ਜੀ ਨੰਬਰ ਕਢਿਆ। ਉਸ ਦੇ ਨਾਲ ਹੀ ਪ੍ਰੋ: ਪੂਰਨ ਸਿੰਘ ਜੀ ਨੰਬਰ ਦੀ ਮੰਗ ਹੋਰ ਭੀ ਵਧ ਗਈ। ਛੇਕੜ ਉਸ ਨੰਬਰ ਨੂੰ ਕਤਾਬੀ ਸ਼ਕਲ ਵਿਚ ਅਜ ਪੇਸ਼ ਕਰਨ ਦਾ ਹੌਂਸਲਾ ਕਰਦਾ ਹਾਂ।

ਮੈਂ ਇਸ ਕਤਾਬ ਨੂੰ ਛਾਪਣ ਦਾ ਹੌਂਸਲਾ ਕਦੇ ਵੀ ਨਾ ਕਰ ਸਕਦਾ ਜੇ ਮੇਰੇ ਹੌਂਸਲੇ ਨੂੰ ਜਾਨ ਬਖਸ਼ਣ ਵਾਲੇ ਤੇ ਉਤਸ਼ਾਹ ਦੇਣ ਵਾਲੇ ਸ੍ਰੀ ਮਾਨ ਭਾਈ ਸਾਹਿਬ ਭਾਈ

ਜੋਧ ਸਿੰਘ ਜੀ ਐਮ. ਏ. ਪ੍ਰਿੰਸੀਪਲ ਖਾਲਸਾ ਕਾਲਜ ਅੰਮ੍ਰਿਤਸਰ ਤੇ ਸ੍ਰੀ ਮਾਨ ਪ੍ਰੋਫੈਸਰ ਸਾਹਿਬ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ ਨਾ ਹੁੰਦੇ।

ਪ੍ਰਿੰਸੀਪਲ ਸਾਹਿਬ ਨੇ ਪਹਿਲੀ ਵਾਰ ਛਪੇ ਨੰਬਰ ਦੀ ਪਰਸੰਸਾ ਕਰ ਕੇ ਮੇਰਾ ਹੌਂਸਲਾ ਦੂਣਾ ਕਰ ਦਿਤਾ ਸੀ ਤੇ ਅਜੇ ਤਕ ਆਪ ਦੇ ਪਿਆਰ ਭਰੇ ਲਫਜ ਮੇਰੇ ਕੰਨਾਂ ਵਿਚ ਗੂੰਜਦੇ ਹਨ। ਪ੍ਰੋ: ਸਾਹਿਬ ਸਿੰਘ ਜੀ ਦੇ ਉਦਮ ਨੇ ਹੀ ਦੂਜੀ ਵਾਰ ਇਹ ਲੇਖ ਪ੍ਰੈਸ ਵਿਚ ਭਿਜਵਾਏ ਹਨ।

ਇਸ ਐਡੀਸ਼ਨ ਵਿਚ ਵਿਦਿਆਰਥੀਆਂ ਦੀ ਲੋੜ ਨੂੰ ਮੁਖ ਰਖ ਕੇ ਚਾਰ ਲੇਖ ਨਵੇਂ ਪਾਏ ਹਨ। ਉਹ ਆਮ ਪਾਠਕਾਂ ਲਈ ਭੀ ਵਾਕਫੀਅਤ ਦੇ ਭਰੇ ਹਨ। ਪਿਛਲੇ ਲੇਖਾਂ ਵਿਚੋਂ ਕੁਝ ਛਾਂਟੀ ਕੀਤੇ ਹਨ। ਦੋ ਕਵਿਤਾਵਾਂ ਵੀ ਨਵੀਆਂ ਹਨ।

ਇਸ ਛੋਟੀ ਜਿਹੀ ਪੋਥੀ ਦੀ ਏਨੀ ਕੀਮਤ, ਜਰੂਰ ਜਿਆਦਾ ਹੈ। ਪਰ ਮਜਬੂਰੀ ਹੈ। ਬਹੁਤ ਥੋੜੀਆਂ ਕਾਪੀਆਂ ਵਿਕਦੀਆਂ ਹਨ ਇਸ ਲਈ ਕੀਮਤ ਵਧੇਰੇ ਰਖਣੀ ਪੈਂਦੀ ਹੈ।

ਆਸ ਹੈ ਕਿ ਪਾਠਕ ਇਸ ਦੂਜੀ ਐਡੀਸ਼ਨ ਨੂੰ ਭੀ ਸਤਿਕਾਰਨਗੇ ਤੇ ਉਸ ਗੁਜ਼ਰ ਚੁਕੇ ਜੀਨੀਅਸ ਦੀਆਂ ਲਿਖਤਾਂ ਪੜ੍ਹਨ ਦਾ ਸ਼ੌਕ ਇਹ ਨਿਕੀ ਜਿਹੀ ਪੁਸਤਕ ਪੰਜਾਬੀ ਪਾਠਕਾਂ ਵਿਚ ਪੈਦਾ ਕਰ ਦੇਵੇਗੀ।

ਪੰਜਾਬੀ ਬੋਲੀ ਦਾ ਨਿਮਾਣਾ ਸੇਵਕ

੨੫-੩-੩੮ ਸ. ਸ. ਅਮੋਲ

# ਪਿਆਰੇ

# ਪੂਰਨ ਸਿੰਘ ਦੀ ਯਾਦ

ਵੱਲੋਂ

ਸ੍ਰੀ ਮਾਨ ਡਾਕਟਰ ਦੀਵਾਨ ਸਿੰਘ ਜੀ ਕਾਲੇਪਾਣੀ

ਕੌਣ ਨਚੇਗਾ ਖੁਲ੍ਹੇ ਮੈਦਾਨ ਘੁੰਡ ਲਾਹ ਕੇ ਹੁਣ ਪੂਰਨਾ ?
ਮਸਤ ਅਲਮਸਤ ਕਰੇਗਾ ਕੌਣ ਜਲ੍ਹੀਆਂ ਪਾ ਕੇ ਹੁਣ ਪੂਰਨਾ ?

ਮਾਸ਼ੂਕ ਥੋੜੇ ਹੁੰਦੇ ਹਨ, ਆਸ਼ਕ ਬਥੇਰੇ, ਕਿਉਂਕਿ ਮਾਸ਼ੂਕ ਗੁਣਵਾਨ ਹੁੰਦੇ ਹਨ, ਆਸ਼ਕ ਗੁਣਗਾਹਕ। ਗੁਣਵਾਨ ਹੋਣਾ ਸਾਡੇ ਵੱਸ ਦੀ ਖੇਡ ਨਹੀਂ। ਗੁਣਗਾਹਕ ਹੋਣਾ ਸਾਡੇ ਵੱਸ ਹੈ। ਹਰਿ ਗੁਣਵਾਨ ਆਪਣੇ ਕਿਸੇ ਨਾ ਕਿਸੇ ਸਿਫਤ ਸਲਾਹ ਕਰਨ ਵਾਲੇ ਆਸ਼ਕ ਦਾ ਮਾਸ਼ੂਕ ਹੈ। ਚੰਗੇ ਗੁਣੀ ਮਸ਼ੂਕਾਂ ਨੂੰ ਆਪਣੇ ਸਾਰੇ ਆਸ਼ਕਾਂ ਦੀ ਗਿਣਤੀ ਦਾ ਕਦੀ ਠੀਕ ਅੰਦਾਜ਼ਾ ਹੋ ਹੀ ਨਹੀਂ ਸਕਦਾ, ਕਿਉਂਕਿ ਬਹੁਤੇ ਆਸ਼ਕ ਆਪਣੇ ਮਸ਼ੂਕਾਂ ਕੋਲੋਂ ਬਿਨ ਵਾਕਫੀ, ਬਿਨ ਨੇੜੇ ਹੋਏ ਅਨੰਦ ਲੈ ਲੈਂਦੇ ਹਨ ਤੇ ਆਮ ਕਰਕੇ ਨੇੜੇ ਰਹਿਣ ਵਾਲਿਆਂ ਨਾਲੋਂ ਵਧੇਰੇ।

ਪ੍ਰੋਫੈਸਰ ਪੂਰਨ ਸਿੰਘ ਜੀ ਇਕ ਸੋਹਣੇ, ਸੁਣੱਖੇ,

ਲਟਕਾਂ ਮਟਕਾਂ ਵਾਲੇ, ਖੁਲ੍ਹ ਦਿਲੇ ਮਾਸ਼ੂਕ ਸਨ। ਮੈਂ ਉਨ੍ਹਾਂ ਦਾ ਇਕ ਅਣਜਾਤਾ ਅਣਪਛਾਤਾ ਨਿਕਾ ਜਿਹਾ ਆਸ਼ਕ। ਮੈਨੂੰ ਕਦੀ ਉਨ੍ਹਾਂ ਨਾਲ ਗਲਵਕੜੀ ਪਾ ਕੇ ਸੁਆਦ ਲੈਣ ਦਾ ਅਵਸਰ ਨਾ ਹੀ ਮਿਲਿਆ, ਨਾ ਸਿਜਦਾ ਕਰਨ ਦਾ, ਨਾ ਮੂੰਹ ਚੁੰਮਣ ਦਾ, ਨਾ ਹੱਥ ਦਬਾਣ ਦਾ, ਨਾ ਹੱਥ ਛੁਹਾਣ ਦਾ, ਨਾ ਕਦੀ ਕੋਈ ਗੱਲ ਕਰਨ ਦਾ, ਨਾ ਗੋਡੇ ਮੁਢ ਬਹਿਣ ਦਾ। ਸ਼ਾਇਦ ਇਸੇ ਕਰਕੇ ਮੇਰਾ ਇਸ਼ਕ ਦਿਨੋ ਦਿਨ ਵਧਦਾ ਗਿਆ। ਨਾ ਇਸ ਨੇ ਕਦੀ ਕਾਂਪ ਖਾਧੀ। ਨਾ ਇਸ ਵਿਚ ਕਦੀ ਭੁੰਗ ਪਿਆ। ਮੇਰਾ ਇਸ਼ਕ ਮੇਰੇ ਲਈ ਬਸ ਕਾਫ਼ੀ ਸੀ। ਵਿਸਾਲ ਦੀ ਨਾ ਕੋਈ ਲੋੜ ਸੀ, ਨਾ ਆਸ, ਨਾ ਨਿਰਾਸ ਹੋਣ ਦੀ ਕੋਈ ਗੁੰਜਾਇਸ਼। ਵਿਸਾਲ ਪਿਛੋਂ ਇਸ਼ਕ ਦਾ ਮੱਚ ਕਈ ਵਾਰੀ ਮਰ ਜਾਂਦਾ ਹੈ।

ਮੈਨੂੰ ਉਨ੍ਹਾਂ ਦੇ ਦਰਸ਼ਨ ਕੁਲ ਚਾਰ ਵੇਰੀ ਹੋਏ। ਉਹ ਭੀ ਦੂਰੋਂ ਦੂਰੋਂ ਤੇ ਭੀੜ ਭੜੱਕਿਆਂ ਵਿਚ। ਇਕੱਲੇ ਜਾਂ ਮਹਿਰਮਾਂ ਨਾਲ ਮੈਨੂੰ ਆਪ ਦੇ ਦਰਸ਼ਨ ਕਦੀ ਨਸੀਬ ਨਾ ਹੋਏ। ਪਹਿਲੀ ਵਾਰੀ ਸਿਖ ਐਜੂਕੇਸ਼ਨਲ ਕਾਨਫਰੰਸ ਦੇ ਸਿਆਲਕੋਟ ਵਿਚ ਹੋਏ ਇਜਲਾਸ ਉਤੇ ਉਨ੍ਹਾਂ ਨੂੰ ਮੈਂ ਪਿੰਡਾਲ ਵਿਚ ਡਿਠਾ। ਮੈਂ ਉਦੋਂ ਛੇਵੀਂ ਵਿਚ ਪੜ੍ਹਦਾ ਸਾਂ। ਬਿਨ ਟਿਕਟੋਂ ਪਿੰਡਾਲ ਵਿਚ ਵੜਨ ਕਾਰਨ ਕੁਰਸੀਆਂ ਬੈਂਚਾਂ ਤੋਂ ਦੂਰ ਹੀ ਖਲੋਤਾ ਸਾਂ, ਕਿ ਇਕ ਛੋਟਾ ਜਿਹਾ, ਮੋਟਾ ਜਿਹਾ ਬੰਦਾ ਮੇਜ਼ ਉਤੇ ਖਲੋਤਾ ਲੈਕਚਰ ਦੇਂਦਾ



ਡਿਠਾ। ਉਹ ਭੁੜਕ ਰਿਹਾ ਸੀ ਤੇ ਬੁੜ੍ਹਕ ਰਿਹਾ ਸੀ ਕਿਸੇ ਜੋਸ਼ ਵਿਚ। ਉਸ ਦੇ ਅੰਦਰ ਕੋਈ ਜੁਆਨੀ ਦੀ ਸ਼ਰਾਬ ਸੀ ਤੇ ਅੱਖਾਂ ਵਿਚ ਸ਼ਰਾਬ ਦਾ ਨਸ਼ਾ। ਮੈਂ ਉਸ ਦਾ ਇਕ ਲਫਜ਼ ਭੀ ਨਾ ਸੁਣ ਸਕਿਆ, ਨਾ ਸਮਝ ਸਕਿਆ, ਪਰ ਅਜ ਵੀ ਮੈਂ ਉਸ ਨੂੰ ਉਸੇ ਮੇਜ਼ ਉਤੇ ਨਚਦਾ ਵੇਖ ਰਿਹਾ ਹਾਂ। ਉਹ ਕਸਬੀ ਲੈਕਚਰਾਰਾਂ ਵਾਂਗਰ ਲੈਕਚਰ ਦੇਂਦਾ ਨਹੀਂ ਸੀ ਦਿਸਿਆ। ਉਹ ਹੰਬਲੀਆਂ ਮਾਰਦਾ, ਨਚਦਾ, ਟੱਪਦਾ, ਇਕ ਬਿਹਬਲ ਬੰਦਾ ਦਿਸਦਾ ਸੀ। ਲੋਕਾਂ ਤੋਂ ਪੁਛਣ ਤੇ ਪਤਾ ਲਗਾ ਕਿ ਇਹ ਪ੍ਰੋਫੇਸਰ ਪੂਰਨ ਸਿੰਘ ਹੈ, ਜਿਸ ਨੇ ਹੁਣੇ ਹੀ ਅੰਮ੍ਰਿਤ ਛਕਿਆ ਜਾਂ ਛਕਣਾ ਹੈ।

ਦੂਜੀ ਵਾਰੀ ਆਪ ਦੇ ਦਰਸ਼ਨ ਮੈਨੂੰ ਤਰਨ ਤਾਰਨ ਉਸ ਕਾਨਫਰੰਸ ਉਤੇ ਹੋਏ, ਜਿਸ ਦੇ ਪਰਧਾਨ ਸਰਦਾਰ ਖੜਕ ਸਿੰਘ ਜੀ ਸਨ। ਮੈਂ ਪਿੰਡਾਲੋਂ ਬਾਹਰ ਗੁਆਚੇ ਹੋਏ ਡੰਗਰ ਵਾਂਗ ਫਿਰ ਰਿਹਾ ਸਾਂ ਕਿ ਅਗੋਂ ਆਉਂਦਾ ਇਕ ਸੋਹਣਾ ਬੰਦਾ ਮਿਲਿਆ। ਗੋਰਾ ਰੰਗ, ਹਰਨ ਅੱਖੀਆਂ, ਚੌੜਾ ਮੱਥਾ, ਸੋਹਣਾ, ਚਿਟਾ, ਸਡੌਲ, ਲੰਮਾ ਦਾਹੜਾ, ਵਡੇ ਸੋਹਣੇ ਸਿਰ ਉਤੇ ਇਕ ਨਿਕੀ ਜਿਹੀ ਪੱਗ ਤੇ ਖਿੜਿਆ ਮੁਸਕਰਾਂਦਾ ਚਿਹਰਾ। ਮੈਂ ਇਸ ਸੋਹਣੀ ਜਿਹੀ ਸੂਰਤ ਨੂੰ ਜਿੰਨਾ ਚਿਰ ਦਾਅ ਲੱਗਾ, ਵੇਖਿਆ। ਪੁਛਣ ਉੱਤੇ ਪਤਾ ਲਗਾ ਕਿ ਇਹ ਪ੍ਰੋਫੈਸਰ ਪੂਰਨ ਸਿੰਘ ਜੀ ਹਨ। ਹਰਾਨੀ ਹੋਈ। ਨਾਲੇ ਚਾਅ ਚੜ੍ਹਿਆ। ਹਰਾਨੀ ਇਸ ਕਰਕੇ ਕਿ

ਸਿਆਲਕੋਟ ਡਿਠਾ ਮੋਨਾ ਪੂਰਨ ਸਿੰਘ ਤੇ ਇਹ ਤਰਨ ਤਾਰਨ ਵਾਲਾ ਸਿਖ ਪੂਰਨ ਸਿੰਘ ਆਪੋ ਵਿਚ ਬਹੁਤ ਹੀ ਘਟ ਰਲਦੇ ਸਨ। ਚਾਅ ਇਸ ਕਰਕੇ ਕਿ ਸਿਖੀ ਸੂਰਤ ਨੇ ਲੱਖਾਂ ਮਣਾਂ ਹੁਸਨ ਪੂਰਨ ਸਿੰਘ ਤੇ ਚਾੜ੍ਹ ਦਿਤਾ।

ਤੀਜੀ ਵਾਰੀ ੧੯੨੫ ਵਿਚ ਆਪ ਦੇ ਆਖਰੀ ਦਰਸ਼ਨ ਮੈਂ ਡੇਹਰਾਦੂਨ ਕੀਤੇ। ਕਦੀ ਮਨ ਵਿਚੋਂ ਇਹ ਨਹੀਂ ਸੀ ਲੰਘਿਆ ਕਿ ਇਹ ਆਖਰੀ ਦਰਸ਼ਨ ਹੋਸਣ। ਚਿਟੇ ਬੁਢੇ ਪੂਰਨ ਸਿੰਘ ਵਿਚ ਜੁਆਨੀ ਏਨੀ ਲਟ ਲਟ ਭਖ ਰਹੀ ਸੀ ਕਿ ਉਸ ਨੂੰ ਵੇਖਦਿਆਂ ਮੌਤ ਵਲ ਕਦੀ ਖਿਆਲ ਹੀ ਨਹੀਂ ਸੀ ਜਾ ਸਕਦਾ। ਡੇਹਰਾਦੂਨ ਵਿਚ ਉਦੋਂ ਸਿੰਘ ਸਭਾ ਦੇ ਗੁਰਦੁਆਰੇ ਗੁਰੂ ਨਾਨਕ ਜਨਮ ਉਤਸ਼ਵ ਮਨਾਇਆ ਜਾ ਰਿਹਾ ਸੀ। ਮੈਂ ਦੀਵਾਨ ਵਿਚ ਬੈਠਾ ਸੀ, ਕਿ ਚੰਗੇ ਦਿਨ ਚੜ੍ਹੇ ਪ੍ਰੋ: ਪੂਰਨ ਸਿੰਘ ਜੀ ਆਪਣੀ ਨਿਰਾਲੀ ਸ਼ਾਨ ਵਿਚ ਆਏ ਤੇ ਬਹਿ ਗਏ। ਮੈਂ ਉਨ੍ਹਾਂ ਦੀ ਆਉਂਦ ਪਿਛੋਂ ਦੀਵਾਨ ਵਿਚ ਨਾ ਕੁਝ ਵੇਖਿਆ ਨਾ ਸੁਣਿਆ। ਮੇਰੀਆਂ ਅਖੀਆਂ ਤੇ ਮਨ ਪੂਰਨ ਸਿੰਘ ਦੇ ਚੇਹਰੇ ਤੇ ਇਕਾਗਰ ਹੋ ਗਏ ਸਨ। ਰੱਜ ਕੇ ਵੇਖਣ ਦਾ ਬੜਾ ਸੁਆਦ ਆਇਆ ਤੇ ਇਸ ਬੁਤਪ੍ਰਸਤੀ ਨੂੰ ਛਡ ਕੇ ਖੁਦਪ੍ਰਸਤੀ ਕਰਨ ਤੇ ਜੀਅ ਨਾ ਕੀਤਾ। ਖਬਰੇ ਇਸ ਲਈ ਕਿ ਖੁਦਾ ਬੁਤਾਂ ਵਿਚ ਰਿਹਾਇਸ਼ ਰਖਦਾ ਹੈ। ਖ਼ਲਾ ਉਸ ਨੂੰ ਭਾਂਵਦੀ ਨਹੀਂ। ਮੈਂ ਦੀਵਾਨ ਦੇ ਸਕੱਤਰ ਅੱਗੇ ਤਰਲੇ ਕਢੇ ਕਿ



ਕਿਵੇਂ ਪੂਰਨ ਸਿੰਘ ਦਾ ਕੋਈ ਛੋਟਾ ਮੋਟਾ ਲੈਕਚਰ ਹੋ ਜਾਏ। ਮੈਂ ਆਪਣੇ ਮਨ ਮੰਦਰ ਦੇ ਇਸ ਬੁਤ ਨੂੰ ਬੋਲ-ਦਿਆਂ ਸੁਣਨਾ ਚਾਹੁੰਦਾ ਸਾਂ। ਮੇਰੀ ਆਸ ਬਰ ਆਈ ਕਿ ਸ਼ਾਮ ਨੂੰ ਪੂਰਨ ਸਿੰਘ ਹੋਰੀਂ ਇਕ ਨਿੱਕਾ ਜਿਹਾ ਵਖਿਆਨ ਦੇਣਗੇ। ਚਿਤ ਏਨਾ ਕਾਹਲਾ ਤੇ ਬੇਤਾਬ ਸੀ ਕਿ ਸ਼ਾਮ ਬੜੀ ਚਿਰਾਕੀ ਪਈ। ਪੂਰਨ ਸਿੰਘ ਹੋਰੀਂ ਕੋਈ ਪੰਜ ਮਿੰਟ ਬੋਲੇ ਪਰ ਮਸਤਾਨੇ ਦੀ ਕੂਕ ਨੇ ਮਸਤ ਕਰ ਦਿਤਾ। ਮੈਨੂੰ ਅਜ ਤਕ ਉਨ੍ਹਾਂ ਦੇ ਇਸ ਵਖਿਆਨ ਦਾ ਸੁਆਦ ਆ ਰਿਹਾ ਹੈ।

ਅਗਲੀ ਸ਼ਾਮ ਨੂੰ ਸੰਤ ਤੇਜਾ ਸਿੰਘ ਜੀ ਦਾ ਪਬਲਿਕ ਲੈਕਚਰ ਇਕ ਹਾਲ ਵਿਚ ਹੋਇਆ। ਉਸ ਦੇ ਪਿੱਛੋਂ ਆਪ ਭੀ ਦਸ ਮਿੰਟ ਅੰਗ੍ਰੇਜ਼ੀ ਵਿਚ ਬੋਲੇ ਤੇ ਸੁਣਨ ਵਾਲਿਆਂ ਦੇ ਦਿਲਾਂ ਵਿਚ ਇਕ ਜੀਵਨ-ਕੰਬਣੀ ਛੇੜ ਕੇ ਬਹਿ ਗਏ। ਮੈਂ ਡੇਹਰਾਦੂਨ X-Rays ਸਿਖਣ ਵਾਸਤੇ ਗਿਆ ਸੀ, ਪਰ ਜੋ ਲਾਹਾ ਮੈਨੂੰ ਪੂਰਨ ਸਿੰਘ ਦੇ ਦਰਸ਼ਨ ਕਰਨ ਦਾ ਤੇ ਦੋ ਲੈਕਚਰ ਸੁਣਨ ਦਾ ਮਿਲਿਆ ਉਸ ਸਦਕਾ ਮੈਨੂੰ ਆਪਣੀ ਕਿਸਮਤ ਤੇ ਨਾਜ਼ ਹੈ।

ਅਖੀਰ ੧੯੩੧ ਵਿਚ ਕਾਲੇ ਪਾਣੀ ਉਨ੍ਹਾਂ ਦੀ ਮੌਤ ਦੀ ਅਣਹੋਈ ਖਬਰ ਪੜ੍ਹੀ। ਹਾਏ! ਪੂਰਨ ਸਿੰਘ ਜੇਹੇ ਭੀ ਮਰ ਜਾਂਦੇ ਨੇ, ਉਫ!

ਜਿੰਨਾ ਚਿਰ ਪੰਜਾਬੀ ਬੋਲੀ ਜੀਉਂਦੀ ਹੈ, ਪੁਸਤਕ

'ਖੁਲ੍ਹੇ ਮੈਦਾਨ' ਮਰ ਨਹੀਂ ਸਕਦੀ ਤੇ ਜਿੰਨਾ ਚਿਰ ਇਹ ਪੁਸਤਕ ਜੀਉਂਦੀ ਏ ਉੱਨਾ ਚਿਰ ਪੂਰਨ ਸਿੰਘ ਮਰ ਨਹੀਂ ਸਕਦਾ, ਕਿਉਂਕਿ ਉਸ ਦੀ ਰੂਹ ਇਸ ਕਿਤਾਬ ਵਿਚ ਜੀਉਂਦੀ ਹੈ।

ਮੈਨੂੰ ਕਦੀ ਪੂਰਨ ਸਿੰਘ ਨੂੰ ਜਿਸਮਾਨੀ ਤੌਰ ਤੇ ਵੇਖਣ ਦਾ ਮੌਕਾ ਨਾ ਮਿਲਿਆ। ਪਰ ਮੇਰਾ ਅਨੁਮਾਨ ਹੈ ਕਿ ਮਿਲਣ ਵਾਲਿਆਂ ਨੂੰ ਉਹ ਮਸਤਾਨਾ ਵੀਰ ਨੰਗੇ ਪਿੰਡੇ, ਨੰਗੇ ਦਿਲ ਜੱਫੀਆਂ ਪਾ ਕੇ ਮਿਲਦਾ ਹੋਸੀ। ਕਿਹਾ ਚੰਗਾ ਹੋਵੇ, ਕਿ ਉਨ੍ਹਾਂ ਦੇ ਮੇਲੀ ਗੇਲੀ ਸਾਨੂੰ ਉਨ੍ਹਾਂ ਦੇ ਸ਼ੁਗਲ, ਖੇਡਾਂ, ਸੁਆਦ, ਜ਼ੋਰੀਆਂ ਤੇ ਕਮਜ਼ੋਰੀਆਂ ਬਾਬਤ ਨਿਕੀਆਂ ਨਿਕੀਆਂ ਅਣਲਿਖੀਆਂ, ਅਣਛਪੀਆਂ ਗੱਲਾਂ ਦੱਸਣ, ਕਿਉਂਕਿ ਇਹ ਨਿਕੀਆਂ ਨਿਕੀਆਂ ਗੱਲਾਂ ਜ਼ਿੰਦਗੀ ਦੇ ਮੇਵੇ ਤੇ ਦਿਲਚਸਪੀਆਂ ਹਨ।

ਕੌਣ ਨੱਚੇਗਾ, ਖੁਲ੍ਹੇ ਮੈਦਾਨ,
ਘੁੰਡ ਲਾਹ ਕੇ, ਹੁਣ ਪੂਰਨਾ?
ਮਸਤ ਅਲਮਸਤ ਕਹੇਗਾ ਕੌਣ,
ਜੱਲ੍ਹੀਆਂ ਪਾ ਕੇ ਹੁਣ ਪੂਰਨਾ?



# ਪ੍ਰੋ: ਪੂਰਨ ਸਿੰਘ ਜੀ

(ਵਲੋਂ- ਸ੍ਰੀ ਮਾਨ ਮਿਸਟਰ ਬੀ. ਸੀ. 'ਬੇਕਲ' ਜੀ)

ਜਿਥੋਂ ਮੱਧਰਾਂ ਡੁਬਦੀਆਂ ਵੇਖੀਆਂ ਸਨ,
ਸੁੰਞਾ ਕਦੇ ਦਾ ਉਹ ਬਨੇਰਾ ਹੋਇਆ।
ਕਿਹਾ ਜਦੋਂ 'ਅਜ਼ਾਬਾਂ ਤੋਂ ਜਿੰਦ ਛੁਟੀ',
ਉਚਾ ਦਿਲ ਤਦ ਹੋਰ ਉਚੇਰਾ ਹੋਇਆ।
ਡੁਬੋਂ ਕਿਹਾ, ਪੰਜਾਬ ਦੇ ਚੰਨ ਮਾਹੀਆ,
ਚੌਹੀਂ ਪਾਸੀਂ ਹਨੇਰੋ ਹਨੇਰਾ ਹੋਇਆ।
ਲੌਢੇ ਵੇਲੇ ਇਕ ਪਈ ਸੀ ਰਾਤ ਐਸੀ,
ਅਜੇ ਤੀਕ ਨਹੀਂ ਜੀਹਦਾ ਸਵੇਰਾ ਹੋਇਆ।
ਰਹਿ ਗਏ ਕਣੀਆਂ ਦੀ ਪਕੜਦੇ ਅਸੀਂ ਕੰਨੀ,
ਉਠ ਤੁਰਿਓਂ ਤੂੰ ਅਬਰੇ-ਬਹਾਰ ਕਿਧਰੇ।
ਸਸੀ ਵਾਂਗ ਪੰਜਾਬੀ ਨੂੰ ਛੱਡ ਸੁੱਤੀ,
ਮੋੜੀਂ ਪੁੰਨਣਾ ਵੇ ਤੂੰ ਮੁਹਾਰ ਕਿਧਰੇ।
ਉੱਦਮ ਤੈਂਡੜੇ ਥੀਂ, 'ਖੁਲ੍ਹੇ ਲੇਖ' ਸਾਡੇ,
ਕਿਹੜੇ ਨਹੀਂ ਤੂੰ ਹੈਨ ਅਹਿਸਾਨ ਕੀਤੇ।
ਬੰਧਨ ਤੋੜ ਕੇ 'ਖੁਲ੍ਹੇ ਮੈਦਾਨ' ਅੰਦਰ,
ਸਾਡੇ ਵਾਸਤੇ 'ਖੁਲ੍ਹੇ ਮੈਦਾਨ' ਕੀਤੇ।

ਢਹਿੰਦੀ ਕਲਾ ਸਾਹਿੱਤ ਦੀ ਹੋ ਰਹੀ ਸੀ,
ਤੇਰੀ ਹੋਂਦ ਨੇ ਉਚੇ ਨਿਸ਼ਾਨ ਕੀਤੇ।
'ਖੁਲ੍ਹੇ ਘੁੰਡ' ਜਦ ਤੇਰੀ ਫਿਲਾਸਫੀ ਦੇ,
ਸਿਜਦੇ ਆਪ ਤੈਨੂੰ ਆਸਮਾਨ ਕੀਤੇ।
ਐਸਾ ਪਿਆ ਘਾਟਾ, ਘਾਟੇ ਪੈਣ ਦਿਲ ਨੂੰ,
ਰਤੇ ਰੋਂਦਿਆਂ ਦੇ ਹੋ ਗਏ ਵੇਸ ਸਾਡੇ।
'ਖੁਲ੍ਹੇ ਕੇਸ' ਜਿਹੜੇ ਲਿਖਣੋਂ ਰਹਿ ਗਏ ਸਨ,
ਚਾਲੇ ਪਾਉਣ ਉਤੇ ਖੁਲ੍ਹੇ ਕੇਸ ਸਾਡੇ।
ਕਰਦਾ ਗਿਉਂ ਹਰਿਔਲ ਹੀ ਓਸ ਪਾਸੇ,
ਨਦੀ ਵਾਂਗ ਜਿਧਰ ਜਿੱਧਰ ਵਹਿ ਗਿਉਂ ਤੂੰ।
ਉਚੇ ਲੱਖਾਂ ਅਣਛੋਹੇ ਖਿਆਲ ਉਠੇ,
ਇਕ ਵਾਰ ਜਿਥੇ ਜਾ ਕੇ ਬਹਿ ਗਿਉਂ ਤੂੰ।
ਟੋਈ ਪਹੁੰਚ ਨਾ ਉਥੋਂ ਤਕ ਟੋਭਿਆਂ ਦੀ,
ਜਿਨ੍ਹਾਂ ਡੂੰਘਾਂ ਡੂੰਘਾਈਆਂ ਵਿਚ ਲਹਿ ਗਿਉਂ ਤੂੰ।
ਐਸਾ ਤੇਰੇ ਖਿਆਲਾਂ ਨੇ ਉਤਾਂਹ ਖੜਿਆ,
ਉਚਾ ਗਿਉਂ ਉਚਾਈਆਂ ਵਿਚ ਰਹਿ ਗਿਉਂ ਤੂੰ।
ਆਪਣੇ ਆਪ ਵਿਚ ਸੈਂ 'ਪੂਰਨ' ਆਪ ਪੂਰਨ,
ਜਦੋਂ ਬੋਲਦਾ ਰਤਨ ਉਛਾਲਦਾ ਸੈਂ।
'ਬੇਕਲ' ਮੁਕਦੀ ਗਲ, 'ਫਿਲਾਸਫਰ' ਤੇ,
ਲੈਕਚਰਾਰ, 'ਲਿਖਾਰੀ' ਕਮਾਲ ਦਾ ਸੈਂ।



# ਪ੍ਰੋ: ਪੂਰਨ ਸਿੰਘ ਜੀ

## ਜਨਮ ੧੮੮੧, ਅਕਾਲ ਚਲਾਣਾ ੧੯੩੧

ਪ੍ਰੋ: ਪੂਰਨ ਸਿੰਘ ਜੀ ਨੇ ੩੧ ਮਾਰਚ ੧੯੩੧ ਨੂੰ ਇਸ ਅਸਾਰ ਸੰਸਾਰ ਤੋਂ ਚਲਾਣਾ ਕੀਤਾ ਸੀ। ਉਸ ਵੇਲੇ ਸਾਰੇ ਹਿੰਦ ਵਿਚ ਆਪ ਦੀ ਇਸ ਅਚਾਨਕ ਮੌਤ ਨੇ ਇਕ ਸੁਨਸੁਨੀ ਪੈਦਾ ਕਰ ਦਿਤੀ ਸੀ। ਹੇਠਾਂ ਅਸੀਂ ਕੁਝ ਕੁ ਉਘੀਆਂ ਹਸਤੀਆਂ ਦੇ ਉਸ ਸਮੇਂ ਤੇ ਛਪੇ ਦਿਲੀ-ਰੰਜ ਭਰੇ ਵਲਵਲਿਆਂ ਦੀ ਇਕ ਝਾਕੀ ਵਿਖਾਉਂਦੇ ਹਾਂ। ਇਹ ਸਤਰਾਂ ਖਾਲਸਾ ਟ੍ਰੈਕਟ ਸੁਸਾਇਟੀ ਵਲੋਂ ਛਪੇ ਟ੍ਰੈਕਟ ਵਿਚੋਂ ਤੇ ਲਿਖਾਰੀ ਦੀ ਪੁਰਾਣੀ ਫਾਈਲ ਵਿਚੋਂ ਹਨ:-

### ਔਨਰੇਬਲ ਸਰ ਜੋਗਿੰਦਰ ਸਿੰਘ ਜੀ-

*I think I am not far wrong in saying that no Punjabi has written in English and vernacular more books than he. He was rich and deep in style and caught glimpses of radiant realms that swept him off his feet. His thought came robed in passions and every word with him was faith and every lecture was a*

*torrent of feelings which rushed for expression*

* * *

*The great unchanging Puran-Khuda Dad-friendship may serve as a beacon light for communal under-tanding and its spiritual riches may invade the country and fill it with welth which remains with us for all times as the heritage of the souls.*

* * *

*He has gone home and rejoices in the freedom which this earth denied him.*

## ਭਾ: ਸਾ: ਭਾਈ ਵੀਰ ਸਿੰਘ ਜੀ

ਤੇਰੇ ਸੁਰਤ ਉਛਾਲੇ ਤੈਨੂੰ,
ਖਿਦੂ ਜਿਉਂ ਬੁੜ੍ਹਕਾਵਨ।

ਫਰਸ਼ੋਂਚੁਕ ਅਰਸ਼ ਵਲ ਤੇਰੇ,
ਹੰਭਲੇ ਪਏ ਮਰਵਾਵਨ।

ਕਿਸੇ ਉਛਾਲੇ ਸਮੇਂ ਅਰਸ਼ ਦੇ,
ਆ ਗਈ ਹੱਥ ਕਲਾਈ।

ਖਿਚ ਉਤਾਂਹ ਲਿਆ ਤੁਧੇ ਨੂੰ
ਬਾਗ ਆਪਣੇ ਲਾਵਨ।



## ਖਾਲਸਾ ਸਮਾਚਾਰ–

ਪ੍ਰੋਫ਼ੈਸਰ ਪੂਰਨ ਸਿੰਘ ਜੀ ਬਾਬਤ ਲਿਖਣ ਲਗਿਆਂ ਸਾਨੂੰ ਪਹਿਲੀ ਗਲ ਜੋ ਕਹਿਣੀ ਬਣਦੀ ਹੈ ਉਹ ਇਹ ਹੈ ਕਿ ਆਪ ਇਕ ਜੀਨਸ ਸਨ। ਇਨ੍ਹਾਂ ਵਿਚ ਬੋਲਣ ਲਗਿਆਂ ਯਾ ਲਿਖਣ ਲਗਿਆਂ ਐਸਾ 'ਉਛਾਲ' ਆਉਂਦਾ ਸੀ ਕਿ ਉਸ ਵੇਲੇ ਉਹ, ਉਹ ਕੁਛ ਬੋਲ ਤੇ ਲਿਖ ਲੈਂਦੇ ਸਨ ਜਿਸ ਦਾ ਪ੍ਰਭਾਵ ਦੂਸਰੇ ਮਨਾਂ ਤੇ ਪੈ ਕੇ ਸਤਕਾਰ ਲੈਂਦਾ ਸੀ। ਇਸ ਇਕ ਗਲ ਨੂੰ ਉਨ੍ਹਾਂ ਵਿਚ ਤਕ ਲੈਣਾ ਉਨ੍ਹਾਂ ਦਾ ਜੀਵਨ ਸਮਝ ਲੈਣਾ ਹੈ। ਇਸ ਤੋਂ ਦੁਨੀਆਂ ਨੂੰ ਲਾਭ ਹੋਇਆ।

## ਬਾਵਾ ਬੁਧ ਸਿੰਘ ਜੀ–

ਪ੍ਰੋ: ਪੂਰਨ ਸਿੰਘ ਸਚਮੁਚ ਪੂਰਨ ਸੰਤ ਸਨ। ਉਨ੍ਹਾਂ ਦੀ ਆਤਮਾ ਵਿਚ ਇਕ ਤੌਖਲਾ, ਇਕ ਭੜਕਨਾ, ਇਕ ਬਿਰਹਾਂ ਦੀ ਸਾਂਗ ਸੀ, ਜਿਹੜੀ ਇਕ ਛਿਨ ਪਲ ਲਈ ਵੀ ਉਸ ਸੋਹਣੇ ਪ੍ਰੀਤਮ ਦੇ ਮੇਲ ਬਿਨਾ ਰਹਿਣ ਨਹੀਂ ਸੀ ਦਿੰਦੀ। ਕਦੀ ਰੁੰਡਮੁੰਡ ਸੰਨਿਆਸੀ ਸਨ ਤੇ ਕਦੀ ਲੰਮੇ ਦਾਹੜੇ ਵਾਲੇ ਸਜੀਲੇ ਖਾਲਸਾ। ਜੇ ਰੁੰਡਮੁੰਡ ਰਹਿੰਦੇ, ਸੁਆਮੀ ਰਾਮ ਤੀਰਥ ਵਾਂਗੂ ਚਮਕ ਉਠਦੇ। ਲੂੰ ਲੂੰ ਵਿੱਚੋਂ ਬ੍ਰਹਮੱਸਮੀਂ ਦੀ ਗੂੰਜ ਨਿਕਲਦੀ, ਅਨਲਹਕ ਦਾ ਨਾਹਰਾ ਸੂਲੀ ਤੇ ਗਜਦਾ। ਗਲ ਕੀ ਇਕ ਅਨੋਖੀ ਹਸਤੀ ਸੀ,

ਜਿਹੜੀ ਦੂਰੋਂ ਕੈਲਾਸ਼ ਵਾਂਙੂ ਚਮਕਦੀ, ਤੇ ਸੀ ਬਰਫ, ਬਰਫਾਨੀ ਤੋਦਾ, ਪਰ ਗੁਰ ਸਿਖੀ ਦੀ ਤਪਸ਼ ਨੇ ਛੁਹ ਕੇ ਤਪਸ਼ ਪੈਦਾ ਕਰ ਦਿਤੀ। ਬਰਫ ਨੂੰ ਅਗ ਲਾ ਦਿਤੀ। ਪਿਆਰੇ ਦਾ ਇਸ਼ਕ ਤੇ ਇਸ਼ਕੋਂ ਬਿਰਹੋਂ ਦੀ ਅਗ ਭੜਕ ਉਠੀ, ਕੈਲਾਸ਼ ਬਲ ਉਠਿਆ। ਨੂਰ ਵਿਚ ਢਕਿਆ ਗਿਆ ਤੇ ਸਮੇਰੂ ਕਹਾਇਆ। ਇਹੀ ਸਾਡਾ ਪੂਰਨ ਸਿੰਘ ਸੀ।

## ਗਿ: ਹੀਰਾ ਸਿੰਘ ਜੀ 'ਦਰਦ'—

ਆਪ ਚੋਟੀ ਦੇ ਵਿਦਵਾਨ, ਅੰਗ੍ਰੇਜ਼ੀ ਤੇ ਪੰਜਾਬੀ ਦੇ ਜ਼ਬਰਦਸਤ ਲਿਖਾਰੀ ਤੇ ਜਾਦੂ ਬਿਆਨ ਸਪੀਕਰ ਸਨ। ਆਪ ਨੇ ਪੰਜਾਬੀ ਵਿਚ ਨਵੇਂ ਢੰਗ ਦੀ ਖੁਲ੍ਹੀ ਕਵਿਤਾ ਲਿਖਣ ਦਾ ਮੁਢ ਬਧਾ। ਖੁਲ੍ਹੇ ਮੈਦਾਨ, ਖੁਲ੍ਹੇ ਘੁੰਡ, ਖੁਲ੍ਹੇ ਲੇਖ, ਆਪ ਦੀਆਂ ਪੰਜਾਬੀ ਪੁਸਤਕਾਂ ਆਪਣਾ ਨਮੂਨਾ ਆਪ ਹਨ। ਆਪ ਦੇ ਅਕਾਲ ਚਲਾਣੇ ਨਾਲ ਇਕ ਉਚ ਕੋਟੀ ਦਾ ਕਵੀ, ਮਹਾਨ ਲਿਖਾਰੀ, ਅਲਬੇਲਾ ਤੇ ਧੜੱਲੇਦਾਰ ਸਪੀਕਰ ਅਤੇ ਗੁਰ ਸਿਖੀ ਦਾ ਸਚਾ ਪ੍ਰੇਮੀ ਖੋਹਿਆ ਗਿਆ ਹੈ।

## ਅਖਬਾਰ ਅਕਾਲੀ ਤੇ ਪਰਦੇਸੀ—

ਕੁਦਰਤੀ ਨਜ਼ਾਰਿਆਂ ਦਾ ਨਕਸ਼ਾ ਕਵਿਤਾ ਵਿਚ ਖਿਚਣਾ ਆਪ ਦਾ ਇਕ ਕਮਾਲ ਹੁਨਰ ਸੀ। ਆਪ ਅੰਗ੍ਰੇਜ਼ੀ ਤੇ ਪੰਜਾਬੀ ਦੇ ਉਚ ਕਵੀ ਅਤੇ ਫਾਰਸੀ ਤੇ ਸੰਸਕ੍ਰਿਤ ਤੋਂ ਚੰਗੇ ਜਾਣੂੰ, ਗੁਰਬਾਣੀ ਤੇ ਗੁਰਚਰਨਾਂ ਦੇ ਭੌਰੇ ਸਨ।



## ਪ੍ਰੋਫੈਸਰ ਤੇਜਾ ਸਿੰਘ ਜੀ—

ਪ੍ਰੋਫੈਸਰ ਪੂਰਨ ਸਿੰਘ ਜੀ ਨੇ ਇਕ ਦੋ ਕਤਾਬਾਂ ਪੰਜਾਬੀ ਕਵਿਤਾ ਵਿਚ ਦਿਤੀਆਂ ਹਨ। ਉਹ ਵਾਰਤਕ ਕਵਿਤਾ ਵਿਚ ਲਿਖੀਆਂ ਹੋਈਆਂ ਹਨ। ਇਸ ਕਵਿਤਾ ਵਿਚ ਰੌ ਨੂੰ ਸਾਂਭਣਾ ਬੜਾ ਔਖਾ ਹੁੰਦਾ ਹੈ। ਉਨ੍ਹਾਂ ਦੇ ਲਫਜ਼ਾਂ ਦੀ ਚੋਣ ਤੇ ਵਿਉਂਤ ਕਵੀ ਦੇ ਅਸਲੀ ਭਾਵ ਨੂੰ ਸਾਡੇ ਸਾਹਮਣੇ ਲਿਆਉਂਦੀ ਹੈ। ਜਿਸ ਤਰ੍ਹਾਂ ਦਾ ਖਿਆਲ ਦਾ ਵਹਿਣ ਹੁੰਦਾ ਹੈ ਬੋਲੀ ਵੀ ਉਸੇ ਤਰ੍ਹਾਂ ਚਲਦੀ ਹੈ। ਇਸ ਚਾਲ ਨੂੰ ਨਿਭਾਉਣਾ ਤੁਕਾਂਤ ਮਿਲਾਉਣ ਨਾਲੋਂ ਔਖਾ ਹੈ।

* * *

ਪ੍ਰੋਫੈਸਰ ਜੀ ਦੀਆਂ ਕਈ ਕਵਿਤਾਵਾਂ ਦਾ ਦੇਸ਼-ਪਿਆਰ ਕਿਸੇ ਨਾਲ ਘਿਰਣਾ ਨਹੀਂ ਸਿਖਾਉਂਦਾ। ਸਗੋਂ ਦੇਸ ਦੀ ਮਿਟੀ, ਦੇਸ ਦੇ ਦਰਿਆਵਾਂ, ਪਹਾੜਾਂ, ਮਨੁਖਾਂ ਤੇ ਨਜ਼ਾਰਿਆਂ ਨਾਲ ਸਾਡਾ ਮਨ ਜੋੜਦਾ ਹੈ। ਇਹ ਖੂਬੀ ਅਜੇ ਤਕ ਕਿਸੇ ਹੋਰ ਕਵੀ ਵਿਚ ਨਹੀਂ ਲਭਦੀ।

* * *

ਖੁਲ੍ਹੇ ਮਦਾਨ ਦੇ ਕਈ ਟੋਟਕੇ ਬਹੁਤ ਉੱਚੀ ਕਵਿਤਾ ਦੇ ਹਨ। ਪ੍ਰੋਫੈਸਰ ਜੀ ਦੀ ਕਵਿਤਾ ਸਾਡੇ ਦਿਲ ਵਿਚ ਪੰਜਾਬ ਤੇ ਪੰਜਾਬੀ ਵਾਸਤੇ ਪਿਆਰ ਉਪਜਾਉਂਦੀ ਹੈ ਤੇ ਸਾਰਾ ਸੰਸਾਰ ਆਪਣਾ ਭਾਸਣ ਲਗ ਜਾਂਦਾ ਹੈ।

## ਅਖਬਾਰ ਅਸਲੀ ਕੌਮੀ ਦਰਦ–

ਆਪ ਦੇ ਲੇਖਾਂ ਅਰ ਲੈਕਚਰਾਂ ਵਿਚ ਜਜ਼ਬਾਤ ਤੇ ਰਸ ਹੁੰਦਾ ਸੀ। ਆਪ ਧਾਰਮਕ ਜਜ਼ਬਾਤ ਦੀਆਂ ਉਚ ਉਡਾਰੀਆਂ ਦੇ ਖਿਆਲਾਂ ਵਿਚ ਬੋਲਣ ਤੇ ਲਿਖਣ ਵਾਲੇ ਸਨ। ਆਪ ਨੇ ਪੰਜਾਬੀ ਵਿਚ ਨਵੇਂ ਢੰਗ ਦੀ ਲੇਖ ਰਚਨਾਂ ਦੀ ਕਾਢ ਕਢੀ। ਆਪ ਦੇ ਲੇਖਾਂ ਅਰ ਲੈਕਚਰਾਂ ਤੋਂ ਪਤਾ ਲਗਦਾ ਸੀ ਕਿ ਆਪ ਦੇ ਅੰਦਰ ਪ੍ਰੇਮ ਦੀ ਕਣੀ ਹੈ ਤੇ 'ਪਰਿਆ ਨੀਸ਼ਾਨੇ ਘਾਉ' ਵਾਲੀ ਪ੍ਰੇਮ ਚੋਟ ਆਪ ਨੂੰ ਲੱਗ ਚੁਕੀ ਹੈ।

## ਡਾਕਟਰ ਦੀਵਾਨ ਸਿੰਘ ਜੀ–

ਤੂੰ ਕੀ ਸੈਂ ?

ਤੂੰ ਇਕ ਚੁੰਬਕ ਸੈਂ–ਖਿਚ ਲੈਣ ਵਾਲਾ ਬੰਨ੍ਹ ਕੇ ਬਹਾਲ ਛਡਣ ਵਾਲਾ, ਆਪਣੇ ਹਲਕੇ ਦਾ ਬੇ ਉਜ਼ਰ ਗੋੱਲਾ ਬਣਾ ਲੈਣ ਵਾਲਾ,–ਪਰ ਤੇਰੀ ਗੁਲਾਮੀ ਵਿਚ ਇਕ ਸੁਆਦ ਸੀ, ਇਕ ਬੇਖੁਦੀ ਸੀ ਐਸੀ, ਕਿ ਅਜ਼ਾਦੀ ਉਸ ਤੋਂ ਆਪਣਾ ਆਪ, ਆਪਣੇ ਆਪ ਸਦਕੇ ਕਰਦੀ ਸੀ ਹਜ਼ਾਰ ਵਾਰ। ਤੂੰ ਇਕ ਚਸ਼ਮਾਂ ਸੈਂ ਉਮ੍ਹਲਦਾ, ਡੁਲ੍ਹਦਾ, ਸੈਰਾਬ ਕਰਦਾ, ਠੰਢ ਪਾਂਦਾ, ਪਿਆਸ ਬੁਝਾਂਦਾ।

* * *

ਆਹ ਤੂੰ ਕਦੇ ਨਹੀਂ ਜਾਣੇਂਗਾ ਕਿ ਕਿੰਨੇ ਸਨ ਤੇਰੇ ਦੂਰ ਦੇ ਆਸ਼ਕ. ਪਰ ਇਹ ਸਚ ਹੈ ਕਿ ਉਨ੍ਹਾਂ ਦੀ



ਗਿਣਤੀ ਤੇਰੇ ਜਾਣੂੰ ਆਸ਼ਕਾਂ ਤੋਂ ਹਜ਼ਾਰ ਗੁਣਾਂ ਵਧ ਸੀ।

## ਸ: ਸ਼ੇਰ ਸਿੰਘ ਜੀ ਕਸ਼ਮੀਰ–

*Ah, dear brother Punjab needs thou ever so much, but perhaps, thou art rvguired else-where*

## ਪ੍ਰੋ: ਪੀਤਮ ਸਿੰਘ ਜੀ–

ਪ੍ਰੋ: ਪੂਰਨ ਸਿੰਘ ਜੀ ਵਾਰਤਕ ਕਵੀ ਦੇ ਤੌਰ ਤੇ ਬਹੁਤ ਉਘੇ ਹਨ ਤੇ ਇਨ੍ਹਾਂ ਦੀ ਲਿਖਤ ਦੇ ਢੰਗ ਉਤੇ ਵ੍ਹਿਟਮੈਨ, ਐਮਰਸਨ, ਰਸਕਿਨ, ਟਾਲਸਟਾਇ, ਕਾਰਲਾਈਲ ਤੇ ਟੈਨੀਸਨ ਦਾ ਬਹੁਤ ਅਸਰ ਹੈ। ਉਹ ਬਹੁਤ ਕਤਾਬਾਂ ਪੜ੍ਹਦੇ ਸਨ। ਉਨ੍ਹਾਂ ਦੀ ਲਿਖਤ ਗੰਭੀਰਤਾ, ਨਿਰੋਲਤਾ, ਤੇ ਮਿਥਣ ਸ਼ਕਤੀ ਲਈ ਉਘੀ ਹੈ। ਉਨ੍ਹਾਂ ਦੀ ਰਵਾਨ ਕਲਮ ਵਿਚੋਂ ਲਫਜ਼ ਇਉਂ ਚਲਦੇ ਹਨ ਜਿਵੇਂ ਨਦੀ ਵਿਚ ਪਾਣੀ। ਅਜਿਹੀਆਂ ਉਚ ਹਸਤੀਆਂ ਕਦੇ ਨਹੀਂ ਮਰਦੀਆਂ। ਉਨ੍ਹਾਂ ਦੀ ਲਿਖਤ ਉਨ੍ਹਾਂ ਨੂੰ ਸਦਾ ਜੀਉਂਦੇ ਰਖਦੀ ਹੈ। ਇਹੀ ਖਿਆਲ ਹੁਣ ਸਾਡਾ ਸਹਾਰਾ ਹੈ।

# ਤੇਰਾ ਦਿਤਾ ---- ਤੇਰੀ ਭੇਟ

(ਵਲੋਂ—ਸ੍ਰੀ ਮਾਨ ਗਿਆਨੀ ਕੇਸਰ ਸਿੰਘ ਜੀ)

ਮੇਰੇ ਪੂਰਨ ਨੂੰ ਸਭ ਪਿਆਰਦੇ, ਸਤਕਾਰਦੇ, ਵਾਰਨੇ ਜਾਂਦੇ,
ਸਾਰੀਆਂ ਵਲੈਤਾਂ ਦੇ ਬੱਚੇ ਬੁਢੇ ਜਵਾਨ ਤੇ ਤੀਵੀਆਂ
ਆਖਣ, 'ਦਿਲਾਂ ਦੀਆਂ ਬੁਝਦਾ, ਪਿਆਰ ਦਾ ਸੋਮਾਂ
ਪਿੰਡਾਂ ਦਾ ਆਸ਼ਕ, ਖੁਲ੍ਹਾਂ ਦਾ ਮਾਲਕ
ਸਦੀਵ ਲਹਿਰਾਂ ਉਠਦੀਆਂ ਦਿਲ ਉਸ ਦੇ।
ਉਠਦਾ, ਬਹਿੰਦਾ ਗਾਉਂਦਾ
ਸੁਤਾ, ਦੇਸ਼ ਪਿਆਰ ਵਿੱਚ ਕੂਕਦਾ
ਹੀਰ ਰਾਂਝੇ ਨੂੰ ਵਾਜਾਂ ਮਾਰਦਾ,
ਓਹ ਮਸਤ ਹੋਇਆ ਕੂਕਦਾ ਬਾਹਾਂ ਉਲਾਰਦਾ,
ਪੈਰ ਚੁਕਦਾ ਤੇ ਜੋਸ਼ ਨਾਲ ਜਿਮੀਂ ਤੇ ਮਾਰ ਮਾਰ ਆਖਦਾ—
'ਡਿਠੀਆਂ ਵਲੈਤਾਂ ਸਭ, ਵਲੈਤਾਂ ਦੇ ਹੋਟਲ, ਠੰਢੀਆਂ
ਸੜਕਾਂ, ਬਾਗ ਬਗੀਚੇ, ਵਡੀਆਂ ਅਟਾਰੀਆਂ ਤੇ
ਸੋਹਣੀਆਂ ਨਾਰੀਆਂ, ਪਰ ਨਾ ਡਿਠੀ ਜਵਾਨੀ ਮਸਤਾਨੀ,
ਗੜੂੰਦ ਹੋਈ ਪਿਆਰ ਵਿਚ, ਵਾਂਗ ਵਟੀ ਦੀਵੇ ਦੀ
ਜਗਦੀ, ਲਾਟ ਲਟ ਲਟ ਕਰਦੀ।'



# ਅਨੋਖਾ ਜੀਵਨ

ਲੇਖਕ—ਸ. ਸ. 'ਅਮੋਲ'

੧੫ ਮਾਰਚ ਨੂੰ ੧੦ ਵਜੇ ਦਿਨੇ ਮੈਂ ਲੁਧਿਆਣੇ ਪ੍ਰੋ: ਪੂਰਨ ਸਿੰਘ ਜੀ ਦੇ ਵਡੇ ਸਾਹਿਬਜ਼ਾਦੇ ਸਰਦਾਰ ਮਦਨ ਮੋਹਨ ਸਿੰਘ ਜੀ ਸਬ ਜਜ ਲੁਧਿਆਣਾ ਦੇ ਪਾਸ ਪੁਜਾ। ਆਪ ਕੁਝ ਦਿਨਾਂ ਤੋਂ ਹੀ ਇਥੇ ਲਗੇ ਸਨ ਤੇ ਹਾਲੇ ਸਰਦਾਰ ਸਾਹਿਬ ਡਾਕਟਰ ਹੀਰਾ ਸਿੰਘ ਜੀ ਸਿਵਿਲ ਸਰਜਨ ਦੀ ਕੋਠੀ ਠਹਿਰੇ ਹੋਏ ਸਨ। ਮੈਨੂੰ ਮਦਨ ਮੋਹਨ ਸਿੰਘ ਜੀ ਦੇ ਦਰਸ਼ਨਾਂ ਦਾ ਸੁਭਾਗ ਅਗੇ ਕਦੇ ਨਹੀਂ ਸੀ ਪ੍ਰਾਪਤ ਹੋਇਆ ਪਰ ਉਨ੍ਹਾਂ ਦੇ ਸਾਹਮਣੇ ਹੁੰਦਿਆਂ ਹੀ ਉਨ੍ਹਾਂ ਦੇ ਚਿਹਰੇ ਵਿਚੋਂ ਝਲਕ ਰਹੀ ਪ੍ਰੋ: ਪੂਰਨ ਸਿੰਘ ਜੀ ਦੀ ਜੋਤ, ਉਹੀ ਪ੍ਰੇਮ-ਭਰੀ ਮਿਠੀ ਮੁਸਕਰਾਹਟ ਅਤੇ ਉਹੀ ਮਸਤਾਨੀਆਂ ਅਖਾਂ ਤੇ ਉਹੀ ਸਾਫ ਚੌੜਾ ਮਥਾ ਉਨ੍ਹਾਂ ਦੀ ਸਿਞਾਣ ਲਈ ਕਾਫੀ ਸਬੂਤ ਸਨ। ਵਧੇਰੇ ਜਾਣ-ਪਛਾਣ ਦੀ ਲੋੜ ਨਾ ਰਹੀ। ਮੈਂ ਇਨ੍ਹਾਂ ਪਾਸ ਪ੍ਰੋਫੈਸਰ ਜੀ ਦੇ ਜੀਵਣ ਬਾਬਤ ਕੁਝ ਗਲਾਂ ਪੁਛਣ ਲਈ ਪੁਜਾ ਸਾਂ। ਮੈਨੂੰ ਅਜ ਇਕ ਵਾਰੀ ਫੇਰ ਉਸੇ ਨੂਰਾਨੀ ਚਿਹਰੇ ਦੇ ਦਰਸ਼ਨ ਕਿਸੇ ਹੋਰ ਪਰਦੇ ਦੇ ਉਹਲਿਓਂ ਹੋ ਗਏ। ਡਾ: ਹੀਰਾ ਸਿੰਘ ਜੀ

ਦੇ ਧੀਮੇ ਸੁਭਾ ਤੇ ਟਿਕੇ ਦਲਨ ਨੇ ਉਨ੍ਹਾਂ ਦੀ ਕੋਠੀ ਉਤੇ ਕਾਫੀ ਅਸਰ ਕੀਤਾ ਹੋਇਆ ਸੀ।

ਕੁਝ ਮਿੰਟਾਂ ਵਿਚ ਹੀ ਅਸੀਂ ਤਿੰਨੇ ਇਉਂ ਇਕ ਮਿਕ ਹੋ ਗਏ ਜਿਵੇਂ ਪ੍ਰੋ: ਪੂਰਨ ਸਿੰਘ ਜੀ ਦੇ ਕੋਲ ਜਾ ਕੇ ਹੋ ਜਾਈਦਾ ਸੀ। ਮੈਂ ਆਪਣੀਆਂ ਪੁਛਾਂ ਮਦਨ ਮੋਹਨ ਸਿੰਘ ਜੀ ਦੇ ਸਾਹਮਣੇ ਰਖੀਆਂ। ਆਪ ਕਿਸੇ ਅਨੋਖੇ ਪਿਆਰ ਵਿਚ ਤੇ ਕਿਸੇ ਪੁਰਾਣੀ ਯਾਦ ਵਿਚ ਰੰਗੇ ਗਏ। ਮੈਂ ਉਨ੍ਹਾਂ ਦੇ ਲੁਕਵੇਂ ਹਾਉਕੇ ਨੂੰ ਤਾੜ ਗਿਆ। ਆਪ ਦੀ ੨੦ ਕੁ ਸਕਿੰਟਾਂ ਦੀ ਚੁਪ ਨੇ ਮੈਨੂੰ ਬਹੁਤ ਕੁਝ ਸਮਝਾ ਦਿਤਾ।

ਡਾਕਟਰ ਹੀਰਾ ਸਿੰਘ ਜੀ ਇਸ ਸਮੇਂ ਸਾਨੂੰ ਉਥੇ ਬੈਠਿਆਂ ਛਡ ਕੇ ਨਾਲ ਦੇ ਕਮਰੇ ਚਲੇ ਗਏ। ਸਰਦਾਰ ਮਦਨ ਮੋਹਨ ਸਿੰਘ ਜੀ ਮੇਰੇ ਨਾਲ ਦੀ ਕੁਰਸੀ ਤੋਂ ਉਠ ਡਾਕਟਰ ਜੀ ਦੀ ਕੁਰਸੀ ਤੇ ਆ ਬੈਠੇ। ਇਉਂ ਅਸੀਂ ਭਾਵੇਂ ਸਰੀਰਕ ਤੌਰ ਤੇ ਇਕ ਦੂਜੇ ਤੋਂ ਰਤਾ ਪਰੇਡੇ ਹੋ ਗਏ, ਪਰ ਅਖੀਆਂ ਦਾ ਰਾਹ ਹੁਣ ਖੁਲ੍ਹ ਗਿਆ ਅਤੇ ਉਸ ਰਾਹੀਂ ਮੈਂ ਉਨ੍ਹਾਂ ਦੇ ਦਿਲ ਵਲ ਪਹੁੰਚਣ ਦਾ ਜਤਨ ਕਰਨ ਲਗਾ ਅਤੇ ਉਹ ਆਪਣੇ ਲਫਜ਼ਾਂ ਰਾਹੀਂ ਮੇਰੇ ਨੇੜੇ ਹੋਣ ਲਗੇ। ਸਰਦਾਰ ਮਦਨ ਮੋਹਨ ਸਿੰਘ ਜੀ ਬੋੱਲੇ:—

ਪਿਤਾ ਜੀ ਦਾ ਜਨਮ ੧੮੮੧ ਵਿਚ ਸਲਹਡ ਨਾਂ ਦੇ ਪਿੰਡ ਵਿਚ ਹੋਇਆ ਸੀ। ਇਹ ਪਿੰਡ ਐਬਟਾ ਬਾਦ ਤੋਂ ੫ ਕੁ ਮੀਲ ਹੈ ਅਤੇ ਇਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ



ਦੇ ਦਸਖਤਾਂ ਵਾਲੀ ਇਕ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਭੀ ਹੈ। ਆਪ ਦੇ ਪਿਤਾ ਸਰਦਾਰ ਕਰਤਾਰ ਸਿੰਘ ਜੀ ਇਕ ਪਟਵਾਰੀ ਸਨ। ਆਪ ਦੀ ਛੋਟੀ ਉਮਰ ਤਾਂ ਸਲਹਡ ਹੀ ਗੁਜ਼ਰੀ, ਜਿਥੋਂ ਦੀ ਖੁਲ੍ਹੀ ਸੁਚੀ ਹਵਾ ਨੇ ਆਪ ਦੇ ਸੁਭਾ ਉਤੇ ਇਕ ਅਨੋਖਾ ਅਸਰ ਕੀਤਾ। ਸ਼ਾਇਦ ਇਹੀ ਅਸਰ ਸੀ, ਜਿਸ ਸਦਕਾ ਆਪ ਦੇ ਅੰਦਰ ਸਾਰੀ ਉਮਰ ਖੁਲ੍ਹ ਤੇ ਸਚਾਈ ਦੀ ਲਹਿਰ ਜਾਰੀ ਰਹੀ।

ਦਸਵੀਂ ਪਾਸ ਕਰਨ ਲਈ ਆਪ ਨੂੰ ਰਾਵਲਪਿੰਡੀ ਆਉਣਾ ਪਿਆ। ਰਾਵਲਪਿੰਡੀ ਦੀ ਸਕੂਲ ਦੀ ਜੀਵਨੀ ਵਿਚ ਹੀ ਆਪ ਦੇ ਸੁਭਾ ਵਿੱਚ ਤਿੰਨ ਗੁਣ ਚਮਕਣ ਲਗ ਪਏ। ਉਹ ਸਨ, (੧) ਪਿਆਰ, (੨) ਏਕਤਾ, (੩) ਖੁਲ੍ਹ ਦਿਲੀ। ਆਪ ਆਪਣੀਆਂ ਚੀਜ਼ਾਂ ਹੋਰਨਾਂ ਨੂੰ ਦੇ ਛਡਦੇ ਸਨ। ਸਭ ਨਾਲ ਮਿਠਤ ਨਾਲ ਵਰਤਦੇ ਤੇ ਹਰ ਕਿਸੇ ਨੂੰ ਗਲਵਕੜੀਆਂ ਪਾ ਪਾ ਮਿਲਦੇ ਸਨ।

ਮੈਂ:- ਮਾਫ ਕਰਨਾ, ਪ੍ਰੋ: ਜੀ ਦਾ ਬੋਲਣ ਤੇ ਲੈਕਚਰ ਕਰਨ ਦਾ ਝਾਕਾ ਸਕੂਲ ਜੀਵਨ ਤੋਂ ਪਿਛੋਂ ਖੁਲ੍ਹਾ ਜਾਂ ਪਹਿਲਾਂ ?

ਸਰਦਾਰ ਜੀ—ਹਾਂ, ਸਕੂਲ ਦੇ ਦਿਨਾਂ ਵਿੱਚ ਹੀ ਉਹ ਸਟੇਜ ਤੇ ਆਉਣ ਲਗ ਪਏ ਸਨ ਤੇ ਅਜੇ ਉਨ੍ਹਾਂ ਦੀ ਉਮਰ ਕੇਵਲ ੧੨-੧੩ ਸਾਲ ਦੀ ਹੀ ਹੋਣੀ ਹੈ ਜਦ ਰਾਵਲਪਿੰਡੀ ਵਿਚ ਉਨ੍ਹਾਂ ਨੇ ਇਕ ਅਨੋਖੀ ਗਲ ਕੀਤੀ।

ਮੈਂ:—ਉਹ ਕੀ ਸੀ ?

ਸਰਦਾਰ ਜੀ—ਰਾਵਲਪਿੰਡੀ ਦੀ ਆਹਲੂਵਾਲੀਆ ਖਾਲਸਾ ਬਰਾਦਰੀ ਦੀ ਮੀਟਿੰਗ ਸੀ। ਉਹ ਭੀ ਉਥੇ ਬੈਠੇ ਸਨ, ਜੋ ਅਚਨਚੇਤ ਉਨ੍ਹਾਂ ਨੂੰ ਕਿਸੇ ਗਲੋਂ ਜੋਸ਼ ਆ ਗਿਆ ਤੇ ਉਨ੍ਹਾਂ ਨੇ ਬੋਲਣ ਵਾਸਤੇ ਵਕਤ ਮੰਗਿਆ। ਇਕ ੧੨—੧੩ ਵਰ੍ਹੇ ਦੇ ਬੱਚੇ ਨੂੰ ਇਉਂ ਨਿਧੜਕ ਬੋਲਦਿਆਂ ਸੁਣ ਕੇ ਸਾਰੇ ਦੰਗ ਰਹਿ ਗਏ। ਕਈਆਂ ਉਤੇ ਤਾਂ ਇੰਨਾ ਅਸਰ ਹੋਇਆ ਕਿ ਉਨ੍ਹਾਂ ਨੂੰ ਅਜੇ ਤਕ ਪ੍ਰੋ: ਪੂਰਨ ਸਿੰਘ ਜੀ ਦੇ ਲਫਜ਼ ਉਨ੍ਹਾਂ ਦੇ ਕੰਨਾਂ ਵਿੱਚ ਉਵੇਂ ਹੀ ਗੂੰਜਦੇ ਜਾਪਦੇ ਹਨ।

ਸਰਦਾਰ ਬਹਾਦਰ ਬੂਟਾ ਸਿੰਘ ਜੀ ਇਨ੍ਹਾਂ ਦੀ ਇਸ ਲਿਆਕਤ ਨੂੰ ਵੇਖ ਕੇ ਅਚੰਭਾ ਹੋ ਗਏ। ਉਨ੍ਹਾਂ ਨੇ ਬਰਾਦਰੀ ਵਿੱਚ ਇਕ ਫੰਡ ਇਸ ਲਈ ਕਾਇਮ ਕੀਤਾ ਕਿ ਅਜਿਹੇ ਹੋਣਹਾਰ ਵਿਦਿਆਰਥੀਆਂ ਨੂੰ ਬਾਹਰਲੇ ਦੇਸਾਂ ਵਿੱਚ ਵਿਦਿਆ ਪ੍ਰਾਪਤੀ ਲਈ ਘਲਿਆ ਜਾਵੇ। ਉਸੇ ਫੰਡ ਨਾਲ ਸੰਨ ੧੯੦੦ ਈਸਵੀ ਵਿੱਚ ਪ੍ਰੋਫੈਸਰ ਜੀ ਨੂੰ ਤੇ ਸ: ਦਮੋਦਰ ਸਿੰਘ ਜੀ Engineer ਬਾਰਾ ਮੂਲਾ ਨੂੰ ਜਪਾਨ ਘਲਿਆ ਗਿਆ।

ਪਿਤਾ ਜੀ ਦਾ ਸੁਭਾ, ਬਿਲਕੁਲ ਇਕ ਫੋਟੋ ਦੀ ਕੋਰੀ ਪਲੇਟ ਵਰਗਾ ਸੀ। ਜਿਵੇਂ ਉਸ ਉਤੇ ਪਿਆ ਹਰ ਇਕ ਪਰਛਾਵਾਂ ਆਪਣਾ ਅਸਰ ਝਟ ਪਟ ਕਰਦਾ ਹੈ ਤਿਵੇਂ ਹੀ ਇਨ੍ਹਾਂ ਦੇ ਦਿਲ ਦੀ ਹਾਲਤ ਸੀ। ਇਹ ਹਰ ਇਕ ਦੇ ਦਿਲ ਵਿਚ ਆਪਣਾ ਆਪ ਤਕਦੇ ਸਨ ਤੇ ਵਲਵਲੇ



ਦੀ ਮਸਤੀ ਵਿਚ ਉਸ ਨੂੰ ਆਪਣਾ ਬਹੁਤ ਹੀ ਨਿਕਟ ਵਰਤੀ ਬਣਾ ਲੈਂਦੇ ਸਨ। ਇਹੋ ਕਾਰਨ ਸੀ ਕਿ ਕੋਈ ਮਨੁਖ ਜੋ ਇਕ ਵਾਰੀ ਵੀ ਉਨ੍ਹਾਂ ਨੂੰ ਮਿਲਿਆ, ਸਦਾ ਲਈ ਉਨ੍ਹਾਂ ਦਾ ਆਪਣਾ ਹੋ ਗਿਆ। ਇਸੇ ਗੁਣ ਸਦਕਾ ਆਪ ਨੇ ਜਪਾਨ ਦੀ ਕਲਚਰ ਤੇ ਕੁਦਰਤ ਵਿਚ ਆਪਣਾ ਆਪ ਤਕਿਆ। ਉਸ ਨਾਲ ਮੋਹ ਪਾਇਆ। ਉਥੇ ਉਹ ਸਾਇੰਸ ਪੜ੍ਹਨ ਗਏ ਸਨ। ਪਰ ਸਾਇੰਸ ਦੇ ਨਾਲ ਹੀ ਉਨ੍ਹਾਂ ਨੇ ਉਥੇ ਦੇ ਵਡੇ ਵਡੇ ਕਵੀਆਂ ਤੇ ਆਰਟਿਸਟਾਂ ਨਾਲ ਜਾਣ ਪਛਾਣ ਕੀਤੀ ਅਤੇ ਉਹ ਉਨ੍ਹਾਂ ਦੇ ਜੀਵਨ ਦੇ ਸਾਥੀ ਬਣ ਗਏ। ਇਨ੍ਹਾਂ ਵਿਚੋਂ 'ਉਕਾਕੁਰਾ' ਤੇ 'ਨੈਗੋਚ' ਦਾ ਨਾਂ ਖਾਸ ਧਿਆਨ ਯੋਗ ਹਨ।

ਮੈਂ—ਪਰ ਕੇਸ ਤੇ ਦਾੜ੍ਹੀ ਕਦੋਂ ਤਿਆਗੇ ? ਮੈਨੂੰ ਹੁਣ ਤਕ ਜੋ ਉਨ੍ਹਾਂ ਦੇ ਜੀਵਨ ਦੀ ਸਮਝ ਪਈ ਹੈ ਉਹ ਤਾਂ ਇਹ ਹੈ ਕਿ ਆਪ ਸ਼ੁਰੂ ਤੋਂ ਹੀ ਸਿਖੀ ਰੰਗ ਵਿਚ ਰੰਗੇ ਪਏ ਸਨ ਤੇ ਸਿਖੀ-ਕੁਦਰਤ ਵਿਚ ਪਲੇ ਸਨ।

ਸਰਦਾਰ ਜੀ—ਉਨ੍ਹਾਂ ਨੇ ਕੇਸ ਆਪ ਨਹੀਂ ਸਨ ਕਤਲ ਕਰਵਾਏ। ਨਾ ਹੀ ਸ੍ਵਾਮੀ ਰਾਮ ਤੀਰਥ ਦੀ ਸੰਗਤ ਦਾ ਇਹ ਅਸਰ ਸੀ। ਸਗੋਂ ਇਸ ਦੇ ਪਿਛੇ ਲੁਕੀ ਹੋਈ ਗੱਲ ਇਕ ਹੋਰ ਹੈ। ੧੯੦੨ ਈਸਵੀ ਵਿਚ ਉਨ੍ਹਾਂ ਨੂੰ ਮੋਹਰਕਾ ਬੁਖਾਰ ਹੋ ਗਿਆ। ਹਾਲਤ ਇਥੋਂ ਤਕ ਵਿਗੜ ਗਈ ਕਿ ਆਪ ਨੂੰ ਆਪਣੇ ਆਪ ਦੀ ਕੋਈ ਸੋਝੀ ਨਹੀਂ

ਸੀ। ਡਾਕਟਰ ਨਿਰਾਸ ਹੋ ਬੈਠੇ। ਅਖੀਰ ਸਿਵਲ ਸਰਜਨ ਨੇ ਸੋਚ ਸੋਚ ਕੇ ਕਿਹਾ, 'ਹੋ ਸਕਦਾ ਹੈ ਜੋ ਕੇਸ ਕਟਾਇਆਂ ਇਨ੍ਹਾਂ ਦਾ ਜੀਵਨ ਬਚ ਜਾਵੇ।' ਇਸ ਜੀਵਨ ਤੇ ਮੌਤ ਦੇ ਘੋਲ ਵੇਲੇ ਆਪ ਨੂੰ ਕੋਈ ਪਤਾ ਨਹੀਂ ਸੀ। ਨਾ ਹੀ ਆਪ ਦਾ ਕੋਈ ਰਿਸ਼ਤੇਦਾਰ ਆਪ ਦੇ ਨਾਲ ਸੀ। ਕੇਵਲ ਸਰਦਾਰ ਦਮੋਦਰ ਸਿੰਘ ਜੀ ਸਨ। ਉਨ੍ਹਾਂ ਨੇ ਇਨ੍ਹਾਂ ਦੇ ਜੀਵਨ ਨੂੰ ਬਚਾਉਣ ਖਾਤਰ ਡਾਕਟਰਾਂ ਨੂੰ ਇਹ ਆਗਿਆ ਦੇ ਦਿਤੀ। ਆਪ ਰਾਜੀ ਹੋ ਗਏ ਪਰ ਦਿਮਾਗ ਦੀ ਹਾਲਤ ਕੁਝ ਅਨੋਖੀ ਹੀ ਹੋ ਗਈ। ਖਲੋਤੇ ਖਲੋਤੇ ਰੋ ਪੈਂਦੇ, ਹਥਾਂ ਵਿੱਚੋਂ ਚੀਜ਼ਾਂ ਡਿਗ ਪੈਂਦੀਆਂ ਅਤੇ ਕਈ ਵਾਰ ਉਚੀ ਉਚੀ ਚੀਕਾਂ ਮਾਰਨ ਲਗ ਜਾਂਦੇ। ਰਾਜੀ ਹੋ ਕੇ ਭੀ ਉਨ੍ਹਾਂ ਨੇ ਕੇਸ ਨਾ ਰਖੇ ਤੇ ਹੈਟ ਪਾਉਣ ਲਗ ਪਏ।

ਮੈਂ–ਪਰ ਸਵਾਮੀ ਰਾਮ ਤੀਰਥ ਜੀ ਨਾਲ ਉਨ੍ਹਾਂ ਦਾ ਮੇਲ ਕਦੋਂ ਅਤੇ ਕਿਥੇ ਹੋਇਆ?

ਸਰਦਾਰ ਜੀ–ਸਵਾਮੀ ਰਾਮ ਤੀਰਥ ਜੀ ਜਾਪਾਨ ਵਿਚ ਗਏ ਸਨ। ਉਨ੍ਹਾਂ ਦੀ ਬੀਮਾਰੀ ਤੋਂ ਕੁਝ ਚਿਰ ਪਿਛੋਂ, ਜਦੋਂ ਇਹ ਅਪਣੇ ਕਾਲਜ ਦੀ ਸਟੂਡੈਂਟ ਕਲਬ ਦੇ ਸੈਕਟਰੀ ਸਨ ਉਨ੍ਹਾਂ ਨੂੰ ਰਾਮ ਤੀਰਥ ਜੀ ਨੂੰ ਮਿਲਣ ਦਾ ਅਵਸਰ ਮਿਲਿਆ। ਸਵਾਮੀ ਜੀ ਉਸ ਕਲੱਬ ਵਿਚ ਆਏ ਸਨ। ਉਹ ਅਗੇ ਅਮਰੀਕਾ ਵਿੱਚ ਲੈਕਚਰ ਦੇਣ ਲਈ ਜਾ ਰਹੇ ਸਨ। ਪ੍ਰੋਫੈਸਰ ਜੀ ਦੇ ਪਿਆਰ ਭਰੇ ਦਿਲ ਨੇ ਸਵਾਮੀ ਜੀ



ਵਿਚ ਵੀ ਆਪਣਾ ਹੀ ਦਿਲ ਵੇਖਿਆ ਤੇ ਸਵਾਮੀ ਜੀ ਇਨ੍ਹਾਂ ਦੀ ਲਿਆਕਤ ਵੇਖ ਕੇ ਹਰਾਨ ਰਹਿ ਗਏ। ਸਵਾਮੀ ਜੀ ਨੇ ਇਨ੍ਹਾਂ ਨੂੰ ਪੁਛਿਆ, 'ਤੁਹਾਡਾ ਦੇਸ ਕਿਹੜਾ ਹੈ?' ਤਾਂ ਪ੍ਰੋ: ਜੀ ਨੇ ਕਿਹਾ, 'ਸਾਰੀ ਦੁਨੀਆ ਮੇਰਾ ਦੇਸ ਹੈ।'

ਮੈਂ–ਕੀ ਪ੍ਰੋਫੈਸਰ ਜੀ ਨੇ ਜਪਾਨ ਵਿੱਚ ਵੀ ਕਦੇ ਲੈਕਚਰ ਕੀਤੇ?

ਸਰਦਾਰ ਜੀ–ਹਾਂ, ਸਵਾਮੀ ਰਾਮ ਤੀਰਥ ਨੂੰ ਜਿਨ੍ਹਾਂ ਦਿਨਾਂ ਵਿੱਚ ਆਪ ਮਿਲਦੇ ਹਨ, ਆਪ ਦੀ ਉਮਰ ਲਗ ਭਗ ੨੧ ਸਾਲ ਦੀ ਸੀ। ਆਪਣੇ ਕਾਲਜ ਦੇ ਲੈਕਕਰਾਂ ਤੋਂ ਬਿਨਾਂ ਆਪ ਨੂੰ ਉਨ੍ਹਾਂ ਦਿਨਾਂ ਵਿਚ ਬੁਧਿਸਟ ਯੂਨੀ-ਵਰਸਟੀ ਵਿੱਚ ਲੈਕਚਰ ਦੇਣ ਲਈ ਸਦਿਆ ਗਿਆ। ਆਪ ਟ੍ਰੈਮਕਾਰ ਵਿੱਚ ਯੂਨੀਵਰਸਿਟੀ ਨੂੰ ਜਾ ਰਹੇ ਸਨ ਜੋ ਸਵਾਮੀ ਰਾਮ ਤੀਰਥ ਜੀ ਵੀ ਉਸ ਟ੍ਰੈਮਕਾਰ ਵਿੱਚ ਆ ਚੜ੍ਹੇ। ਉਥੇ ਇਨ੍ਹਾਂ ਦੀਆਂ ਦਿਲ ਖੋਲ੍ਹ ਕੇ ਗੱਲਾਂ ਹੋਈਆਂ। ਪ੍ਰੋਫੈਸਰ ਜੀ ਦੇ ਪਿਆਰ ਨੇ, ਸਵਾਮੀ ਜੀ ਨੂੰ ਆਪਣਾ ਬਣਾ ਲਿਆ। ਪ੍ਰੋਫੈਸਰ ਜੀ ਜਿਵੇਂ ਹੋਰਨਾਂ ਵਿੱਚ ਅਪਣੱਤ ਪਾ ਲੈਂਦੇ ਸਨ ਤਿਵੇਂ ਸਵਾਮੀ ਜੀ ਦੇ ਦਿਲ ਵਿੱਚ ਵੜ ਬੈਠੇ ਤੇ ਸਵਾਮੀ ਜੀ ਨੂੰ ਆਪਣੇ ਚੌੜੇ ਦਿਲ ਵਿੱਚ ਖੁਲ੍ਹੇ-ਦਿਲ ਥਾਂ ਦਿਤੀ। ਇਹ ਇਕ ਜਾਤੀ ਪਿਆਰ ਸੀ ਜੋ ਇਕ ਦੂਜੇ ਦੇ ਨੇੜੇ ਹੋਣ ਤੋਂ ਪੈਦਾ ਹੋਇਆ। ਸਵਾਮੀ ਜੀ ਨੇ ਕੋਈ ਸਿਖਿਆ ਨਹੀਂ ਦਿਤੀ। ਪ੍ਰੋਫੈਸਰ ਜੀ ਨੇ ਆਪ ਲਿਖਿਆ ਹੈ, 'ਮੇਰੇ

ਉਤੇ ਉਨ੍ਹਾਂ ਦੇ ਪਿਆਰ ਦਾ ਅਸਰ ਹੋਇਆ ਨਾ ਕਿ ਕਿਸੇ ਸਿਖਿਆ ਦਾ, ਕਿਉਂਕਿ ਸਿਖਿਆ ਤਾਂ ਉਨ੍ਹਾਂ ਮੈਨੂੰ ਦਸੀ ਹੀ ਕੋਈ ਨਹੀਂ ਸੀ।' ਹੁਣ ਤਕ ਪ੍ਰੋਫੈਸਰ ਜੀ ਦਾ ਜੀਵਨ ਕੁਝ ਅਜਿਹਾ ਬਣ ਗਿਆ ਸੀ ਕਿ ਉਹ ਆਪਣੇ ਸਰੀਰ ਵਲੋਂ ਮੂਲੋਂ ਹੀ ਬੇਪਰਵਾਹ ਹੋ ਚੁਕੇ ਸਨ। ਬਰਫ ਪੈਂਦਿਆਂ ਵੀ ਨੰਗ ਧੜੰਗੇ, ਜਾਂ ਨਿਰੀ ਕਮੀਜ ਵਿੱਚ ਠੰਢੀ ਹਵਾ ਦਾ ਮੁਕਾਬਲਾ ਕਰਨ ਲਈ ਬਾਹਰ ਨਿਕਲ ਜਾਂਦੇ ਸਨ। ਉਨ੍ਹਾਂ ਦਾ ਯਕੀਨ ਹੋ ਚੁਕਾ ਸੀ ਕਿ ਅੰਦਰਲੇ ਦੀ ਉਚਾਈ ਸਰੀਰ ਨੂੰ ਰਾਜੀ ਰਖ ਸਕਦੀ ਹੈ।

ਇਕ ਵਾਰੀ ਬੜਾ ਸਖਤ ਮੀਂਹ ਪੈ ਰਿਹਾ ਸੀ। ਠੰਢ ਦੇ ਦਿਨ ਸਨ। ਉਹ ਬਹੁਤ ਥੋੜੇ ਕਪੜਿਆਂ ਵਿਚ ਬਾਹਰ ਨਿਕਲ ਚਲੇ, ਜੇ ਦੋਸਤਾਂ ਨੇ ਰੋਕਿਆਂ ਤਾਂ ਆਪ ਕਹਿਣ ਲਗੇ, 'ਕੀ ਮੀਂਹ ਵੀ ਨੁਕਸਾਨ ਦੇ ਹੋ ਸਕਦਾ ਹੈ ? ਹਛਾ, ਜੇ ਨੁਕਸਾਨ ਦੇ ਹੋਵੇਗਾ ਤਾਂ ਮੇਰੇ ਬਾਹਰ ਜਾਣ ਉਤੇ ਆਪੇ ਖਲੋ ਜਾਵੇਗਾ।'

ਸਚ ਮੁਚ ਅਜਿਹਾ ਹੀ ਹੋਇਆ ਤੇ ਜਦ ਆਪ ਬਾਹਰੋਂ ਵਾਪਸ ਆ ਗਏ ਤਾਂ ਫਿਰ ਸ਼ੁਰੂ ਹੋ ਗਿਆ।

ਇਥੇ ਆ ਕੇ ਵੀਰ ਮਦਨ ਮੋਹਨ ਸਿੰਘ ਜੀ ਰਤਾ ਕੁ ਠਠੰਬਰੇ ਤੇ ਅਖਾਂ ਖੋਲ੍ਹ ਕੇ ਮੇਰੇ ਵਲ ਤੱਕੇ। ਸ਼ਾਇਦ ਉਨ੍ਹਾਂ ਨੇ ਇਕ ਹੋਰ ਡੂੰਘਾ ਸਾਹ ਲਿਆ ਤੇ ਰੁਕਦੀ ਅਵਾਜ਼ ਵਿਚ ਕਹਿਣ ਲਗੇ,–



ਉਹ ਬਹੁਤੇ ਹੀ ਖੁਲ੍ਹੇ ਦਾਨੀ ਸਨ। ਜੋ ਕੁਝ ਭੀ ਉਨ੍ਹਾਂ ਕੋਲ ਹੁੰਦਾ, ਉਹ ਲੋਕਾਂ ਲਈ ਵਰਤ ਛਡਦੇ। ਇਥੇ ਤਕ ਕਿ ਆਪਣੀ ਸਿਹਤ ਭੀ ਉਹ ਵਰਤਾਉਣ ਵਿਚ ਹੀ ਖੁਸ਼ੀ ਸਮਝਦੇ ਸਨ। ਮੈਨੂੰ ਤਾਂ, ਅਮੋਲ ਜੀ, ਪਿਤਾ ਜੀ ਦੀ ਜਿੰਦਗੀ ਇਕ ਪਵਿਤਰ ਲਾਟ ਜਾਪਦੀ ਹੈ ਜੋ ਲਟ ਲਟ ਬਲਣ ਵਿਚ ਖੁਸ਼ ਥੀਂਦੀ ਸੀ।

ਮੇਰੀਆਂ ਅਖਾਂ ਮੀਟੀਆਂ ਗਈਆਂ ਤੇ ਕੁਝ ਪਲ ਮੈਨੂੰ ਪਤਾ ਨਹੀਂ ਕਿ ਮਦਨ ਮੋਹਨ ਸਿੰਘ ਜੀ ਕੀ ਆਖੀ ਗਏ। ਜਦ ਮੈਂ ਆਪੇ ਵਿਚ ਆਇਆ ਤਾਂ ਮੈਂ ਦਿਲ ਵਿਚ ਕਹਿ ਰਿਹਾ ਸਾਂ, 'ਉਸ ਪਵਿਤਰ ਲਾਟ ਦਾ ਚਾਨਣ, ਹਾਇ ਉਹ ਹੌਲੀ ਹੌਲੀ ਬਲਦੀ। ਹਾਂ, ਲਾਟ, ਉਸ ਦਾ ਚਾਨਣ।' ਇਸ ਵੇਲੇ ਡਾਢੇ ਪਿਆਰੇ ਲਗ ਰਹੇ ਮਦਨ ਮੋਹਨ ਸਿੰਘ ਜੀ ਕਹਿ ਰਹੇ ਸਨ, 'ਉਹ ਰਾਮ ਨਾਲ ਇਕ ਹੋ ਰਹੇ ਸਨ। ਉਨ੍ਹਾਂ ਦੇ ਚਿਹਰੇ ਵਿਚੋਂ ਭੀ ਸਵਾਮੀ ਰਾਮ ਤੀਰਥ ਦੀ ਝਲਕ ਵਜਦੀ ਸੀ ਅਤੇ ਉਨ੍ਹਾਂ ਦੇ ਪੁਰਾਣੇ ਜਾਣੂ ਉਨ੍ਹਾਂ ਨੂੰ ਸਿਞਾਣ ਨਹੀਂ ਸਨ ਸਕਦੇ।'

ਮੈਂ–ਕਦੋਂ ਦੀ ਗਲ ਕਰ ਰਹੇ ਹੋ ਆਪ ?

ਸਰਦਾਰ ਜੀ–ਮੈਂ ਅਰਜ਼ ਕਰ ਚੁਕਾ ਹਾਂ ਨਾ, ਕਿ ਇਹ ਉਦੋਂ ਦਾ ਜ਼ਿਕਰ ਹੈ ਜਦ ਆਪ ਮੁੜ ਹਿੰਦ ਵਿਚ ਆਏ। ਉਹ ਕਲਕਤੇ ਸਨ, ਜਦ ਆਪ ਦੇ ਮਾਤਾ ਪਿਤਾ ਨੂੰ ਪਤਾ ਲਗਾ। ਉਹ ਵਿਚਾਰੇ ਐਬਟਾਬਾਦੋਂ ਚਲ ਕੇ

ਕਲਕੱਤੇ ਪੁਜੇ। ਮਾਂ ਦੇ ਪਿਆਰ ਨੇ ਇਡੇ ਵਡੇ ਸ਼ਹਿਰ ਵਿਚ ਆਪਣਾ 'ਪੂਰਨ ਚੰਨ' ਲਭ ਲਿਆ। ਪਿਤਾ ਜੀ ਉਨ੍ਹਾਂ ਨੂੰ ਇਸ ਅਨੋਖੀ ਸੂਰਤ ਵਿਚ ਵੇਖ ਕੇ ਬੜੇ ਗੁੱਸੇ ਹੋਏ। ਮਾਂ ਦਾ ਪਿਆਰ ਹੋਰ ਰੂਪ ਵਿਚ ਹੁੰਦਾ ਹੈ। ਮਾਤਾ ਦੇ ਪਿਆਰ ਭਰੇ ਅਥਰੂ ਸੰਨਿਆਸੀ ਪਿਤਾ ਜੀ ਦੇ ਦਿਲ ਤੇ ਉਸ ਵੇਲੇ ਕੋਈ ਅਸਰ ਨਾ ਕਰ ਸਕੇ। ਪਰ ਪ੍ਰੋਫੈਸਰ ਜੀ ਸਾਰੀ ਉਮਰ ਇਸ ਗਲ ਦਾ ਹਿਰਖ ਕਰਦੇ ਰਹੇ ਕਿ ਉਨ੍ਹਾਂ ਦਾ ਦਿਲ ਉਸ ਵੇਲੇ ਇੰਜ ਪੱਥਰ ਕਿਉਂ ਹੋ ਗਿਆ?

ਮਾਤਾ ਦੇ ਪਿਆਰ ਨੇ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਨੂੰ ਘਰ ਲੈ ਆਂਦਾ। ਉਸ ਵੇਲੇ ਉਨ੍ਹਾਂ ਦੀ ਭੈਣ ਗੰਗਾ ਦੇਈ ਬੀਮਾਰ ਸੀ। ਜਦ ਉਹ ਅੰਤਲੇ ਸਵਾਸਾਂ ਤੇ ਸੀ ਤਾਂ ਉਹ ਪ੍ਰੋਫੈਸਰ ਜੀ ਦੇ ਪੱਟ ਉਤੇ ਆਪਣਾ ਸਿਰ ਰਖੀ ਪਈ ਸੀ। ਪ੍ਰੋ: ਜੀ ਨੇ ਉਸ ਨੂੰ ਡਾਢੇ ਪਿਆਰ ਵਿਚ ਪੁਛਿਆ, 'ਭੈਣ ਤੇਰੀ ਕੋਈ ਖਾਸ ਚਾਹ?'

ਉਸ ਵਿਚਾਰੀ ਨੇ ਇਹੋ ਕਿਹਾ—'ਭਾਪਾ ਜੀ, ਮੈਂ ਚਾਹੁੰਦੀ ਹਾਂ ਕਿ ਤੁਸੀਂ ਜ਼ਰੂਰ ਮਾਤਾ ਜੀ ਦੀ ਮਰਜੀ ਅਨੁਸਾਰ ਸ਼ਾਦੀ ਕਰੋ।'

ਪ੍ਰੋਫੈਸਰ ਜੀ ਨੇ ਇਕਰਾਰ ਕੀਤਾ।

ਮੈਂ—ਜਾਪਦਾ ਹੈ ਕਿ ਸੰਨਿਆਸ ਨਾਲ ਸੁਕ ਚੁਕੇ ਘਟੋਗੀ ਪਿਆਰ ਦੇ ਚਸ਼ਮੇਂ ਨੂੰ ਇਹ ਦੁਖ ਭਰੀ ਬਦਲੀ



ਮੁੜ ਸੁਰਜੀਤ ਕਰ ਗਈ।

ਸਰਦਾਰ ਜੀ—ਹਾਂ, ਬਿਲਕੁਲ ਇਹੋ ਗਲ। ੧੯੦੫ ਵਿਚ ਆਪ ਦੀ ਸ਼ਾਦੀ ਭਗਤ ਜਵਾਹਰ ਮਲ ਜੀ ਦੀ ਪੋਤਰੀ ਨਾਲ ਹੋ ਗਈ।

ਮੈਂ—ਉਸ ਪਵਿਤਰ ਹਸਤੀ ਦਾ ਨਾਂ?

ਸਰਦਾਰ ਜੀ—ਮਾਤਾ ਜੀ ਦਾ ਨਾਂ ਮਾਇਆ ਦੇਈ ਹੈ।

ਮੈਂ—ਤੇ ਅਜ ਕਲ ਮਾਤਾ ਜੀ ਕਿਥੇ ਹਨ?

ਸਰਦਾਰ ਜੀ—ਉਹ ਵੀਰ ਨਿਰਲੇਪ ਸਿੰਘ ਹੋਰਾਂ ਕੋਲ ਲਾਇਲਪੁਰ ਹਨ। ਵੀਰ ਨਿਰਲੇਪ ਸਿੰਘ ਜੀ ਇਸ ਸਾਲ ਬੀ. ਏ. ਦਾ ਇਮਤਿਹਾਨ ਦੇ ਰਹੇ ਹਨ।

ਮੈਂ—ਠੀਕ ਯਾਦ ਆ ਗਿਆ। ਨਿਰਲੇਪ ਸਿੰਘ ਜੀ ਦੇ ਤੇ ਮਾਤਾ ਜੀ ਦੇ ਦਰਸ਼ਨਾਂ ਦਾ ਅਵਸਰ ਮੈਨੂੰ ਸ੍ਰੀ ਨਗਰ ਹੋਇਆ ਸੀ। ਮੈਂ ਤਾਂ ਉਥੇ ਨਿਰਲੇਪ ਸਿੰਘ ਜੀ ਦੇ ਨਾਲ ਦੋ ਵਾਰੀ ਚਾਹ ਵੀ ਪੀਤੀ ਸੀ। ਅਤੇ ਮਾਤਾ ਜੀ ਦੇ ਬੈਠਿਆਂ ਪ੍ਰੋਫੈਸਰ ਜੀ ਦੀਆਂ ਕਤਾਬਾਂ ਬਾਬਤ ਦਿਲ ਖੋਲ੍ਹ ਕੇ ਗਲਾਂ ਕਰਦੇ ਰਹੇ ਸਾਂ। ਪਰ ਸਰਦਾਰ ਜੀ, ਆਪ ਕਿੰਨੇ ਭਰਾ ਹੋ?

ਸਰਦਾਰ ਜੀ—ਤਿੰਨ ਭਰਾ ਤੇ ਇਕ ਭੈਣ। ਸਾਡਾ ਤੀਜਾ ਭਾਈ ਅਜ ਕਲ੍ਹ ਅੰਮ੍ਰਿਤਸਰ ਹੀ ਹੈ ਤੇ ਬੀ. ਏ. ਕਰ ਚੁਕਾ ਹੈ।

ਮੈਂ—ਪ੍ਰੋਫੈਸਰ ਜੀ ਨੂੰ ਲਿਖਣ ਦਾ ਸ਼ੌਕ ਕਦੋਂ ਕੁ ਤੋਂ ਹੋਇਆ?

ਸਰਦਾਰ ਜੀ–ਲਿਖਣ ਦਾ ਸ਼ੌਕ ਉਨ੍ਹਾਂ ਨੂੰ ਮੁਢ ਤੋਂ ਹੀ ਸੀ। ਜਪਾਨ ਵਿਚ ਤਾਂ ਉਹ ਇਕ ਅਖਬਾਰ ਵੀ ਐਡਿਟ ਕਰਦੇ ਰਹੇ ਸਨ, ਜਿਸ ਦਾ ਨਾਂ 'Thundering dawn' ਥੰਡਰਿੰਗ ਡਾਨ ਸੀ। ਅਤੇ ਇੱਥੇ ਆ ਕੇ ਭੀ ਆਪ ਉਸ ਅਖਬਾਰ ਨੂੰ ਐਡਿਟ ਕਰਦੇ ਰਹੇ। ਇਥੇ ਫਿਰ ਆਪ ਲਾਹੌਰ ਦੇ ਵਿਕਟੋਰੀਆ ਡਾਇਮੰਡ ਜੁਬਲੀ ਹਿੰਦੂ ਇਨਸਟੀਚਿਊਟ ਦੇ ਪ੍ਰਿੰਸੀਪਲ ਲਗ ਗਏ। ਹੁਣ ਉਸ ਅਖਬਾਰ ਦਾ ਨਾਂ Dawn ਬਦਲ ਕੇ Noon ਕਰ ਦਿਤਾ। ਲਹੌਰ ਵਿਚ ਭੀ ਆਪ ਲੈਕਚਰ ਦਿੰਦੇ ਰਹੇ ਜੋ ਆਪਣੇ ਅਨੋਖੇਪਣ ਤੇ ਡੂੰਘਾਈ ਲਈ ਅਜ ਤਕ ਲੋਕਾਂ ਨੂੰ ਯਾਦ ਹਨ।

'ਅਣਹੋਂਦਾ ਆਪ ਵੰਡਾਇ' ਦਾ ਸਬਕ ਇਥੇ ਇਨ੍ਹਾਂ ਦੇ ਦਿਲ ਨੂੰ ਵਧੇਰੇ ਯਾਦ ਹੋਇਆ। ਉਨ੍ਹਾਂ ਦੀ ਨਿਗਾਹ ਵਿਚ ਕੋਈ ਵੀ ਓਪਰਾ ਨਹੀਂ ਸੀ। ਇਸੇ ਲਈ ਰੋਟੀ ਖਾਣ ਵੇਲੇ ਉਨ੍ਹਾਂ ਦੇ ਮੇਜ ਉਤੇ ਹਰ ਮਤ ਤੇ ਹਰ ਖਿਆਲ ਦੇ ਕਈ ਕਈ ਜਾਣੂ ਉਨ੍ਹਾਂ ਦੇ ਨਾਲ ਹੁੰਦੇ ਸਨ। 'ਦੇਣਾ ਹੀ ਦੇਣਾ', 'ਦੇਣਾ ਹੀ ਦੇਣਾ' ਇਹ ਸੀ ਉਨ੍ਹਾਂ ਦੀ ਜਿੰਦਗੀ। ਇਥੋਂ ਤਕ ਕਿ ਕੋਟ, ਪਗ ਤੇ ਜੁਤੀ ਵੀ ਕਈ ਵਾਰੀ ਲਾਹ ਕੇ ਲੋੜਵੰਦਾਂ ਨੂੰ ਦੇ ਆਉਂਦੇ ਸਨ। ਹੀਣੇ ਤੋਂ ਹੀਣੇ ਮੰਗਤੇ ਨੂੰ ਵੀ ਉਨ੍ਹਾਂ ਕਦੇ ਦੁਰਕਾਰਿਆ ਨਹੀਂ ਸੀ। ਸਗੋਂ ਉਸ ਨਾਲ ਵੀ ਇਨਸਾਨਾਂ ਜਿਹੀ ਵਰਤੋਂ ਕਰਦੇ ਸਨ।



ਮੈਂ–ਕੀ ਸਵਾਮੀ ਰਾਮ ਤੀਰਥ ਜੀ ੧੯੦੫ ਵਿਚ ਫਿਰ ਉਨ੍ਹਾਂ ਨੂੰ ਨਾ ਮਿਲੇ।

ਸਰਦਾਰ ਜੀ–ਹਾਂ ੧੯੦੫ ਵਿਚ ਸਵਾਮੀ ਰਾਮ ਤੀਰਥ ਜੀ ਪੱਛਮੀਂ ਦੇਸਾਂ ਦਾ ਚੱਕਰ ਲਾ ਕੇ ਵਾਪਸ ਆਏ। ਪ੍ਰੋਫੈਸਰ ਜੀ ਨੇ ਵੇਖਿਆ ਕਿ ਸਵਾਮੀ ਜੀ ਦੇ ਚਿਹਰੇ ਉਤੇ ਉਹ ਰੌਣਕ ਨਹੀਂ ਰਹੀ। ਸਗੋਂ ਉਨ੍ਹਾਂ ਦੇ ਅੰਦਰ ਕੁਝ ਉਦਾਸੀ ਹੈ, ਤਾਂ ਪ੍ਰੋਫੈਸਰ ਜੀ ਹਰਾਨ ਹੋਏ ਤੇ ਇਸ ਗਲ ਨੂੰ ਹੀ ਸੋਚਦੇ ਰਹੇ। ਕੁਝ ਚਿਰ ਪਿਛੋਂ ਸਵਾਮੀ ਜੀ ਚਲ ਬਸੇ ਤਾਂ ਪ੍ਰੋਫੈਸਰ ਜੀ ਦੇ ਜੀਵਨ ਉਤੇ ਇਸ ਗਲ ਦਾ ਅਨੋਖਾ ਹੀ ਅਸਰ ਹੋਇਆ। ਉਹ ਕੁਝ ਨਿਰਾਸ ਹੋ ਗਏ। ਉਨ੍ਹਾਂ ਨੂੰ ਸਮਝ ਨਹੀਂ ਸੀ ਆਉਂਦੀ ਕਿ ਇਜੇਹੇ ਬੰਦੇ ਕਿਉਂ ਮਰਨ ? ਆਪ ਇਸ ਸੋਚ ਵਿਚ ਰਾਤਾਂ ਜਾਗਦੇ ਰਹਿੰਦੇ ਸਨ। ਅਤੇ ਆਪਣੇ ਆਪ ਨੂੰ ਇਕਲੇ ਇਕਲੇ ਪਰਤੀਤ ਕਰਦੇ ਸਨ। ਖਾਣ ਪੀਣ ਛਡ ਬੈਠੇ ਸਨ ਤੇ ਬੈਠੇ ਬੈਠੇ ਰੋ ਪੈਂਦੇ ਸਨ।

ਮੈਂ–ਤਾਂ ਫਿਰ ਉਨ੍ਹਾਂ ਦੀ ਡਿਊਟੀ ਆਦ ਦਾ ਕੀ ਬਣਦਾ ਹੋਵੇਗਾ ?

ਸਰਦਾਰ ਜੀ–ਡਿਊਟੀ ਪੂਰੀ ਨਿਭਾਉਂਦੇ ਸਨ। ਕਦੇ ਉਨ੍ਹਾਂ ਦੇ ਕੰਮ ਵਿਚ ਕੋਈ ਨੁਕਸ ਜਾਂ ਬੇਪਰਵਾਹੀ ਨਹੀਂ ਸੀ ਵੇਖੀ ਗਈ। ਉਹ ਸਭ ਨੂੰ ਉਸੇ ਤਰ੍ਹਾਂ ਖਿੜੇ ਮਥੇ ਮਿਲਦੇ

ਸਨ ਪਰ ਆਪਣੇ ਅੰਦਰ ਇਕ ਘਾਟ ਪਰਤੀਤ ਕਰਦੇ ਸਨ। ਖੈਰ, ੧੯੦੬ ਵਿਚ ਆਪ ਫੌਰੈਸਟ ਇਨਸਟੀਚਿਊਟ ਡੇਹਰਾਦੂਨ ਵਿਚ ਕੈਮਿਸਟ ਲਗ ਗਏ। ਉਥੇ ਆਪ ਨੇ ਬੜੇ ਹੀ ਅਚੰਭਤ ਕੰਮ ਕੀਤੇ, ਅਤੇ ਸਾਇੰਸ ਦੀਆਂ ਕਈ ਨਵੀਆਂ ਕਾਢਾਂ ਕਢੀਆਂ।

ਮੈਂ—ਪਰ ਆਪ ਸਿਖੀ ਮੰਡਲ ਵਿਚ ਮੁੜ ਕਦੋਂ ਆਏ ?

ਸਰਦਾਰ ਜੀ—ਇਨ੍ਹਾਂ ਦੇ ਸੰਬੰਧੀਆਂ ਤੇ ਦੋਸਤਾਂ ਦਾ ਸਦਾ ਇਹੀ ਜਤਨ ਰਹਿੰਦਾ ਸੀ ਕਿ ਆਪ ਮੁੜ ਗੁਰੂ ਦੀ ਸ਼ਰਨ ਆਉਣ, ਪਰ ਆਪ ਰਹਿਤਾਂ ਦੇ ਬੰਧਨਾਂ ਤੋਂ ਘਾਬਰਦੇ ਸਨ। ਇਨ੍ਹਾਂ ਦੇ ਇਕ ਨਜ਼ਦੀਕੀ ਰਿਸ਼ਤੇਦਾਰ ਸਰਦਾਰ ਤੇਜਾ ਸਿੰਘ ਜੀ ਪੋਸਟ ਮਾਸਟਰ ਨੇ ਇਨ੍ਹਾਂ ਨੂੰ ੧੯੧੨ ਵਿਚ ਸਿਆਲਕੋਟ ਵਿਚ ਹੋਏ ਕਾਨਫ੍ਰੰਸ ਦੇ ਸਮਾਗਮ ਉਤੇ ਸਦਿਆ। ਉਥੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨਾਲ ਇਨ੍ਹਾਂ ਦਾ ਮੇਲ ਹੋਇਆ। ਉਨ੍ਹਾਂ ਨਾਲ ਢੇਰ ਚਿਰ ਤਕ ਵਿਚਾਰ ਹੁੰਦੀ ਰਹੀ। ਇਥੋਂ ਤਕ ਕਿ ਰਾਤ ਦੇ ਇਕ ਵਜੇ ਇਹ ਰੋਟੀ ਖਾਣ ਲਈ ਉਠੇ ਤੇ ਫਿਰ ਚਾਰ ਵਜੇ ਤਕ ਰੋਟੀ ਖਾਂਦਿਆਂ ਹੀ ਗਲਾਂ ਹੁੰਦੀਆਂ ਰਹੀਆਂ। ਭਾਈ ਸਾਹਿਬ ਦੇ ਅਮਲੀ ਜੀਵਨ ਨੇ ਇਨ੍ਹਾਂ ਦੇ ਅੰਦਰ ਨਵਾਂ ਉਮਾਹ ਭਰ ਦਿਤਾ। ਇਨ੍ਹਾਂ ਦੇ ਸ਼ੱਕਾਂ ਦੇ ਬਦਲ ਉਡਾ ਕੇ ਗਿਆਨ ਦਾ ਚਿਟਾ ਸੂਰਜ ਚਾੜ੍ਹ ਦਿਤਾ। ਆਤਮਕ ਅਤੇ ਸਿਮਰਨ ਵਾਲਾ ਜੀਵਣ ਬਣਾ ਦਿਤਾ। ਅਗਲੇ ਦਿਨ ਸਵੇਰੇ ਇਨ੍ਹਾਂ ਨੇ ਕਾਨਫ੍ਰੰਸ ਵਿਚ ਬੋਲਣਾ



ਚਾਹਿਆ। ਕਈਆਂ ਨੇ ਇਨ੍ਹਾਂ ਨੂੰ ਪਤਤ ਸਮਝ ਕੇ ਨਾਂਹ ਕੀਤੀ ਕਿਉਂਕਿ ਇਹ ਅਜੇ ਤਕ ਟੋਪ ਵਿਚ ਹੀ ਸਨ। ਪਰ ਆਪਦੇ ਲੈਕਚਰ ਨੇ ਸਭ ਨੂੰ ਯਕੀਨ ਕਰਾ ਦਿਤਾ ਕਿ ਇਹ ਸਦਾ ਸਿਖ ਸਨ।

ਅਗਲੀ ਕਾਨਫ੍ਰੰਸ ਉਤੇ, ਅੰਬਾਲੇ ਇਨ੍ਹਾਂ ਨੇ ਕੇਸ ਰਖੇ! ਭਾਈ ਸਾਹਿਬ ਨਾਲ ਇਨ੍ਹਾਂ ਦਾ ਬਹੁਤ ਹੀ ਪ੍ਰੇਮ ਹੋ ਗਿਆ। ਕਈ ਵਾਰ ਉਨ੍ਹਾਂ ਨੇ ਆਪਣੀ ਲਿਖਤ ਵਿਚ ਭਾਈ ਸਾਹਿਬ ਦੇ ਪਿਆਰ ਨੂੰ ਜ਼ਾਹਰ ਭੀ ਕੀਤਾ ਹੈ। ਆਪ ਕਈ ਵਾਰ ਭਾਈ ਸਾਹਿਬ ਕੋਲ ਜਾ ਕੇ ਉਨ੍ਹਾਂ ਨੂੰ ਵੇਖੀ ਹੀ ਜਾਂਦੇ ਤੇ ਵੇਖ ਵੇਖ ਉਠ ਆਉਂਦੇ।

ਮੈਂ—ਉਹ ਇੰਨਾ ਕੁਝ ਕਰਦਿਆਂ ਕਤਾਬਾਂ ਲਿਖਣ ਵਾਸਤੇ ਕਿਵੇਂ ਵਕਤ ਕਢ ਲੈਂਦੇ ਸਨ ?

ਸਰਦਾਰ ਜੀ—ਉਹ ਸਦਾ ਰੂਹ ਨੂੰ ਸਰੀਰ ਨਾਲੋਂ ਵਖ ਸਮਝਦੇ ਸਨ। ਸਰੀਰਕ ਤੌਰ ਤੇ ਹੁਣ ਤਕ ਉਨ੍ਹਾਂ ਨੂੰ ਗੰਠੀਆ ਹੋ ਚੁਕਾ ਸੀ। ਪਰ ਉਹ ਸਮਝਦੇ ਸਨ ਕਿ ਸਰੀਰਕ ਦੁਖ ਮੇਰੀ ਆਤਮਾ ਨੂੰ ਕੰਮ ਕਰਨੋਂ ਨਹੀਂ ਰੋਕ ਸਕਦੇ। ਉਹ ਹਰ ਕੰਮ ਵਲਵਲੇ ਤੇ ਜੋਸ਼ ਵਿਚ ਕਰਦੇ ਸਨ। ਅਤੇ ਹਰ ਕੰਮ ਵਿਚ ਚੱਲ-ਸੋ-ਚੱਲ ਹੀ ਸੀ। ਉਨ੍ਹਾਂ ਦਾ ਡੇਹਰਾ ਦੂਨ ਦਾ ਜੀਵਨ ਤੀਹਰਾ ਜੀਵਨ ਸੀ। (੧) ਸਾਇੰਸ ਦੀ ਖੋਜ, (੨) ਕਤਾਬਾਂ ਲਿਖਣੀਆਂ, (੩) ਲੋਕਾਂ ਨੂੰ ਵਧ ਤੋਂ ਵਧ ਸੁਖ ਪੁਚਾਉਣਾ ਤੇ ਹਰ ਇਕ ਨਾਲ ਮਿਲਤ ਰਖਣੀ।

ਇਨ੍ਹਾਂ ਸਾਰੀਆਂ ਡਿਊਟੀਆਂ ਨੂੰ ਨਿਭਾਉਣ ਵਿਚ ਉਹ ਹਦੋਂ ਵਧ ਕਾਹਲੇ ਸਨ। ਜਦ ਘਰ ਵਿਚ ਆ ਜਾਂਦੇ ਸਨ ਤਾਂ ਸਭੇ ਨੌਕਰਾਂ ਦੇ ਭਾ ਦਾ ਵਖਤ ਪੈ ਜਾਂਦਾ ਸੀ। ਉਹ ਹਰ ਕੰਮ ਕਹਿਣ ਤੋਂ ਵੀ ਪਹਿਲਾਂ ਹੋਇਆ ਲੋੜਦੇ ਸਨ ਅਤੇ ਇਕ ਮਿੰਟ ਦੀ ਦੇਰ ਵੀ ਬਰਦਾਸ਼ਤ ਨਹੀਂ ਸਨ ਕਰ ਸਕਦੇ। ਉਹ ਕਹਿੰਦੇ ਹੁੰਦੇ ਸਨ, 'ਕੁਝ ਸਿਖਣਾ ਹੋਵੇ ਤਾਂ ਇਕ ਦਿਨ ਵਿਚ ਸਿਖੋ ਨਹੀਂ ਤਾਂ ਛਡੋ ਪਰ੍ਹੇ।' ਉਹ ਕਤਾਬਾਂ ਇਕੋ ਵਾਰੀ ਬੈਠੇ ਪੜ੍ਹ ਜਾਂਦੇ ਸਨ।

ਮੈਂ–ਤਾਂ ਫਿਰ ਸਾਇੰਸ ਦੀਆਂ ਖੋਜਾਂ ਵਿਚ ਕਿਵੇਂ ਟਿਕ ਕੇ ਲਗੇ ਰਹਿੰਦੇ ਹੋਣਗੇ।

ਸਰਦਾਰ ਜੀ–ਉਨ੍ਹਾਂ ਦੀਆਂ ਕਾਢਾਂ ਕੋਈ ਤਜਰਬਿਆਂ ਨਾਲ ਕਢੀਆਂ ਕਾਢਾਂ ਨਹੀਂ ਸਨ ਹੁੰਦੀਆਂ, ਸਗੋਂ ਬਿਜਲੀ ਦੇ ਚਮਤਕਾਰੇ ਵਾਂਗ ਉਨ੍ਹਾਂ ਨੂੰ ਸੁਝ ਜਾਂਦੀਆਂ ਸਨ। ਜੱਲੋ ਤੇ ਬਰੇਲੀ ਦਾ ਕਾਰਖਾਨਾ ਉਨ੍ਹਾਂ ਨੂੰ ਸਹਿਜ ਸੁਭਾ ਸੁਝੀਆਂ ਸਕੀਮਾਂ ਹਨ ਤੇ ਉਨ੍ਹਾਂ ਸਕੀਮਾਂ ਤੇ ਇਹ ਅਜ ਤਕ ਚਲ ਰਹੇ ਹਨ। ਮੈਂ ਅਚੰਭਾ ਹੋ ਕੇ ਵੀਰ ਮਦਨ ਮੋਹਨ ਸਿੰਘ ਜੀ ਵਲ ਵੇਖ ਰਿਹਾ ਸਾਂ। ਭਾਵੇਂ ਮੈਂ ਇਨ੍ਹਾਂ ਸਾਰੀਆਂ ਗਲਾਂ ਉਤੇ ਪੂਰਨ ਇਤਬਾਰ ਕਰ ਰਿਹਾ ਸਾਂ, ਤਾਂ ਭੀ ਮੈਂ ਪੁਛਿਆ, 'ਤੇ ਲਿਖਣ ਜਾਂ ਬੋਲਣ ਵੇਲੇ?' ਸ੍ਰ: ਮਦਨ ਮੋਹਨ ਸਿੰਘ ਜੀ ਮੁਸਕਰਾਏ ਤੇ ਕਹਿਣ ਲਗੇ–ਕੁਝ ਲਿਖਣ ਵਾਸਤੇ ਜਾਂ ਬੋਲਣ ਵਾਸਤੇ ਉਨ੍ਹਾਂ ਕਦੇ ਤਿਆਰੀ ਨਹੀਂ ਸੀ ਕੀਤੀ।



ਜਿਸ ਮਜ਼ਮੂਨ ਤੇ ਕਹੋ, ਜਿਸ ਵੇਲੇ ਕਹੋ ਲਿਖਣ ਨੂੰ ਜਾਂ ਬੋਲਣ ਨੂੰ ਤਿਆਰ ਸਨ।

ਮੇਰੀ ਹਰਾਨੀ ਦੀ ਹਦ ਨਾ ਰਹੀ ਤੇ ਮੈਂ ਪੁਛਿਆ, 'ਕੀ ਤ੍ਰਿੰਵਣ ਦੀਆਂ ਸਹੀਆਂ (*Sisters of spinning wheel*) ਤੇ *Spirit of the oriental poetry* ਜਾਂ ਖੁਲ੍ਹੇ ਲੇਖ ਆਦਿ ਉਚੀਆਂ ਤੇ ਵਡੀਆਂ ਕਤਾਬਾਂ ਭੀ ਇਕੋ ਇਕ ਹਲੇ ਦੀ ਮਾਰ ਹਨ?'

ਸਰਦਾਰ ਜੀ–ਹਾਂ, ਅਮੋਲ ਜੀ, ਤੁਸੀਂ ਸ਼ਾਇਦ ਇਕ ਦੋ ਕਤਾਬਾਂ ਲਿਖਣ ਦੀ ਪ੍ਰੇਰਨਾ ਦਾ ਕਾਰਨ ਸੁਣ ਕੇ ਹੋਰ ਭੀ ਹਰਾਨ ਹੋਵੋ।

ਇਕੇਰਾਂ ਪ੍ਰੋ: ਕਸ਼ਮੀਰਾ ਸਿੰਘ ਜੀ ਨੇ ਆਪ ਅਗੇ ਸਵਾਲ ਕੀਤਾ ਕਿ ਅੰਗ੍ਰੇਜ਼ੀ ਕਵਿਤਾ ਦੇ ਸਾਹਮਣੇ ਸਾਡੀ ਕਵਿਤਾ ਕੀ ਹੈ? ਤਾਂ ਆਪਨੇ ਕੁਝ ਜੋਸ਼ ਵਿਚ ਆ ਕੇ ਸਾਰੀ ਕਤਾਬ *Spirit of the oriental poetry* ਕੁਝ ਦਿਨਾਂ ਵਿਚ ਲਿਖ ਕੇ ਉਨ੍ਹਾਂ ਦੇ ਹਵਾਲੇ ਕੀਤੀ ਤੇ ਕਿਹਾ ਕਿ ਇਹ ਲਓ ਤੁਹਾਡੀ ਪੁਛ ਦਾ ਉਤਰ। ਸਿਸਟਰਜ਼ ਔਫ ਦੀ ਸਪਿੰਨਿਗ ਵੀਲ ਆਪ ਦੀ ਤਿੰਨ ਦਿਨਾਂ ਦੀ ਇਕੋ ਬੈਠਕ ਦੀ ਮਿਹਨਤ ਹੈ। ਸਰਦਾਰ ਦੇਵਾ ਸਿੰਘ ਜੀ ਇੰਨਸ-ਪੈਕਟਰ ਆਫ ਸਕੂਲਜ਼ ਨੇ ਇਕ ਵਾਰੀ ਆਪ ਨੂੰ ਕਿਹਾ 'ਪੰਜਾਬੀ ਵਿਚ ਲੇਖਾਂ ਦੀ ਕਤਾਬ ਕੋਈ ਨਹੀਂ।'

ਅਗਲੇ ਦਿਨ 'ਖੁਲ੍ਹੇ ਲੇਖ' ਕਿਤਾਬ ਉਨ੍ਹਾਂ ਦੇ ਮੇਜ

ਉਤੇ ਜਾ ਧਰੀ।

ਮੈਂ–ਕੀ ਛਪ ਚੁਕੀਆਂ ਕਤਾਬਾਂ ਤੋਂ ਬਿਨਾਂ ਕੋਈ ਅਣ ਛਪੀਆਂ ਕਿਤਾਬਾਂ ਭੀ ਉਨ੍ਹਾਂ ਦੀਆਂ ਹਨ ?

ਸਰਦਾਰ ਜੀ–ਬਹੁਤ, ਟਾਲਸਟਾਇ ਦੇ ਇਕ ਨਾਵਲ ਦਾ ਤਰਜਮਾ ਅਧਾ ਛਪਿਆ ਹੈ ਤੇ ਉਸ ਨਾਵਲ ਦਾ ਨਾਂ ਹੈ, ਮੋਇਆਂ ਦੀ ਜਾਗ, ਪਰਕਾਸਿਨਾ ਤੇ ਭਗੀਰਥ ਇਸੇ ਤਰ੍ਹਾਂ ਦੇ ਹੋਰ ਅਣਛਪੇ ਨਾਵਲ ਹਨ। ਪੰਜ ਕਤਾਬਾਂ ਨਜ਼ਮਾਂ ਦੀਆਂ ਹਨ। *1. Vina players.* ***2. Himalayon pines*** *3. The temple tulips, 4.* ***Burning*** *candles, Sptrit of the sikh* (੫) ਬਲਦੇ ਦੀਵੇ। ਇਸੇ ਤਰ੍ਹਾਂ ਇਕ ਕਤਾਬ ਦੋ ਜਿਲਦਾਂ ਵਿਚ ਹੈ *Spirit of the sikh*। ਅੰਗ੍ਰੇਜ਼ੀ ਵਿਚ ਕੁਝ ਛੋਟੀਆਂ ਕਹਾਣੀਆਂ ਭੀ ਹਨ।

ਮੈਂ–ਹਛਾ ਡੇਹਰਾਦੂਨ ਵਿਚ ਪ੍ਰੋਫੈਸਰ ਜੀ ਕਿਚਰ ਕੁ ਕੰਮ ਕਰਦੇ ਰਹੇ ?

ਸਰਦਾਰ ਜੀ–੧੯੧੭ ਵਿਚ ਉਨ੍ਹਾਂ ਨੇ ਡੇਹਰਾਦੂਨ ਤੋਂ ਨੌਕਰੀ ਛਡੀ ਸੀ। ਉਸ ਦਾ ਕਾਰਨ ਕੇਵਲ ਇਹ ਸੀ ਕਿ ਹੁਣ ਉਨ੍ਹਾਂ ਉਤੇ ਇਕ ਹੋਰ ਹਾਕਮ ਲਗਾ ਦਿਤਾ ਗਿਆ ਸੀ। ਉਨ੍ਹਾਂ ਨੇ ਨੌਕਰੀ ਦੀ ਕੀਮਤ ਤੇ ਅਜ਼ਾਦੀ ਖਰੀਦ ਲਈ ਅਤੇ ਉਥੋਂ ਪੈਨਸ਼ਨ ਲੈ ਲਈ।

ਹੁਣ ਉਨ੍ਹਾਂ ਨੂੰ ਗਵਾਲੀਅਰ ਦੇ ਮਹਾਰਾਜੇ ਨੇ ਸਦ ਲਿਆ। ਉਸ ਨੇ ਆਪ ਨੂੰ ੪ ਲਖ ਰੁਪਈਆ ਦਿਤਾ ਤੇ



ਫੈਸਲਾ ਇਹ ਹੋਇਆ ਕਿ ੪ ਸਾਲ ਵਿਚ ਇਹ ਇਕ ਨਵਾਂ ਕਾਰਖਾਨਾ ਚਲਾਉਣਗੇ ਜਿਸ ਵਿਚ ਬਨਸਪਤੀ ਤੋਂ ਬਹੁਤ ਸਾਰੀਆਂ ਚੀਜ਼ਾਂ ਬਣਨਗੀਆਂ। ੪ ਸਾਲ ਤੋਂ ਪਹਿਲਾਂ ਮਹਾਰਾਜੇ ਨੂੰ ਇਨ੍ਹਾਂ ਨਾਲ ਜਾਂ ਇਨ੍ਹਾਂ ਦੇ ਕੰਮ ਨਾਲ ਕੋਈ ਵਾਸਤਾ ਨਹੀਂ ਹੋਵੇਗਾ। ਆਪ ਨੇ ੪ ਲੱਖ ਰੁਪਈਆ ਲੈ ਲਿਆ ਤੇ ਜਮੀਨ ਲੈ ਕੇ ਵਡੇ ਵਡੇ ਦਰਖਤ ਲਵਾਏ, ਜੋ ਕੁਝ ਨਾ ਕੁਝ ਫੈਦਾ ਦੇਣ ਲਗ ਪਏ। ਪਰ ਵਜ਼ੀਰ, ਅਮੀਰ, ਰਾਜੇ ਦੇ ਕੰਨ ਭਰਦੇ ਰਹੇ ਅਤੇ ਉਸ ਨੂੰ ਖਤਰਾ ਪਾ ਦਿਤਾ ਕਿ ਉਸ ਦੀ ਰਕਮ ਖੂਹ ਖਾਤੇ ਪੈ ਜਾਏਗੀ।

ਰਾਜੇ ਨੇ ਇਨ੍ਹਾਂ ਨੂੰ ਸਦਿਆ ਤੇ ਹਿਸਾਬ ਮੰਗਿਆ। ਇਨ੍ਹਾਂ ਨੇ ਉਸਨੂੰ ਉਸਦਾ ਇਕਰਾਰ ਚੇਤੇ ਕਰਾਇਆ ਤੇ ਨਾਲ ਹੀ ੪ ਲਖ ਦੀ ਥਾਂ ਚਾਰ ਲਖ ਚੁਤਾਲੀ ਹਜ਼ਾਰ ਰੁਪਈਆ ਰਾਜੇ ਸਾਹਮਣੇ ਢੇਰੀ ਕਰ ਕੇ ਭਰੇ ਦਰਬਾਰ ਵਿਚ ਬੜੀ ਜੋਸ਼ੀਲੀ ਸਪੀਚ ਕੀਤੀ, ਜਿਸਦੇ ਛੇਕੜ ਉਤੇ ਕਿਹਾ, 'ਅਜ ਸਮਝ ਆਈ ਕਿ ਰਾਜਿਆਂ ਦੇ ਕੰਨ ਹੁੰਦੇ ਹਨ ਅਖਾਂ ਨਹੀਂ ਹੁੰਦੀਆਂ ?' ਇਹ ਕਹਿ ਕੇ ਆਪ ਵਾਪਸ ਆ ਗਏ।

ਰਾਜੇ ਨੇ ਇਨ੍ਹਾਂ ਨੂੰ ਸਾਲ ਭਰ ਛੁਟੀ ਤੇ ਮਿਥ ਲਿਆ ਤੇ ਤਨਖਾਹ ਭੇਜਦਾ ਰਿਹਾ। ਪਰ ਆਪ ਨੇ ਵਾਪਸ ਜਾਣਾ ਨਾ ਮੰਨਿਆ। ਅਖੀਰ ਉਸ ਨੇ ਇਕ ਬੜੀ ਪਿਆਰ ਭਰੀ ਚਿਠੀ ਲਿਖੀ ਕਿ ਭਾਵੇਂ ਇਕ ਮਿੰਟ ਲਏ ਹੀ ਆਪ ਆਓ, ਆਓ ਸਹੀ। ਤਾਂ ਭੀ ਆਪ ਨੇ ਚਿਠੀ ਦੀ

ਉਤਰ ਚਿਠੀ ਵਿਚ ਹੀ ਦੇ ਛਡਿਆ।

ਮੈਂ–ਇਸ ਪਿਛੋਂ ਤਾਂ ਉਨ੍ਹਾਂ ਦਾ ਜੀਅ ਨੌਕਰੀ ਤੋਂ ਬਹੁਤ ਖਟਾ ਹੋ ਗਿਆ ਹੋਵੇਗਾ।

ਸਰਦਾਰ ਜੀ–ਹਾਂ, ਫਿਰ ਆਪ ਨੇ ਨੌਕਰੀ ਨਹੀਂ ਕੀਤੀ। ਇਸ ਤੋਂ ਝਟ ਹੀ ਪਿਛੋਂ ਸਰਦਾਰ ਨਗਰ ਵਿਚ ਸਰਦਾਰ ਸੁੰਦਰ ਸਿੰਘ ਜੀ ਮਜੀਠੀਏ ਦਾ ਖੰਡ ਦਾ ਕਾਰਖਾਨਾ ਖੁਲ੍ਹਾ। ਉਸ ਵਿਚ ਉਨ੍ਹਾਂ ਨੇ ਖੰਡ ਨੂੰ ਸਾਫ ਕਰਨ ਦੇ ਨਵੇਂ ਤੇ ਸਸਤੇ ਢੰਗ ਕਢੇ। ਇਥੇ ਹੀ ਅਜ ਕਲ ਇਨ੍ਹਾਂ ਦੇ ਦੋਸਤ ਡਾਕਟਰ ਖੁਦਾ ਦਾਦ ਕੰਮ ਕਰਦੇ ਹਨ। ਇਹ ਡਾਕਟਰ ਖੁਦਾ ਦਾਦ ਉਹੀ ਹਨ ਜੋ ਕਈ ਵਰ੍ਹੇ ਇਨ੍ਹਾਂ ਨਾਲ ਇਕੋ ਘਰ ਵਿਚ ਰਹੇ।

੧੯੨੬ ਵਿਚ ਆਪ ਨੇ ਜੜ੍ਹਾਂ ਵਾਲੇ ਦੇ ਕੋਲ ਚਕ ਨੰਬਰ ੭੩–੧੯ ਵਿਚ ਕੁਝ ਮੁਰਬੇ *Lease* ਉਤੇ ਲਏ। ਇਨ੍ਹਾਂ ਵਿਚ ਆਪ ਨੇ ਇਕ ਖਾਸ ਕਿਸਮ ਦਾ ਘਾਹ ਬੀਜਿਆ ਜਿਸ ਤੋਂ ਤੇਲ ਕਢਣ ਦਾ ਖਿਆਲ ਸੀ। ਇਨ੍ਹਾਂ ਦਿਨਾਂ ਵਿਚ ਆਪ ਨੂੰ ਬੜੀ ਸਖਤ ਮਿਹਨਤ ਕਰਨੀ ਪੈਂਦੀ ਸੀ ਅਤੇ ਹਰ ਸਾਲ ਵਧ ਤੋਂ ਵਧ ਘਾਟਾ ਸਹਾਰਨਾ ਪੈਂਦਾ ਸੀ। ਹੁਣ ਤਕ ਰੀਠੀਆ ਬਹੁਤ ਵਧ ਚੁਕਾ ਸੀ ਪਰ ਉਹ ਉਸ ਦੀ ਕਦੇ ਪਰਵਾਹ ਨਾ ਕਰਦੇ। ਲੋਕਾਂ ਨੂੰ ਮਿਲਣ ਵਿਚ ਅਗੇ ਨਾਲੋਂ ਵੀ ਵਧ ਸਨ। ੧੯੨੮ ਵਿਚ ਇਕ ਹੜ੍ਹ ਆਇਆ ਜਿਸ ਨਾਲ ਇਨ੍ਹਾਂ ਦੀ ਉਹ ਘਾਹ ਵਾਲੀ ਸਾਰੀ ਫਸਲ ਰੁੜ੍ਹ ਗਈ।



ਆਪ ਉਸ ਵੇਲੇ ਕੋਠੇ ਚੜ੍ਹ ਕੇ ਨਚਣ ਲਗੇ ਤੇ ਗਾਉਂਦੇ ਸਨ:–

ਭਲਾ ਹੋਇਆ ਮੇਰਾ ਚਰਖਾ ਟੁਟਾ ਜਿੰਦ ਅਜਾਬੋਂ ਛੁਟੀ।

ਮੇਰਾ ਸਿਰ ਬੇਵਸੇ ਹੀ ਝੂਮਣ ਲਗ ਪਿਆ। 'ਇਹ ਦੁਖ, ਤੇ ਇਹ ਸਬਰ।' ਬਸ ਇਹੀ ਸੀ ਮੇਰੇ ਦਿਲ ਵਿਚ ਚਕਰ ਲਾ ਰਿਹਾ ਖਿਆਲ। ਇਹ ਸੁਣਦਿਆਂ ਮੈਨੂੰ ਆਪਣੀਆਂ ਅਖਾਂ ਸਾਹਮਣੇ ਫਕੀਰ ਬੁਲ੍ਹੇ ਸ਼ਾਹ ਕੋਠੇ ਉਤੇ ਨਚਦਾ ਦਿਸ ਰਿਹਾ ਸੀ। ਮੈਂ ਦਿਲ ਹੀ ਦਿਲ ਵਿਚ ਸੋਚ ਰਿਹਾ ਸਾਂ–ਸਚਮੁਚ ਉਹ ਸਰੀਰ ਦੀ ਹਦੋਂ ਬਾਹਰ ਸਨ। ਉਹ ਤਾਂ ਕੋਈ ਇਲਾਹੀ ਜੀਅ ਹੋਣਗੇ। ਉਹ ਦਿਮਾਗੀ ਕਾਢਾਂ ਤੇ ਘੁੰਤਰਾਂ ਦੇ ਮਗਰ ਚਲਣ ਵਾਲੇ ਨਹੀਂ ਹੋਣੇ ਸਗੋਂ ਉਹ ਤਾਂ ਕਿਸੇ ਰੂਹਾਨੀ ਮੰਡਲ ਦੇ ਵਸਨੀਕ ਹੋਣਗੇ। ਜਦ ਮੈਂ ਫਿਰ ਆਪੇ ਵਿਚ ਆਇਆ ਤੇ ਜਦ ਮੈਨੂੰ ਯਾਦ ਆਇਆ ਕਿ ਅਸੀਂ ਇਹ ਗਲ ੧੯੨੮ ਦੀ ਕਰ ਰਹੇ ਹਾਂ ਤਾਂ ਮੇਰਾ ਦਿਲ ਘਟਣ ਲਗ ਪਿਆ। ਕਿਉਂਕਿ ਮੈਨੂੰ ਇਉਂ ਜਾਪਣ ਲਗ ਪਿਆ ਜਿਵੇਂ ਇਹ 'ਪ੍ਰੀਤ-ਕਹਾਣੀ' ਮੁਕਣ ਤੇ ਆਈ ਹੈ। ਮੈਂ ਚਾਹੁੰਦਾ ਸਾਂ ਕਿ ਕਿਸੇ ਤਰ੍ਹਾਂ ਇਹ ਮਿਠਾ ਗੀਤ ਛਿੜਿਆ ਰਹੇ। ਭਾਵੇਂ ਇਹ ਕਥਾ ਦੁਖ-ਭਰੀ ਸੀ ਪਰ ਮੈਂ ਜਾਣਦਾ ਹਾਂ ਕਿ ਸਾਡੇ 'ਬਹੁਤ ਸਵਾਦਲੇ ਗੀਤ ਉਹੀ ਹੁੰਦੇ ਹਨ ਜੋ ਸਾਡੇ ਬਹੁਤ ਵਡੇ ਦੁਖ ਨੂੰ ਦਸ ਰਹੇ ਹੋਣ।'

ਇਸ ਵੇਰੀ ਤਾਂ ਮਦਨ ਮੋਹਨ ਸਿੰਘ ਜੀ ਨੇ ਭੀ

ਮੇਰਾ ਸਾਥ ਦਿਤਾ। ਉਹ ਮੈਨੂੰ ਆਪਣੇ ਖਿਆਲਾਂ ਵਿਚ ਮਸਤ ਛਡ ਕੇ ਅਗੇ ਵਾਂਗ ਅਗੇ ਨਾ ਲੰਘ ਗਏ। ਸਗੋਂ ਉਹ ਅਜੇ ਚੁਪ ਹੀ ਬੈਠੇ ਸਨ, ਜੋ ਡਾਕਟਰ ਸਾਹਿਬ ਆਪਣੀ ਧੀਮੀ ਚਾਲ ਨਾਲ ਅੰਦਰ ਆਏ ਤੇ ਕਹਿਣ ਲਗੇ, 'ਵਕਤ ਬਹੁਤ ਹੋ ਗਿਆ ਹੈ, ਆਓ ਪਰਸ਼ਾਦ ਛਕੀਏ।' ਇਹ ਕਹਿ ਕੇ ਉਹ ਅਗੇ ਤੁਰੀ ਗਏ। ਮਦਨ ਮੋਹਨ ਸਿੰਘ ਜੀ ਨੇ 'ਹਛਾ ਜੀ' ਕਹੀ ਪਰ ਮੈਨੂੰ ਇਹੋ ਜਾਪਿਆ ਕਿ ਅਜੇ ਮਸਾਂ ਸਾਨੂੰ ਗਲੀਂ ਲਗਿਆਂ ਅਧਾ ਘੰਟਾ ਹੀ ਹੋਇਆ ਹੋਵੇਗਾ।

ਮਦਨ ਮੋਹਨ ਸਿੰਘ ਜੀ ਨੇ ਹੁਣ ਫਿਰ ਕਹਿਣਾ ਸ਼ੁਰੂ ਕੀਤਾ, 'ਪ੍ਰੋਫੈਸਰ ਜੀ ਕਿਸੇ ਨੂੰ ਮਿਲਣ ਤੋਂ ਨਾ ਝਕਦੇ। ਲਾਇਲਪੁਰ ਵਿਚ ਉਨ੍ਹਾਂ ਦੇ ਇਕ ਦੋਸਤ ਸਨ, ਜਿਨ੍ਹਾਂ ਨੂੰ ਤਪਦਿਕ ਹੋ ਚੁਕੀ ਸੀ। ਅਸੀਂ ਬਥੇਰਾ ਟੋਕਦੇ, ਪਰ ਪਿਤਾ ਜੀ ਉਸ ਨੂੰ ਗਲਵਕੜੀਆਂ ਪਾ ਪਾ ਮਿਲਦੇ ਤੇ ਉਸ ਦੇ ਨਾਲ ਬਹਿ ਬਹਿ ਖਾਂਦੇ। ਸ਼ਾਇਦ ਇਸੇ ਕਰਕੇ ਇਨ੍ਹਾਂ ਨੂੰ ਭੀ ਇਹ ਤਕਲੀਫ ੧੯੩੦ ਵਿਚ ਹੋ ਗਈ।

ਹੁਣ ਕੇਵਲ ਇਕੋ ਵਾਕ ਬਾਕੀ ਸੀ। ਜੋ ਉਹ ਸੁਣਾਉਣ ਨੂੰ ਤਿਆਰ ਨਹੀਂ ਸਨ ਤੇ ਮੈਂ ਸੁਣਨ ਵਲੋਂ ਘਬਰਾ ਰਿਹਾ ਸਾਂ। ਇਸ ਵੇਲੇ ਡਾਕਟਰ ਸਾਹਿਬ ਫਿਰ ਆਏ ਤੇ ਕਹਿਣ ਲਗੇ, 'ਪਰਸ਼ਾਦਾ ਠੰਢਾ ਹੁੰਦਾ ਹੈ।'

ਅਖੀਰੀ ਵਾਕ ਨੂੰ ਹੋਰ ਪਿਛੇ ਪਾਉਣ ਬਦਲੇ ਮੈਂ ਕਰੜਾ ਦਿਲ ਕਰਕੇ ਗੱਲ ਨੂੰ ਪਰਤਾਇਆ, 'ਉਹ, ਬਜ਼ੁਰਗ



ਮਾਤਾ ਪਿਤਾ ਇਸ ਬੀਮਾਰੀ ਵੇਲੇ ਆਪ ਦੇ ਕੋਲ ਹੀ ਸਨ ਨਾ ?'

ਸਰਦਾਰ ਜੀ–'ਨਹੀਂ, ਉਨ੍ਹਾਂ ਦੇ ਮਾਤਾ ਜੀ ਤਾਂ ੧੯੧੮ ਵਿਚ ਸੁਰਗ ਬਾਸ ਹੋ ਚੁਕੇ ਸਨ ਤੇ ਉਨ੍ਹਾਂ ਦੇ ਪਿਤਾ ਜੀ ਨੂੰ ਉਨ੍ਹਾਂ ਦੀ ਬੀਮਾਰੀ ਦਾ ਪਤਾ ਹੀ ਨਹੀਂ ਸੀ ਦਿਤਾ ਗਿਆ। ਪਰ ੧੫ ਮਾਰਚ ੧੯੩੧ ਨੂੰ ਉਨ੍ਹਾਂ ਨੂੰ ਪਤਾ ਲਗ ਹੀ ਗਿਆ ਕਿ ਪ੍ਰੋਫੈਸਰ ਜੀ ਦੀ ਹਾਲਤ ਖਤਰਨਾਕ ਹੈ। ੯੦ ਸਾਲ ਦੀ ਉਮਰ ਵਿਚ ਇਹ ਖਬਰ ਉਨ੍ਹਾਂ ਦੀ ਸਹਿਣ ਸ਼ਕਤੀ ਤੋਂ ਬਹੁਤ ਜ਼ੋਰਾਵਰ ਸੀ। ਅਗਲੇ ਦਿਨ ਹੀ ਬਾਬਾ ਜੀ ਇਸ ਅਸਾਰ ਸੰਸਾਰ ਤੇ ਨਹੀਂ ਸਨ। ਇਜੇਹੇ ਪੁਤਰ ਦੀ ਅਖੀਰੀ ਘੜੀ ਵੇਖਣ ਨਾਲੋਂ ਆਪਣੇ ਉਤੇ ਅਖੀਰੀ ਘੜੀ ਵਰਤਾਉਣੀ ਬਹੁਤ ਸੌਖੀ ਸੀ।

ਹੁਣ ਫਿਰ ਅਸੀਂ ਛੇਕੜਲੇ ਵਾਕ ਉਤੇ ਪੁਜ ਗਏ, ਉਸ ਵਿਚ ੩੧ ਮਾਰਚ ੧੯੩੧ ਜ਼ਰੂਰੀ ਲਫਜ਼ ਹੋਣਗੇ।

ਹੁਣ ਮਦਨ ਮੋਹਨ ਸਿੰਘ ਜੀ ਨੇ ਮੈਨੂੰ ਉਨ੍ਹਾਂ ਦੀ ਰਚੀ ਕਤਾਬ *Spirit of the oriental poetry* ਵਿਚੋਂ ਕੁਝ ਟੋਟਕੇ ਸੁਣਾਏ। ਪਰਸ਼ਾਦ ਦਾ ਸੁਨੇਹਾ ਮੁੜ ਆਇਆ। ਪਰਸ਼ਾਦ ਛਕਣ ਲਗਿਆਂ ਹੀ ਮੈਨੂੰ ਵਕਤ ਦਾ ਚੇਤਾ ਆਇਆ ਤਾਂ ਪਤਾ ਲਗਾ ਕਿ ਇਕ ਵਜਣ ਵਿਚ ਕੇਵਲ ਪੰਜ ਮਿੰਟ ਬਾਕੀ ਸਨ।

ਗਡੀ ਦਾ ਵਕਤ ਨੇੜੇ ਹੋਣ ਕਰਕੇ ਮੈਨੂੰ ਇਸ ਰਸ-ਦਾਤੇ ਸੰਗ ਤੋਂ ਛੇਤੀ ਹੀ ਵਿਛੜਨਾ ਪਿਆ।

# ਪੰਜਾਬੀਆਂ ਦਾ ਪੰਜਾਬੀ

(ਵਲੋਂ ਸ੍ਰੀ ਯੁਤ ਪ੍ਰੋ: ਦੇਵਿੰਦਰ ਸਤਿਆਰਥੀ ਜੀ)

ਇਕੋ ਜਿਹੇ ਮਿਤਰ ਪਿਆਰਿਆਂ ਵਿਚ ਬੈਠ ਕੇ ਦਿਲ ਦੇ ਗੁਬਾਰ ਕਢਣ ਦੀ ਰੀਝ ਭੀ ਜੀਵਨ ਦੀ ਇਕ ਮਿਠੀ ਸਧਰ ਹੈ। ਵਿਦਵਾਨ ਬਜ਼ੁਰਗਾਂ ਦੀ ਸੰਗਤ ਵੀ ਬਹੁਤ ਕੁਝ ਸਿਖਾਉਂਦੀ ਹੈ, ਪਰ ਹਾਣੀ ਯਾਰ ਬੇਲੀਆਂ ਦੀਆਂ ਗਲਾਂ ਕਈ ਵਾਰੀ ਸੁਤੇ ਵਲਵਲੇ ਜਗਾ ਦੇਂਦੀਆਂ ਹਨ।

ਮਾਰਚ ੧੯੩੪ ਦੀ ਗਲ ਹੈ। ਅਸੀਂ ਕਈ ਮਿਤਰ ਕਲਕਤੇ ਦੇ ਈਡਨ ਗਾਰਡਨ ਵਿਚ ਬੈਠੇ ਸਾਂ। ਸਾਹਮਣੇ ਇਕ ਸੁਹਾਵਣਾ ਦ੍ਰਿਸ਼ ਸੀ। ਤ੍ਰੇਲ-ਸਿੰਜੇ ਬਸੰਤੀ ਫੁਲ ਸਵੇਰ ਦੇ ਸੂਰਜ ਦੀਆਂ ਸੁਨਹਿਰੀ ਕਿਰਨਾਂ ਨਾਲ ਗਲਵਕੜੀਆਂ ਪਾ ਰਹੇ ਸਨ। ਫੁਲਾਂ ਦੇ ਆਲੇ ਦੁਆਲੇ ਤਿਤਰੀਆਂ ਉਡ ਰਹੀਆਂ ਸਨ। ਇਉਂ ਜਾਪਦਾ ਸੀ ਜਿਵੇਂ ਤਿਤਰੀਆਂ ਕਹਿ ਰਹੀਆਂ ਹੋਣ, ਫੁਲਾਂ ਉਤੇ ਸਾਡੇ ਖੰਭਾਂ ਵਰਗੇ ਰੰਗ ਕਿਥੇ ਹਨ? ਨਾ ਫੁਲ ਸਾਡੇ ਵਾਰੂੰ ਉਡ ਹੀ ਸਕਦੇ ਹਨ।

ਇਕ ਮਿਤਰ ਨੇ ਫੁਲਾਂ ਤੇ ਤਿਤਰੀਆਂ ਵਲ ਅਰਥ ਭਰੀਆਂ ਅਖਾਂ ਨਾਲ ਵੇਖਦਿਆਂ ਕਿਹਾ, 'ਕਿਹਾ ਚੰਗਾ ਹੁੰਦਾ ਜੇ ਮੈਂ ਵੀ ਇਕ ਤਿਤ੍ਰੀ ਹੁੰਦਾ ਤੇ ਇਸੇ ਤਰ੍ਹਾਂ ਸੁਨਹਿਰੀ



ਕਿਰਨਾਂ ਨਾਲ ਗਲਵਕੜੀ ਪਾਂਦੇ ਫੁਲਾਂ ਦੇ ਆਲੇ ਦੁਆਲੇ ਉਡਦਾ ਫਿਰਦਾ।

"ਚੰਗੇ ਲੋਕ ਇਨ੍ਹਾਂ ਹੀ ਤਿਤਰੀਆਂ ਵਾਗੂੰ ਜੀਵਨ-ਫੁਲਵਾੜੀ ਵਿਚ ਉਡ ਉਡ ਕੇ ਮੌਜਾਂ ਮਾਣਦੇ ਹਨ।"

ਇਹ ਸਿਰਫ ਭੂਮਿਕਾ ਹੀ ਸੀ। ਹੁਣ ਅਸੀਂ ਅਸਲ ਗਲ ਉਤੇ ਆਏ। ਕਈ ਲਿਖਾਰੀਆਂ ਤੇ ਉਨ੍ਹਾਂ ਦੀ ਲਿਖਤ ਬਾਰੇ ਚਰਚਾ ਹੋਈ। ਬੰਕਮ ਤੇ ਟੈਗੋਰ ਜਿਹੇ ਬੰਗਾਲੀ ਸਟੇਸ਼ਨਾਂ ਤੋਂ ਹੁੰਦੇ ਹੋਏ ਸਾਡੇ ਵਿਚਾਰਾਂ ਦੀ ਗਡੀ ਕਈ ਹਿੰਦੀ ਸਟੇਸ਼ਨਾਂ ਤੇ ਠਹਿਰੀ। ਇਉਂ ਕਲਕਤਿਓਂ ਚਲਦੇ ਅਸੀਂ ਪੰਜਾਬ ਵਿਚ ਆ ਪੁਜੇ ਅਤੇ ਪੰਜਾਬੀ ਸਟੇਸ਼ਨਾਂ ਵਿਚ ਪ੍ਰੋਫੈਸਰ ਪੂਰਨ ਸਿੰਘ ਜੀ ਵਾਲਾ ਸਟੇਸ਼ਨ ਖਾਸ ਤੌਰ ਤੇ ਪਸਿੰਦ ਕੀਤਾ ਗਿਆ।

ਪ੍ਰੋ: ਪੂਰਨ ਸਿੰਘ ਜੀ ਦੀ ਪੰਜਾਬੀ ਲਿਖਤ ਨਾਲ ਮੇਰੀ ਜਾਣ ਪਛਾਣ ਹਾਲੇ ਇਵਾਣੀ ਹੀ ਸੀ। ਪਰ ਉਨ੍ਹਾਂ ਦੀਆਂ ਅੰਗ੍ਰੇਜ਼ੀ ਪੁਸਤਕਾਂ ਕਈ ਵਰ੍ਹਿਆਂ ਤੋਂ ਮੇਰਾ ਮਨ ਮੋਹ ਚੁਕੀਆਂ ਸਨ। ਖਾਸ ਕਰਕੇ *sisters of the spinning wheel* (ਤ੍ਰਿਵਣ ਦੀਆਂ ਸਹੀਆਂ) ਮੈਂ ਦੋ ਤਿੰਨ ਵਾਰ ਪੜ੍ਹ ਚੁਕਾ ਸੀ ਤੇ ਹਰ ਵਾਰ ਇਹ ਪੜ੍ਹਦਿਆਂ ਇਕ ਨਵੀਂ ਮਸਤੀ ਆਈ ਸੀ।

ਪਰ ਬਹੁ ਸੰਮਤੀ ਪ੍ਰੋ: ਪੂਰਨ ਸਿੰਘ ਜੀ ਦੀ ਪੰਜਾਬੀ ਲਿਖਤ ਬਾਬਤ ਚਰਚਾ ਕਰਨ ਲਈ ਹੀ ਹੋਈ। ਅਗਵਾਈ

ਕਰਦਿਆਂ ਇਕ ਮਿਤਰ ਨੇ ਕਿਹਾ, 'ਸਾਡਾ ਪੂਰਨ ਸਿੰਘ ਤਾਂ ਖੁਲ੍ਹੇ ਲੇਖ, ਖੁਲ੍ਹੇ ਘੁੰਡ ਤੇ ਖੁਲ੍ਹੇ ਮਦਾਨ ਆਦਿਕ ਦਾ ਖੁਲ੍ਹਾ ਲਿਖਾਰੀ ਹੈ। ਪੰਜਾਬੀ ਸਾਹਿਤ ਵਿਚ ਇਨ੍ਹਾਂ ਤਿੰਨਾਂ ਪੁਸਤਕਾਂ ਨੇ ਆਪਣੀ ਆਪਣੀ ਥਾਂ ਲੁੜੀਂਦਾ ਵਾਧਾ ਕੀਤਾ ਹੈ। ਇਹ ਵੱਖਰੀ ਗਲ ਹੈ ਕਿ ਇਹ ਚਿਰ ਤਕ ਜੀਉਣ ਵਾਲੀਆਂ ਪੁਸਤਕਾਂ ਪੰਜਾਂ ਦਰਿਆਵਾਂ ਦੀ ਧਰਤੀ ਉਤੇ ਵੱਸਣ ਵਾਲਿਆਂ ਦੀਆਂ ਹਰ ਮਨ ਪਿਆਰੀਆਂ ਪੁਸਤਕਾਂ ਨਹੀਂ ਬਣ ਸਕੀਆਂ। ਪਰ ਇਹ ਗਲ ਤਾਂ ਮੰਨਣੀ ਹੀ ਪਏਗੀ ਕਿ ਇਹ ਇਕ ਚਲਦਾ ਪਰਵਾਹ ਹੈ, ਜਿਸ ਨੇ ਸੁਹਜ ਪਾਰਖੀ ਪੂਰਨ ਸਿੰਘ ਦੀ ਚਾਵਾਂ-ਮਤੀ ਲੇਖਣੀ ਵਿਚ ਵੰਨ ਸੁਵੰਨਾ ਉਮਾਹ ਲੈ ਆਂਦਾ ਹੈ। ਆਪਣੀ ਮਾਤ ਭਾਸ਼ਾ ਪੰਜਾਬੀ ਨਾਲ ਪੂਰਨ ਸਿੰਘ ਦਾ ਨਿਰੋਲ ਪ੍ਰੇਮ ਪੰਜਾਬੀਆਂ ਨੂੰ ਹਮੇਸ਼ਾਂ ਟੁੰਬਦਾ ਰਹੇਗਾ:–

'ਕਵਿਤਾ ਆਪਣੀ ਹੀ ਬੋਲੀ ਵਿਚ ਉਸ ਖਾਸ ਦੇਸ ਦੇ ਵਾਸੀਆਂ ਨੂੰ ਰੂਹ ਤਕ ਅਪੜਾ ਸਕਦੀ ਹੈ।........ ਜਿਸ ਵੇਲੇ ਪੰਜਾਬੀ ਮਾਵਾਂ ਤੇ ਭੈਣਾਂ ਆਪਣੇ ਪੁਤ ਤੇ ਭਰਾ ਦੇ ਗੁਜਰ ਜਾਣ ਉਪਰ ਰੁਦਨ ਕਰ ਕੇ ਵੈਣ ਪਾਂਦੀਆਂ ਹਨ, ਉਹ ਵੈਣ ਕਦੇ ਭੀ ਅੰਗ੍ਰੇਜ਼ੀ ਜਾਂ ਫਾਰਸੀ ਜਾਂ ਉਰਦੂ ਜਾਂ ਹਿੰਦੀ ਵਿਚ ਨਹੀਂ ਹੋ ਸਕਦੇ। ਸੋ ਜਿਸ ਤਰ੍ਹਾਂ ਮਾਂ ਦੇ ਖੂਨ ਤੇ ਹੱਡੀ ਨਾਲ ਸਾਡਾ ਰਿਸ਼ਤਾ ਹੈ ਉਸੇ ਤਰ੍ਹਾਂ ਉਸ ਦੀ ਬੋਲੀ ਨਾਲ। ਰੂਹ ਤਕ ਮਾਂ ਦੀ ਬੋਲੀ ਹੀ ਅਪੜਦੀ ਹੈ। ਸੋ



ਕਵੀ ਸਦਾ ਆਪਣੀ ਮਾਂ ਦੀ ਬੋਲੀ ਵਿਚ ਰਹਿੰਦਾ ਹੈ। ਇਸੇ ਨੂੰ ਉਚਾ ਕਰਦਾ ਹੈ। ਵਾਕ ਰਚਨਾ ਤਾਂ ਹਰ ਕੋਈ ਹਰ ਬੋਲੀ ਵਿਚ ਕਰ ਸਕਦਾ ਹੈ ਜੇ ਉਸ ਨੂੰ ਅਕਲੀ ਹੁਨਰ ਆਉਂਦਾ ਹੋਵੇ। ਪਰ ਕਵਿਤਾ ਕੋਈ ਪਰਾਈ ਬੋਲੀ ਵਿਚ ਨਹੀਂ ਕਰ ਸਕਦਾ।'

(ਖੁਲ੍ਹੇ ਲੇਖ ਸਫਾ ੩੧)

ਕਵਿਤਾ ਬਾਰੇ ਪੂਰਨ ਸਿੰਘ ਦੇ ਵਿਚਾਰ ਸੁਣਨ ਯੋਗ ਹਨ:–

'ਜਿਸ ਤਰ੍ਹਾਂ ਇਕ ਹਰਨੀ ਮੂੰਹ ਉੱਚਾ ਕਰਕੇ ਆਪਣੇ ਵਿਛੜੇ ਸਾਥੀ ਦੀ ਅਵਾਜ਼ ਸੁਣਦੀ ਹੈ ਤੇ ਬਿਹਬਲ ਹੁੰਦੀ ਹੈ ਤਿਵੇਂ ਹੀ ਕਵੀ ਦੇ ਦਿਲ ਦੀ ਅਵਾਜ਼ ਸਦੀਆਂ ਦੇ ਕੰਨ ਖੜੇ ਕਰ ਦੇਂਦੀ ਹੈ।'

(ਖੁਲ੍ਹੇ ਲੇਖ ਸਫਾ ੨੨)

'ਕਵਿਤਾ ਨੈਣਾਂ ਵਿਚ ਸੁਫਨੇ ਲਟਕਾ ਦਿੰਦੀ ਹੈ।......... ਨਵਾਂ ਅਕਾਸ਼, ਨਵੀਂ ਧਰਤ ਤੇ ਨਵੀਂ ਦੁਨੀਆਂ ਰਚ ਵਿਖਾਂਦੀ ਹੈ। ਹਰ ਇਕ ਜਵਾਨ ਗਭਰੂ ਤੇ ਜਵਾਨ ਕੁੜੀ ਉਪਰ ਆਪਣੀ ਜਵਾਨੀ ਇਕ ਕਵਿਤਾ ਦਾ ਰੰਗ ਜਮਾਂਦੀ ਹੈ। ਉਨ੍ਹਾਂ ਲਈ ਅਕਾਸ਼, ਧਰਤ, ਨਵੇਂ ਹੋ ਜਾਂਦੇ ਹਨ। ਇਕ ਅਜੀਬ ਅਨੋਖਾ ਚਾ ਉਨ੍ਹਾਂ ਦੀ ਰਗ ਰਗ ਵਿਚ ਗੇੜੇ ਲਾਂਦਾ ਹੈ। ਭਾਵੇਂ ਉਸ ਜਵਾਨੀ ਦਾ ਰੰਗ ਕਸੁੰਭੇ ਦਾ ਰੰਗ ਹੁੰਦਾ

ਹੈ, ਥੋੜਾ ਚਿਰ ਰਹਿੰਦਾ ਹੈ, ਸ਼ਰਾਬ ਦੇ ਨਸ਼ੇ ਵਾਂਗ ਉਤਰ ਜਾਂਦਾ ਹੈ, ਤਾਂ ਭੀ ਇਕ ਭਾਨ ਮਾਤਰ ਵਿਖਾਵਾ ਤਾਂ ਕਵਿਤਾ ਦੇ ਰੰਗ ਦਾ ਹਰ ਕੋਈ ਆਪ ਬੀਤੀ ਗਲ ਵਾਂਗ ਸਾਖਿਆਤ ਕਰ ਲੈਂਦਾ ਹੈ।'

(ਖੁਲ੍ਹੇ ਲੇਖ ਸਫਾ ੨੨ ਤੇ ੨੩)

'ਕਵਿਤਾ ਪਿਆਰ ਦਾ ਕਵਾਰਾਪਣ ਹੈ। ਅੰਦਰ ਦੀ ਸੱਚੀ ਪ੍ਰਤੀਤ ਦਾ ਇਕ ਸੋਹਣਾ ਸੁਫ਼ਨਾ ਹੈ ਤੇ ਜੀਵਨ ਕਲੀ ਦਾ ਚਟਕਣਾ ਹੈ।' (ਖੁਲ੍ਹੇ ਲਖ ਸਫਾ ੩੭)

ਇਸ ਪਿਛੋਂ ਇਕ ਦੂਸਰੇ ਮਿਤਰ ਨੇ ਕਹਿਣਾ ਸ਼ੁਰੂ ਕੀਤਾ, 'ਪੂਰਨ ਸਿੰਘ ਦੀ ਲਿਖਤ ਵਿਚ ਜਪਾਨ ਤੋਂ ਕਾਫੀ ਪ੍ਰੇਰਨਾ ਆਈ ਜਾਪਦੀ ਹੈ। ਖੁਲ੍ਹੇ ਲੇਖ ਦੇ ਮੁਖਬੰਧ ਵਿਚ ਉਨ੍ਹਾਂ ਨੇ ਆਪ ਲਿਖਿਆ ਹੈ:—

'ਜਾਪਾਨ ਦੇ ਲੋਕਾਂ ਦੇ ਜੀਵਨ ਤੇ ਜੀਵਨ ਆਦਰਸ਼ਾਂ ਵਲ ਕਈ ਇਸ਼ਾਰੇ ਕੀਤੇ ਹਨ। ਮੈਂ ਤਕਰੀਬਨ ਚਾਰ ਸਾਲ ਜਾਪਾਨ ਵਿਚ ਰਿਹਾ ਹਾਂ ਅਰ ਉਨ੍ਹਾਂ ਦਾ ਜੀਵਨ ਅਖੀਂ ਡਿਠਾ ਹੈ।'

ਮਹਾਤਮਾਂ ਬੁਧ ਦੀ ਛੁਹ ਨਾਲ ਨਿਹਾਲ ਹੋਇਆ ਜਾਪਾਨ ਪੂਰਨ ਸਿੰਘ ਨੂੰ ਕਵਿਤਾ ਰੂਪ ਹੀ ਦਿਸਿਆ ਸੀ—

'ਬੁਧ ਮਤ ਦਾ ਸਦੀਆਂ ਦਾ ਅਸਰ ਜਾਪਾਨ ਦੇਸ ਦੇ ਸਾਰੇ ਜੰਗਲਾਂ ਤੇ ਪਰਬਤਾਂ ਤੇ ਬ੍ਰਿਛਾਂ ਪਰ ਇਸ ਤਰ੍ਹਾਂ ਹੋਇਆ ਹੈ ਕਿ ਮਨੁਖ ਤੇ ਕੁਦਰਤ



ਦੀ ਇਕ ਸਾਂਝੀ ਧੜਕਦੀ ਜਿੰਦ ਦੀ ਨਬਜ਼ ਦੀ ਅਵਾਜ਼ ਸੁਣਾਈ ਦੇਂਦੀ ਹੈ। ਮੁਲਕ ਸਾਰਾ ਸਮੁੰਦਰ ਸਾਰਾ ਕਵਿਤਾ ਦਾ ਰੂਪ ਹੋ ਗਿਆ ਜਾਪਦਾ ਹੈ।'

(ਖੁਲ੍ਹੇ ਲੇਖ ਸਫਾ ੩੧)

ਇਸ ਵਿਚ ਕੋਈ ਸ਼ਕ ਨਹੀਂ ਕਿ ਕਈ ਵਾਰੀ ਸੁਣਨ ਵਿਚ ਜੋ ਸੁਆਦ ਆਉਂਦਾ ਹੈ ਉਹ ਸੁਣਾਉਣ ਵਿਚ ਨਹੀਂ। ਉਸ ਦਿਨ ਮੈਂ ਆਪਣੇ ਮਿਤਰਾਂ ਤੋਂ ਕੇਵਲ ਸੁਣਨਾ ਹੀ ਚਾਹੁੰਦਾ ਸਾਂ। ਕੁਝ ਸੁਣਾਉਣ ਦੀ ਭੁਖ ਬਿਲਕੁਲ ਨਹੀਂ ਸੀ। ਹਮੇਸ਼ਾਂ ਅਜਿਹੇ ਮਿਤਰ ਨਹੀਂ ਮਿਲਦੇ ਜੋ ਬਿਨਾਂ ਕੁਝ ਸੁਣੇ ਹੀ ਸੁਣਾਉਂਦੇ ਚਲੇ ਜਾਣ। ਮੈਨੂੰ ਚੁਪ ਵੇਖ ਕੇ, ਇਸ ਚਰਚਾ ਦੇ ਆਗੂ ਮਿਤਰ ਨੇ ਕਿਹਾ, 'ਇਹ ਚੁਪ ਗੁਪ ਇਥੇ ਨਹੀਂ ਜੇ ਚਲਣੀ।'

'ਚੰਗਾ, ਮੈਂ ਵੀ ਕੁਝ ਬੋਲ ਲਵਾਂਗਾ ਪਰ ਪਹਿਲਾਂ ਰਜ ਕੇ ਸੁਣ ਵੀ ਲੈਣ ਦਿਓ ਨਾ।' ਮੈਂ ਹੌਲੀ ਜਿਹੀ ਕਿਹਾ।

ਇਕ ਹੋਰ ਸਜਣ ਨੇ ਕਹਿਣਾ ਸ਼ੁਰੂ ਕੀਤਾ, 'ਭਾਈ ਵੀਰ ਸਿੰਘ ਜੀ ਦੀ ਸੰਗਤ ਨਾਲ ਪੂਰਨ ਸਿੰਘ ਜੀ ਦੀ ਲਿਖਤ ਵਿਚ ਇਕ ਖਾਸ ਤਰ੍ਹਾਂ ਦੀ ਸਿਖ ਰੰਗਣ ਆਈ ਹੈ। ਨਾਲੇ ਪੰਜਾਬੀ ਵਿਚ ਲਿਖਣ ਦੀ ਰੀਝ ਜਾਗੀ ਹੈ। ਉਨ੍ਹਾਂ ਨੇ ਲਿਖਿਆ ਭੀ ਹੈ, 'ਪੰਜਾਬੀ ਬੋਲੀ ਮੈਂ ਮਾਂ ਦੇ ਦੁਧ ਨਾਲ ਇੰਨੀ ਨਹੀਂ ਸਿਖੀ, ਹੁਣ ਭੀ ਪੈਂਤੀ ਦੇ ਕਈ ਅਖਰ ਮੈਨੂੰ ਲਿਖਣੇ ਨਹੀਂ ਆਉਂਦੇ। ਪਰ ਜਦ ਮੁੜ ਮੈਂ

ਘਰ ਆਇਆ, ਬਾਪੂ ਨੇ ਦਿਲਾਸਾ ਦਿਤਾ। ਉਹ ਗੁਰੂ ਜੀ ਦੀ ਮਿਹਰ ਦਾ ਦਰਵਾਜ਼ਾ ਜਿਥੋਂ ਮੈਂ ਨਸ ਕੇ ਚਲਾ ਗਿਆ ਸੀ ਮੁੜ ਖੁਲ੍ਹਿਆ। ਮੈਨੂੰ ਅੰਦਰ ਮੁੜ ਦਾਖਲ ਕੀਤਾ ਗਿਆ।

........ ਉਸ ਸੁਭਾਗ ਘੜੀ ਗੁਰੂ ਜੀ ਦੇ ਦਰ ਤੇ ਇਕ ਮਹਾਂ ਪੁਰਖ ਦੇ ਦੀਦਾਰ ਹੋਏ। ਅਰ ਆਪ ਦੇ ਕ੍ਰਿਪਾ ਕਟਾਖਸ਼ਾਂ ਨਾਲ ਪੰਜਾਬੀ ਸਾਹਿਤ ਦਾ ਸਾਰਾ ਬੋਧ ਹੋਇਆ। ਤੇ ਖਿਆਲ ਦੀ ਉਡਾਰੀ ਆਈ। ਕਵਿਤਾ ਮਿਲੀ ਤੇ ਉਸ ਮਿਹਰ ਦੀ ਨਜ਼ਰ ਵਿਚ ਮੈਨੂੰ ਪੰਜਾਬੀ ਬੋਲੀ ਆਪ ਮੁਹਾਰੀ ਆਈ।'

ਇਸ ਦੇ ਪਿਛੋਂ ਇਕ ਹੋਰ ਸਜਣ ਨੇ ਸਭਨਾਂ ਮਿਤਰਾਂ ਦਾ ਧਿਆਨ ਪ੍ਰੋ: ਪੂਰਨ ਸਿੰਘ ਜੀ ਦੇ ਪੰਜਾਬੀ ਸਾਹਿਤ ਸੰਬੰਧੀ ਵਿਚਾਰਾਂ ਵਲ ਦਿਵਾਇਆ-

'ਹਰ ਇਕ ਮੁਲਕ ਤੇ ਕੌਮ ਦਾ ਸਾਹਿੱਤ ਆਪਣੇ ਵਖਰਾਪਣ ਵਿਚ ਹੋ ਕੇ ਸੁਰਜੀਤ ਹੋ ਸਕਦਾ ਹੈ, ਜੇ ਪੰਜਾਬੀ ਹੁਣ ਅੰਗਰੇਜ਼ੀ ਸਾਹਿਤ ਦੀ ਨਕਲ ਕਰੇ, ਤਦ ਭਾਵੇਂ ਕੁਝ ਬਣ ਜਾਵੇ, ਸਾਹਿਤ ਮਰ ਜਾਵੇਗਾ।

ਹਰ ਇਕ ਕੌਮ ਦਾ ਸਾਹਿਤ ਉਸ ਦੀ ਜੀਨੀਅਸ (ਪ੍ਰਤੀਭਾਵ = ਸਫੁਰਜਤਾ) ਦਾ ਸਹਿਜ ਸੁਭਾ ਉਪਜਿਆ ਪ੍ਰਕਾਸ਼ ਹੁੰਦਾ ਹੈ।...... .....ਬੁਲ੍ਹੇ ਸ਼ਾਹ ਨੂੰ ਗੁਰਮੁਖੀ ਮੁਰਸ਼ਦੀ ਰੰਗ ਲਗਾ। ਇਸ ਮੰਦਰ ਦੀ



ਉਸਾਰੀ ਉਸ ਕੀਤੀ। ਵਾਰਸਸ਼ਾਹ ਨੂੰ ਕੁਝ ਥੋੜਾ ਫਕੀਰੀ ਦਾ ਠਰਕ ਹੋਇਆ, ਉਹ ਵੀ ਇਸੀ ਵਿਚ ਗਾ ਉਠਿਆ।

ਕਾਦਰ ਯਾਰ ਆਦਿਕ ਸਭ ਫਕੀਰੀ ਦੇ ਠਰਕ ਵਾਲੇ ਬੰਦੇ ਸਨ। ਜਿਨਾਂ ਵਿਚ ਸਚੇ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ 'ਬੀਰ-ਰਸ' ਭਰਿਆ ਤੇ ਸਤਿਗੁਰਾਂ ਦੇ ਨਿਮਾਣੇ ਸਿਖ ਸਿਪਾਹੀ ਅੰਗ੍ਰੇਜ਼ ਨਾਲ ਲੜਨ ਨੂੰ ਲਹੌਰੋਂ ਨਿਕਲੇ ਤੇ ਜੰਗ ਕੀਤਾ। ਉਸ ਨਜ਼ਾਰੇ ਨੂੰ ਇਕ ਅਜੀਬ ਫਕੀਰੀ ਉਦਾਸੀ ਵਿਚ ਸ਼ਾਹ ਮੁਹੰਮਦ ਨੇ ਗਾ ਦਿਤਾ। ਸ਼ਾਹ ਮੁਹੰਮਦ ਦਾ ਕਿਸਾ ਭੀ ਇਕ ਵੈਰਾਗ ਦੀ ਸ਼ੂਕਦੀ ਨੈਂ ਹੈ। ਗਾ ਗਾ ਕੇ ਰੋਣ ਆਉਂਦਾ ਹੈ, 'ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ ਫੌਜਾਂ ਜਿਤ ਕੇ ਅੰਤ ਨੂੰ ਹਾਰੀਆਂ ਨੀ'।.........ਇਹ ਪਿਆਰ ਕੁਠੀ ਮਰ-ਜਾਣੀ ਸਸੀ ਦੀ ਬੋੱਲੀ ਹੈ। 'ਉਠੀ ਫਜਰੀ ਪੁੰਨੂੰ ਨਜ਼ਰੀ ਨਹੀਂ ਆਇਆ।' ਜਿਸ ਕਦੀ ਪੁੰਨੂੰ ਗਾਵਿਆ ਹੀ ਨਹੀਂ ਉਸ ਕੀ ਕੂਕਣਾ ਹੈ?...........ਕਦੀ ਭੈਣਾਂ ਦੇ ਭਰਾਵਾਂ ਦੇ ਵਿਯੋਗ ਵਿਚ ਕੀਰਨੇ ਸੁਣੇ ਜੇ? ਕਦੀ ਮਾਵਾਂ ਦੇ ਪੁਤਾਂ ਦੇ ਸੱਲਾਂ ਦੀਆਂ ਚੀਕਾਂ ਸੁਣੀਆਂ ਜੇ? ਕਦੀ ਸੋਹਣੀ ਦੀਆਂ ਤਾਘਾਂ ਦੀਆਂ ਲਹਿਰਾਂ ਦੇ ਕਪਰ ਪੈਂਦੇ ਦੇਖੇ ਜੇ? 'ਸਾਹਿਤ ਬਣਾਉਣਾ—

ਉਪਜਣਾ ਤੇ ਉਪਜਾਉਣਾ, ਤਾਂ ਮੰਨਿਆ ਨਾ, ਹੁੰਦਾ ਹੈ। ਭੋਲਿਓ !–ਅੰਗ੍ਰੇਜ਼ਾਂ ਦਾ, ਬੰਗਾਲੀਆਂ ਦਾ, ਮੁਲਾਂ ਦਾ, ਮੁਲਵਾਣਿਆਂ ਦਾ ਕੰਮ ਹੋਵੇ ਤਾਂ ਹੋਵੇ, ਸਸੀ ਨੇ ਜਾਂ ਸੋਹਣੀ ਨੇ ਜਾਂ ਸਾਹਿਬਾਂ ਨੇ ਜਾਂ ਬੁਲ੍ਹੇ ਨੇ ਜਾਂ ਸ਼ਾਹ ਹੁਸੈਨ ਨੇ ਸਾਹਿਤ ਕੀ ਬਣਾਉਣਾ ਹੈ? ਉਹ ਤਾਂ ਉਨ੍ਹਾਂ ਦੇ ਦਿਲਾਂ ਨੂੰ ਚੀਰ ਕੇ, ਧਰਾਂ ਨੂੰ ਫਾੜ ਕੇ ਉਨ੍ਹਾਂ ਦੀਆਂ ਵਿਲੂੰਧਰੀਆਂ ਛਾਤੀਆਂ ਤੇ ਉਗੇ ਲਾਲ ਫੁਲਾਂ ਦਾ ਖੇਤ ਹੈ। ਓ ਭੋਲਿਓ, ਸਾਹਿਤ ਉਪਜਦਾ ਹੈ; ਨਾ ਬੀਜਿਆ ਜਾਂਦਾ ਹੈ, ਨਾ ਬਣਦਾ ਹੈ। ਬੀ ਹਰ ਇਕ ਸ਼ੈ ਦਾ ਹੈ, ਪਰ ਸਾਹਿਤ, ਬਿਨਾਂ ਬੀ ਦੇ ਮੀਂਹ ਵਾਂਗ ਅਰਸ਼ੋਂ ਵਰ੍ਹਦਾ ਹੈ। ਇਕ ਇਕ ਕਤਰੇ ਵਿਚ ਲਖ ਲਖ ਦਰਿਆ' ਹਨ । [ਖੁਲ੍ਹੇ ਲੇਖ ਸਫਾ ੨੪੫ ਤੋਂ ੨੪੭]

ਮੇਰੇ ਪਾਸ ਬੈਠਾ ਇਕ ਮਿਤਰ ਬੋਲ ਉਠਿਆ, 'ਵਾਹਵਾ' ਕਿਹੀ ਸੋਹਣੀ ਭਾਸ਼ਾ ਹੈ। ਕਿਹੇ ਮਨਮੋਹਣੇ ਵਿਚਾਰ ਹਨ, ਇਕ ਹੋਰ ਥਾਂ ਭੀ ਪ੍ਰੋਫੈਸਰ ਸਾਹਿਬ ਨੇ ਪੁਰਾਣੀ ਪੰਜਾਬੀ ਵਾਰਤਾ ਬਾਬਤ ਲਿਖਿਆ ਹੈ–

'ਇਹ ਪੁਰਾਣੀ ਕੋਲਬ੍ਰੂਕ ਸਾਹਿਬ ਦੀ ਲਭੀ ਜਨਮ ਸਾਖੀ ਦੀ ਇਬਾਰਤ ਹੈ। ਆਪਣੀ ਸਾਦਗੀ ਤੇ ਕਮਾਲ ਵਿਚ ਕਿੰਨੀ ਭਾਵ ਭਰੀ, ਮਿੱਠੀ, ਸਰਲ ਤੇ ਰੋਹਬਦਾਬ ਵਾਲੀ ਹੈ।



'ਅੰਮ੍ਰਿਤ ਬਚਨ ਨਸਰ ਵਿਚ ਵੀ ਨਜ਼ਮ ਹਨ ਤੇ ਨਜ਼ਮ ਵਿਚ ਰਬੀ ਗੀਤ, ਉਹ ਬਚਨ, ਸਦਾ ਬੀਰ ਰਸ ਦੇ ਵਜ਼ਨ ਵਿਚ ਹੁੰਦੇ ਹਨ, ਰਸ ਦਾ ਵਜ਼ਨ ਕਦੀ ਸਾਵਣ ਦੇ ਮੀਂਹ ਵਾਂਗ ਛਣ ਛਣ, ਕਦੀ ਸਰਦ ਰਿਤੂ ਦੇ ਨਿਕੇ ਨਿਕੇ ਮੀਂਹ ਵਾਂਗ, ਕਦੀ ਮਾਂ ਨਾਲ ਗਲਾਂ ਕਰਦੇ ਬੱਚੇ ਦੀ ਨਰਮ ਲਮਯਤ, ਜਿਹੜੀ ਆਪ ਮੁਹਾਰੀ ਉੱਚੀ ਹੁੰਦੀ ਜਾਂਦੀ ਹੈ, ਕਦੀ ਕਵਾਰੀ ਕੰਨਿਆਂ ਦੇ ਸ਼ਰਮ ਵਿਚ ਰੰਗੇ, ਕਦੀ ਸਜ ਵਿਆਹੀ ਦੀ ਤੀਬਰ ਨਿਗਾਹ ਦੇ ਵਜ਼ਨਾਂ ਵਿਚ, ਜੀਵਨ ਦੀ ਨਾਜ਼ਕ ਆਬ ਦੀਆਂ ਸ਼ੋਖੀਆਂ ਨਰਮ ਰਾਗ ਹੋ ਨਿਬੜਦੀਆਂ ਹਨ। ਸੋ ਜਦ ਜਿੰਦਾ ਭਾਵਾਂ, ਰੂਹ-ਛੋਹਾਂ ਵਲਵਲਿਆਂ ਦੇ ਨਾਲ ਰੰਗ ਲਫਜ਼ਾਂ ਵਿਚ ਭਰੇ ਜਾਂਦੇ ਹਨ, ਜਾਂ ਦੁਖੜੇ ਗਾਏ ਜਾਂਦੇ ਹਨ, ਜਾਂ ਸੁਖਾਂ ਦੇ ਦਰਦ ਭਰੇ ਸਵਾਦਾਂ ਦੀ ਖੁਸ਼ਬੂ ਖਿਲਰਦੀ ਹੈ ਤੇ ਜਦ ਰੂਹ ਰੂਹਾਂ ਨਾਲ ਆਣ ਜੁੜਦੇ ਹਨ, ਉਹ ਸਭ ਸਾਹਿਤ ਹੈ, ਭਾਵੇਂ ਉਹ ਜੀਵਨ, ਅਖਰਾਂ ਵਿਚ ਲਿਖਿਆ ਜਾਵੇ ਭਾਵੇਂ ਬੇ ਅਖਰਾ ਹੋਵੇ।' (ਸਫਾ ੨੧੦ ਤੇ ੨੧੧)

ਸਭੇ ਮਿਤਰ ਆਪਣੀ ਆਪਣੀ ਗਲ ਕਰ ਚੁਕੇ ਤਾਂ ਮੇਰੀ ਵਾਰੀ ਆਈ । ਮੈਂ ਰਤਾ ਸੰਕੋਚ ਨਾਲ ਹੀ ਅਗੇ ਆਇਆ। ਸੋਚਦਾ ਸਾਂ ਆਪਣੀ ਥੋੜੀ ਜਾਣ ਪਛਾਣ ਨਾਲ

ਮਿਤਰਾਂ ਨੂੰ ਕਿਵੇਂ ਸੰਤੁਸ਼ਟ ਕਰਾਂਗਾ, ਪਰ ਇਸ ਚਰਚਾ ਦੇ ਆਗੂ ਦਾ ਹੁਕਮ ਕਿਵੇਂ ਟਾਲਦਾ। ਮੈਂ ਬੋਲਣਾ ਸ਼ੁਰੂ ਕੀਤਾ, 'ਇਕ ਮਾਖਿਉਂ ਮਿਠਾ ਸਵਾਦ ਹੈ, ਜੋ ਸਾਨੂੰ ਪੂਰਨ ਸਿੰਘ ਦੀ ਸ਼ਖਸੀਅਤ ਨਾਲ ਜਾਣ ਪਛਾਣ ਕਰਨ ਵਿਚ ਆਉਂਦਾ ਹੈ। ਕਿਸੇ ਨੇ ਜ਼ੇਬੁਲਨਿਸਾ ਨੂੰ ਕਿਹਾ ਸੀ, 'ਕਦੇ ਮੈਨੂੰ ਦਰਸ ਵਿਖਾ', ਜ਼ੇਬੁਲਨਿਸਾ ਨੇ ਬੜਾ ਸੋਹਣਾ ਜਵਾਬ ਘਲਿਆ ਸੀ, 'ਮੈਨੂੰ ਵੇਖਣ ਦੀ ਚਾਹ ਹੈ ਤਾਂ ਮੇਰੀ ਕਵਿਤਾ ਪੜ੍ਹ, ਆਪਣੀ ਕਵਿਤਾ ਦੇ ਗੁਲਾਬ ਵਿਚ ਮੈਂ ਸੁਗੰਧ ਵਾਂਗ ਲੁਕੀ ਹੋਈ ਹਾਂ।'

ਇਹ ਕਹਿਣਾ ਠੀਕ ਹੀ ਹੋਵੇਗਾ ਕਿ ਪੂਰਨ ਸਿੰਘ ਦੀ ਲਿਖਤ ਵਿਚ ਅਸੀਂ ਪੂਰਨ ਸਿੰਘ ਨੂੰ ਬੜੀ ਚੰਗੀ ਤਰ੍ਹਾਂ ਵੇਖ ਸਕਦੇ ਹਾਂ। ਬਾਲ ਦਿਲ ਵਾਲਾ ਪੂਰਨ ਸਿੰਘ ਆਪਣੇ ਆਪ ਨੂੰ ਬੇਇਲਮ ਭਾਵੇਂ ਆਖ ਦੇਵੇ ਪਰ ਉਸ ਦੀ ਟੁਟੀ ਭਜੀ ਬੋਲੀ ਵੀ ਗੀਤ ਬਣ ਜਾਂਦੀ ਹੈ–

'ਬਾਲ-ਦਿਲ ਸਬੂਤ ਮੇਰਾ,
ਮੈਂ ਆਪ ਇਕ ਗੀਤ ਹਾਂ,
ਬੋਲੀ ਮੇਰੀ ਟੁਟੀ ਭੱਜੀ,
ਬੇ ਇਲਮ ਜਿਹਾ ਮੈਂ।' (ਖੁਲ੍ਹੇ ਮਦਾਨ ਸਫ਼ਾ ੭੭)

ਮਸਤਾਨਾ ਪੂਰਨ ਸਿੰਘ ਕਿਤੇ ਕਿਤੇ ਆਪਣੇ ਆਪ ਨੂੰ ਇਕ ਉਡਾਰੂ ਜਿਹਾ ਰਸ ਮੰਨਦਾ ਹੈ। ਤਾਹੀਓਂ ਤਾਂ ਉਹ ਕਿਸੇ ਉਚੀ ਸਰਕਾਰ ਦਾ ਦਰਬਾਰੀ ਢਾਡੀ ਬਣ ਗਿਆ ਹੈ–



ਓਇ, ਮੈਂ ਉਡਾਰੂ ਜਿਹਾ ਰਸ ਹਾਂ,
ਮੈਂ ਕਿਸੇ ਆਲੀ ਉਚੀ ਸਰਕਾਰ ਦੇ ਦਰਬਾਰ ਦਾ ਢਾਡੀ,
ਹਥ, ਪੈਰ, ਨੈਣ, ਦਿਲ, ਜਿਗਰ, ਜਾਨ ਵਾਲਾ ਪੂਰਾ
ਮੇਰੇ ਪਿਛੇ ਕਿਉਂ ਲਗੇ ? (ਖੁਲ੍ਹੇ ਘੁੰਡ ਸਫਾ ੨੬)

ਜਿਹੜਾ ਹੋਇਆ ਹੀ ਉਡਾਰੂ ਜਿਹਾ ਰਸ, ਉਸ ਲਈ ਮਦਾਨਾਂ ਦੇ ਘਾਹ ਅਣਪਛਾਤੇ ਕਿਵੇਂ ਹੋ ਸਕਦੇ ਹਨ। ਉਹ ਉਸ ਦੇ ਪਿਆਰੇ ਕੇਸਾਂ ਦਾ ਨਾਂ ਪਏ ਲੈਂਦੇ ਹਨ। ਰਾਤ ਦੀ ਅਖ ਵਿਚ ਆਪਣੇ ਸੁਫਨੇ ਉਹ ਵੇਖ ਸਕਦਾ ਹੈ। ਅਸਗਾਹ ਅਸਮਾਨ ਉਸ ਦੇ ਮਨ ਗਗਨ ਨਾਲੋਂ ਵਖ ਨਹੀਂ ਰਹਿੰਦਾ–

ਖੁਲ੍ਹੇ ਮੈਦਾਨਾਂ ਦੇ ਘਾਹ
ਮੇਰੇ ਕੇਸਾਂ ਦਾ ਨਾਮ ਪਏ ਲੈਂਦੇ
ਕੰਨੀ ਸੁਣੀਆਂ ਮੈਂ ਸਭ ਕਨਸੋਆਂ,
ਰਾਤ ਦੀ ਅਖ ਵਿਚ ਮੇਰਾ ਸੁਪਨਾ
ਅਸਗਾਹ ਨੀਲਾਣ ਵਿਚ ਮੇਰੇ ਮਨ ਗਗਨਾਂ ਦਾ ਝਾਵਲਾ।
(ਖੁਲ੍ਹੇ ਘੁੰਡ ਸਫਾ ੧੩)

ਜਦ ਪੂਰਨ ਸਿੰਘ ਦੀਆਂ ਰੀਝਾਂ ਖੰਭ ਲਾ ਲਾ ਉਡਦੀਆਂ ਹਨ। ਉਹ ਉਡਦੇ ਪੰਖੇਰੂਆਂ ਤੋਂ ਵਖ ਨਹੀਂ ਰਹਿੰਦਾ। ਕਬੂਤਰਾਂ ਦੇ ਨੈਣਾਂ ਵਿਚ ਉਸ ਨੂੰ ਆਪਣੇ ਹੀ ਅਥਰੂ ਦਿਸਦੇ ਹਨ। ਹੰਸਣੀ ਦੇ ਦਰਦ ਬਿਰਹਾਂ ਵਿਚ ਉਸ ਨੂੰ ਕੁਝ ਅਪਣਤ ਦਿਸਦੀ ਹੈ, ਡਾਰ ਤੋਂ ਵਿਛੜੀ

ਕੂੰਜ ਨਾਲ ਰੋਣ ਵਿਚ ਇਕ ਖਾਸ ਸਵਾਦ ਆਉਂਦਾ ਹੈ । ਚੋਗ ਚੁਗੀਂਦੀ ਚਿੜੀ ਦੀ ਚੁੰਜ ਵਿਚ ਉਹ ਮਾਂ ਦਾ ਸੁਚਾ ਪਿਆਰ ਵੇਖ ਲੈਂਦਾ ਹੈ–

"ਕੀ ਖੰਭਾਂ ਵਾਲੇ ਉਡਦੇ ਪੰਖੇਰੂ ਵਖ ਮੈਂ ਥੀਂ ?
ਕੀ ਉਨ੍ਹਾਂ ਦੇ ਨਾਮ ਵਿਚ ਮੇਰਾ ਨਾਮ ਨਹੀਂ ਹੈ ?
ਪਰ ਕਬੂਤਰਾਂ ਦੇ ਨੈਣਾਂ ਵਿਚ ਮੇਰੇ ਅਥਰੂ ਹਨ ।
ਤੇ ਹੰਸਣੀ ਦੇ ਦਿਲ ਵਿਚ ਦਰਦ ਬਿਰਹਾ ਮੇਰਾ ਹੈ ।
ਡਾਰਾਂ ਚੋਂ ਵਿਛੜੀ ਕੂੰਜ ਵਿਚ ਰੋਣਾ ਮੇਰਾ ਆਪਣਾ,
ਤੇ ਚੋਗ ਚੁਗਾਂਦੀ ਚਿੜੀ ਦੀ ਚੁੰਜ ਵਿਚ
ਦਿਸੇ ਮੈਨੂੰ ਆਪਣਾ ਮਾਂ ਪਿਆਰ ਹੈ ।"

(ਖੁਲ੍ਹੇ ਘੁੰਡ ਸਫਾ ੧੦–੧੧)

ਐਨਾ ਕੁ ਕਹਿ ਕੇ ਮੈਂ ਚੁਪ ਹੋ ਗਿਆ । ਪਰ ਸਾਰੇ ਮਿਤਰ ਇਕ ਸੁਰ ਹੋ ਬੋਲ ਉਠੇ, 'ਬਸ ? ਨਹੀਂ ਭਈ ਨਹੀਂ, ਅਸੀਂ ਤੈਥੋਂ ਕੁਝ ਹੋਰ ਭੀ ਸੁਣਨਾ ਚਾਹੁੰਦੇ ਹਾਂ । ਇਹ ਚੰਗੀ ਹੋਈ, ਹੁਣ ਜਦ ਸਵਾਦ ਆਉਣ ਲਗਾ ਤਾਂ ਚੁਪ ਹੋ ਗਈ ।' ਜਦ ਮੈਂ ਵੇਖਿਆ ਕਿ ਮਿਤਰਾਂ ਨੇ ਖਹਿੜਾ ਨਹੀਂ ਛਡਣਾ ਤਾਂ ਕਹਿਣਾ ਸ਼ੁਰੂ ਕੀਤਾ, 'ਪੂਰਨ ਸਿੰਘ ਦਾ ਕਮਾਲ, ਮੇਰੀ ਜਾਚੇ ਪੰਜਾਂ ਦਰਿਆਵਾਂ ਦੀ ਧਰਤੀ ਦੀਆਂ ਘਰੋਗੀ ਝਾਕੀਆਂ ਲਈ ਸਾਡੇ ਪ੍ਰੇਮ ਨੂੰ ਮੁੜ ਜਗਾਉਣ ਦੇ ਜਤਨ ਵਿਚ ਹੀ ਹੈ । ਤਾਂਹੀਓਂ ਮੈਂ ਪੂਰਨ ਸਿੰਘ ਨੂੰ ਅਰਸ਼ੀ ਉਡਾਰੂ ਨਾ ਕਹਿ ਕੇ 'ਪੰਜਾਬੀਆਂ ਦਾ ਪੰਜਾਬੀ' ਹੀ ਕਹਿਣਾ ਚਾਹੁੰਦਾ



ਹਾਂ । ਖਾਸ ਕਰ ਖੁਲ੍ਹੇ ਮਦਾਨ ਦੇ ਮਦਾਨ ਤਾਂ ਹਨ ਹੀ ਪੰਜਾਬ ਦੇ ਮਦਾਨ । ਇਉਂ ਜਾਪਦਾ ਹੈ ਜਿਵੇਂ ਪੂਰਨ ਸਿੰਘ ਦੇ ਰੋਮ ਰੋਮ ਵਿਚੋਂ ਪ੍ਰੇਮ-ਚਸ਼ਮੇ ਵਗ ਕੇ ਇਨ੍ਹਾਂ ਮਦਾਨਾਂ ਨੂੰ ਹਰਿਆਵਲ ਬਖਸ਼ ਰਹੇ ਹਨ ।

## ਪੰਜਾਬ ਦੇ ਕਿਰਸਾਨ

ਪੰਜਾਬ ਪ੍ਰੇਮ ਦੀਆਂ ਖੁਲ੍ਹੀਆਂ ਪੌਣਾਂ ਪੂਰਨ ਸਿੰਘ ਨੂੰ ਪੰਜਾਬ ਦੇ ਪਿੰਡਾਂ ਵਿਚ ਲੈ ਜਾਂਦੀਆਂ ਹਨ । ਹਲ ਵਾਹੁੰਦੇ ਕਿਰਸਾਨ ਉਸ ਨੂੰ ਬਹੁਤ ਹੀ ਪਿਆਰੇ ਲਗਦੇ ਹਨ । ਤੇ ਉਹ ਕਿਰਸਾਨਾਂ ਦਾ ਕਿਰਸਾਣ ਬਣ ਉਠਦਾ ਹੈ:–

"ਓਏ ਮੈਂ, ਪੜ੍ਹਨ ਪੜ੍ਹਾਨ ਸਾਰਾ ਛਡਿਆ ।
ਦਿਲ ਮੇਰਾ ਅਣ ਵਾਹੀਆਂ ਪੈਲੀਆਂ ਵਿਚ ਖੁਭਿਆ ।
ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ ।
ਜਟ ਬੂਟ ਮੇਰੇ ਯਾਰ ਵੇ ।" (ਖੁਲ੍ਹੇ ਮਦਾਨ ਸਫਾ ੧੩)

ਕ੍ਰਿਸਾਨਾਂ ਦੀ ਪ੍ਰੀਤ ਭਰਪੂਰ ਆਉ ਭਗਤ ਪੂਰਨ ਸਿੰਘ ਨੂੰ ਬੜੀ ਛੇਤੀ ਮੋਹ ਲੈਂਦੀ ਹੈ–

'ਲਸੀ ਦਾ ਛੰਨਾ ਦਿੰਦੇ ।
ਬਾਜਰੇ ਦੀ ਰੋਟੀ,
ਮਖਣ ਦੀ ਪਿੰਨੀ ਦਿੰਦੇ,
ਦੁਧ ਦੀਆਂ ਕਟੋਰੀਆਂ,
ਸਾਗ ਦਿੰਦੇ, ਦਾਣੇ ਦਿੰਦੇ ਭੁੰਨੇ,

ਮਕੀ, ਜਵਾਰ ਤੇ ਛੋਲਿਆਂ ਦੇ,
ਪਾਣੀ ਠੰਢਾ ਖੂਹਾਂ ਦਾ ਦਿੰਦੇ,
ਖੁਸ਼ੀ ਦਿੰਦੇ ਪੀਣ ਨੂੰ, ਜੀਣ ਨੂੰ,' (ਖੁਲ੍ਹੇ ਮਦਾਨ ਸਫਾ ੧੩)

ਫਿਰ ਪੂਰਨ ਸਿੰਘ ਸੋਚਦਾ ਹੈ:-

'ਟਿਬੇ ਢੇਰ ਸਾਰੇ, ਢਾਹ ਮਦਾਨ ਕਰਨ,
ਇਹ ਲੋਕੀ ਹਨ, ਮੇਰੇ ਰਬ ਦੀਆਂ ਪੈਲੀਆਂ,
ਬੀਜ ਬੀਜਣ ਇਹ ਹਲ ਚਲਾਣ,
ਜਾਨ ਘਾਲਣ, ਮੀਂਹ ਦੀ ਉਡੀਕ ਕਰਨ,
ਘਾਲਾਂ ਘਾਲਣ ਪੂਰੀਆਂ।
ਖਾਣ ਥੋੜ੍ਹਾ, ਪਹਿਨਣ ਮੋਟਾ ਸੋਟਾ,
ਵੇਖਣ ਮੁੜ ਮੁੜ ਵਲ ਬਦਲਾਂ।
ਇਹ ਹਨ ਜਗ ਦੇ ਭੰਡਾਰੀ।
ਰਾਜੇ ਹੱਥ ਅਡ ਮੰਗਦੇ ਇਥੋਂ ਰੋਟੀਆਂ।'
(ਖੁਲ੍ਹੇ ਮਦਾਨ ਸਫਾ ੯੩ ਤੇ ੯੪)

## ਘਾਹ ਚਰਦੇ ਪਸੂ

ਪਿੰਡਾਂ ਵਿਚ ਘਾਹ ਚਰਦੇ ਪਸੂ ਭੀ ਪੂਰਨ ਸਿੰਘ ਦਾ ਧਿਆਨ ਖਿਚਦੇ ਹਨ:-

'ਸਾਵੇ ਸਾਵੇ ਘਾਹ ਉਤੇ,
ਗਊਆਂ ਤੇ ਮਝੀਆਂ ਦਾ ਚਰਨਾ।
ਸਿਰ ਆਪਣੇ ਨੀਵੇਂ ਕੀਤੇ,



ਪਸ਼ੂਆਂ ਦਾ ਚੁਪ ਚਪੀਤੇ।'
ਚਰਨਾ ਤੇ ਰਜਣਾ ਤੇ ਨਸਣਾ।
(ਖੁਲ੍ਹੇ ਮਦਾਨ ਸਫਾ ੮੧)

ਚਰਦੇ ਪਸੂ ਉਸ ਨੂੰ ਆਦਮੀ ਦੀ ਪਵਿਤ੍ਰ ਜੂਨ ਤੋਂ ਭੀ ਪਵਿਤ੍ਰ ਜਾਪਦੇ ਹਨ-

'ਦੇਖ ਦੇਖ ਮੁੜ ੨ ਮੈਂ ਲੋਚਾਂ
ਮੈਂ ਮੁੜ ਪਸ਼ੂ ਥੀਵਾਂ,
ਮੈਂ ਮੁੜ ਪਸ਼ੂ ਥੀਣ ਨੂੰ, ਆਦਮੀ ਬਣ ਬਣ ਥਕਿਆ।
(ਖੁਲ੍ਹੇ ਮਦਾਨ ਸਫਾ ੮੧)

## ਕੰਮ ਕਰਦੇ ਮਜ਼ੂਰ

ਭੋਲੇ ਭਾਲੇ ਗਰੀਬ ਤੇ ਸੰਤੋਖੀ ਮਜ਼ੂਰਾਂ ਦਾ ਅੰਦਰ ਬਾਹਰ ਇਕ ਵੇਖ ਕੇ ਪੂਰਨ ਸਿੰਘ ਦੇ ਅੰਦਰ ਇਕ ਖਾਸ ਵਲਵਲਾ ਉਪਜਦਾ ਹੈ-

'ਓਇ, ਮਜ਼ੂਰ ਚੰਗੇ ਲਗਦੇ,
ਨਿਕੇ ਨਿਕੇ ਖਿਆਲ ਇਨ੍ਹਾਂ ਦੇ।
ਉਨ੍ਹਾਂ ਵਿਚ ਢਲੀਆਂ ਇਨ੍ਹਾਂ ਦੀਆਂ ਜਿੰਦਗੀਆਂ।
ਸਾਦੇ ਸਾਦੇ ਚਿਹਰੇ ਬੇ ਨਿਕਾਬ ਜਿਹੇ।
ਨਾ ਛੁਪਦੇ ਨਾ ਛੁਪਾਂਦੇ ਕੁਝ ਆਪਣਾ।
ਨੰਗੇ ਨੰਗੇ ਦਿਲ ਇਨ੍ਹਾਂ ਦੇ।
ਭੋਲੇ ਭਾਲੇ ਲੋਕ ਤੇ ਆਲੀਆਂ ਭੋਲੀਆਂ ਗਲਾਂ।

ਇਨ੍ਹਾਂ ਦੀ ਗਰੀਬੀ ਨਿਕੀ।
ਇਨ੍ਹਾਂ ਦਾ ਸੰਤੋਖ ਵਡਾ,
ਇਹ ਠੰਢੇ ਪਾਣੀ ਵਾਂਗ।
ਮੇਰੇ ਜੀਆਂ ਨੂੰ ਠਾਰਦੇ।' (ਖੁਲ੍ਹੇ ਮਦਾਨ ਸਫਾ ੧੨-੧੩)

## ਖੂਹ ਉਤੇ ਪਾਣੀ ਭਰਦੀਆਂ ਕੁੜੀਆਂ

ਇਹ ਝਾਕੀ ਉਲੀਕਣ ਵਿਚ ਸਿਆਣੇ ਚਿਤਰਕਾਰ ਨੇ ਜਿੰਦ-ਭਰ ਦਿਤੀ ਹੈ–

'ਕੋਲ ਇਹ ਖੂਹ ਤੇ ਪਿਪਲ ਹੇਠ,
ਨਿਕੀਆਂ ਵਡੀਆਂ ਘਗਰੀਆਂ,
ਨਿਕੀਆਂ ਨਿਕੀਆਂ ਬਾਹਾਂ,
ਵਡੀਆਂ ਵਡੀਆਂ ਲੱਜਾਂ,
ਕੁੜੀਆਂ ਪੰਜਾਬ ਦੀਆਂ।
ਪਾਣੀ ਪਈਆਂ ਭਰਦੀਆਂ,
ਕੁਝ ਡੋਲ੍ਹਦੀਆਂ ਕੁਝ ਭਰਦੀਆਂ,
ਕੁਝ ਛਿਟੇ ਮਾਰ ਮਾਰ ਵੰਢਾਦੀਆਂ।
ਮੂੰਹ ਤੇ ਪਾਂਦੀਆਂ ਤੋੜ ਤੋੜ ਹਥਾਂ ਨਾਲ।
ਪੈਰਾਂ ਨੂੰ ਨੁਹਾਲ ਦੀਆਂ,
ਆਏ ਗਏ ਕਦੀ ਕਵੀਸ਼ਰ ਨੂੰ,
ਪਾਣੀ ਬੁਕਾਂ ਨਾਲ ਪਿਆਲ ਦੀਆਂ,
ਖੂਹ ਤੇ ਵੀ ਇਕ ਜੀਵਨ ਰੰਗ ਬਰੰਗੀ ਹੈ।



ਦੋ ਗਲਾਂ ਕਰਨੀਆਂ ਕਰਾਣੀਆਂ।
ਦੋ ਸੁਣਨੀਆਂ ਸੁਣਾਣੀਆਂ,
ਉਹ ਇਕ ਦੂਜੀ ਦਾ ਹਥ ਵਟਾਉਣਾ।
ਘੜੇ ਭਰੇ ਭਰੇ ਚਕਣੇ ਚੁਕਾਉਣੇ,
ਰਲ ਮਿਲ ਗਾਉਣਾ, ਹੇਕਾਂ ਲਾਉਣੀਆਂ,'
(ਖੁਲ੍ਹੇ ਮਦਾਨ ਸਫਾ ੧੫ ਤੇ ੧੬)

ਖੂਹ ਉਤੇ ਪਾਣੀ ਭਰਦੀ ਕਿਸੇ ਗਰੀਬ ਕੁੜੀ ਦੇ ਪੁਰਾਣੇ ਝਗੇ ਦੀਆਂ ਲੀਰਾਂ ਉਡਦੀਆਂ ਹਨ ਤਾਂ ਉਹ ਸਹਿਜ ਸੁਭਾਏ ਉਠਦੀ ਹੈ–

'ਫਟਾ ਫਟਾ ਝਗਾ ਇਕ ਜੋਬਨ ਨੂੰ ਕਜਦਾ,
ਅਰਕਾਂ ਨੰਗੀਆਂ ਪਈਆਂ ਹੁੰਦੀਆਂ।
ਤੇ ਛਾਤੀ ਦੀਆਂ ਲੀਰਾਂ ਨੂੰ ਹਵਾ ਪਈ ਚੁਕਦੀ,
ਇਹ ਭੈੜੀ ਹਵਾ ਕਹੀ ਪਈ ਵਗਦੀ।
ਖਾਹ ਮੁਖਾਹ ਛੇੜਦੀ, ਤੰਗ ਪਈ ਕਰਦੀ,
ਮੁੜ ਮੁੜ ਦਸਦੀ ਲੀਰਾਂ ਵਿੱਚੋਂ ਨੰਗੇ ਅੰਗ ਮੇਰੇ,'
(ਖੁਲ੍ਹੇ ਮਦਾਨ ਸਫਾ ੧੮)

ਪਾਣੀ ਭਰਨ ਵਾਲੀਆਂ ਵਿੱਚੋਂ ਕਿਸੇ ਨਿਕੀ ਜਿਹੀ ਕੁੜੀ ਦੇ ਵਾਲ ਪਾਣੀ ਨਾਲ ਭਿਜ ਜਾਂਦੇ ਹਨ। ਫੇਰ ਉਹ ਸੋਚਦੀ ਹੈ ਕਿ ਉਸਦੇ ਗਹਿਣੇ ਰਲ ਮਿਲਕੇ ਉਸ ਦੇ ਰੂਪ ਦੀ ਪ੍ਰਸੰਸਾ ਕਰ ਰਹੇ ਹਨ–

'ਚੁੰਨੀ ਨਿਕੀ ਜਿਹੀ ਮੇਰੇ ਸਿਰ ਤੇ,

ਵਾਲ ਮੇਰੇ ਸਿਜੇ ਖੂਹ ਦੇ ਪਾਣੀਆਂ।
ਵੀਣੀ ਮੇਰੀ ਵਿਚ ਕਚ ਦੀਆਂ ਵੰਗਾਂ,
ਕੰਨਾਂ ਵਿਚ ਚਾਂਦੀ ਸੋਨੇ ਦੇ ਮਛਰਿਆਲੇ।
ਰਲ ਮਲ ਰਲ ਮਿਲ ਗਹਿਣੇ ਸਾਰੇ।
ਮੇਰੀ ਸਿਫਤ ਪਏ ਕਰਦੇ।'

(ਖੁਲ੍ਹੇ ਮਦਾਨ ਸਫਾ ੧੬ ਤੇ ੧੭)

## ਪਾਥੀਆਂ ਪਥਦੀ ਅਹੀਰਨ

ਇਸੇ ਤਰ੍ਹਾਂ ਚਾ ਦੇ ਸੁਚੇ ਉਮਾਹ ਨਾਲ ਨਿਹਾਲ ਹੋਏ ਪੂਰਨ ਸਿੰਘ ਨੇ ਪਾਥੀਆਂ ਪਥਦੀ ਅਹੀਰਨ ਦੀ ਤਸਵੀਰ ਖਿਚਣ ਵਿਚ ਬੜੇ ਉਚੇ ਹੁਨਰ ਦੀ ਸਾਖੀ ਦਿਤੀ ਹੈ–

'ਸਾਹਮਣੇ ਧੁਪ ਵਿਚ ਡਥੀ ਕੰਧ ਨਾਲ,
ਖੜੀ ਸੀ ਇਕ ਜੁਆਨ ਕੁੜੀ, ਲੰਮੀ ਅਹੀਰਨ ਥਾਪੀਆਂ ਗੋਹੇ ਦੀਆਂ ਥਪਦੀ–
ਸਿਰ ਥੀਂ ਪਲਾ ਮਲਮਲ ਦਾ, ਪਿਆ ਉਡਦਾ ਹਵਾ ਵਿਚ,
ਲਹਿੰਗਾ ਸਾਵੀ ਸੂਸੀ ਦਾ, ਮਧਮ ਜਿਹਾ ਸਾਵਾ,
ਕੁਝ ਜਰਾ ਜਰਾ ਕਿਧਰੋਂ ਕਿਧਰੋਂ ਫਟਿਆ ਗੰਢਿਆ ਹੋਇਆ,
ਪਰ ਰੰਗ ਪੁਰਾਣਾ ਵੀ ਪੱਕਾ ਸੋਹਣਾ,
ਕਪੜਾ ਘਸ ਜਾਣ ਨਾਲ ਹੋਰ ਹੋਰ ਸ਼ੋਖਦਾ,
ਵਿਚ ਪੀਲੀਆਂ ਪੀਲੀਆਂ ਪਿੜੀਆਂ, ਰੰਗ ਗੂੜ੍ਹਾ ਪੀਲਾ,



ਕਿਨਾਰਾ ਲਾਲ ਰੱਤਾ ਕਿਰਮਚੀ ਅਧੀ ਗਿਰਾ ਦਾ,
ਇਹ ਲਹਿੰਗਾ ਛੱਲੇ ਛੱਲੇ ਹੋ ਉਸ ਅਹੀਰਨ ਦੇ ਲਕ ਥੀਂ ਢਹਿੰਦਾ ਸੀ ਵਾਂਗ ਇਕ ਵਗਦੇ ਛੰਭ ਦੇ,
ਤੇ ਵਿਚ ਛੰਭ ਦੇ ਸੂਰਜ ਦੀਆਂ ਸੋਨੇ ਦੀਆਂ ਕਿਰਨਾਂ ਦੇ ਰੰਗ ਖੇਡਦੇ ਉਤੇ ਲਹਿੰਗੇ ਦੇ ਝਗਾ ਕੁਝ ਮੈਲਾ ਮੈਲਾ, ਮਲ ਮਲ ਦਾ ਪਤਲਾ, ਜਨਾਨੀ ਦੇ ਗਲ ਸੀ।
ਤੇ ਬੈਠੀ ਸੀ ਥਾਪੀਆਂ ਥਪਦੀ।
ਤੇ ਬਸ ਹੁਣੇ ਉਠੀ, ਕੰਧ ਉਤੇ ਥਾਪੀ ਲਾਣ ਨੂੰ,
ਬਾਹਾਂ ਉਲਾਰ ਦੀ ਉਤਾਂਹ ਨੂੰ, ਹਥ ਸੱਜੇ ਉਤੇ ਥਾਪੀ,
ਅਡੀਆਂ ਚਕ ਚਕਕੇ ਉਠਦੀ, ਕੰਧ ਨਾਲ ਥਾਪੀ ਸੰਭਾਲਦੀ,
ਪਲਾ ਹਵਾ ਉਡਾ ਕੇ ਲੈ ਗਈ,
ਤੇ ਝਗਾ ਵੀ ਬਾਹਾਂ ਉਲਾਰਨ ਦੇ ਸਮੇਂ ਨਾਲੇ ਪਿਆ ਉਡਦਾ,
ਨਾਲੇ ਉਹ ਦਾ ਜੋਬਨਾ,
ਤੇ ਉਛਲਦੀ ਉਹ ਮਜ਼ੂਰੀ ਦੇ ਜੋਸ਼ ਵਿਚ,'

(ਖੁਲ੍ਹੇ ਮਦਾਨ ੧੩੬ ਤੇ ੧੩੭)

"ਪਰ ਅਹੀਰਨ ਦੀ ਇਹ ਮਜੂਰੀ ਹੈ ਕਿਸ ਖਾਤਰ ?
ਮਜੂਰਨ ਉਹ ਕਿਸੀ ਅਣਡਿਠੇ ਪਿਆਰ ਦੀ,
ਮਾਂ ਬਾਲ ਬਚਿਆਂ ਦੀ,
ਬਚਿਆਂ ਦੀ ਖੁਸ਼ੀ ਖਾਤਰ ਗੋਹੇ ਪਈ ਥਪਦੀ।"

## ਪਿੰਡਾਂ ਦੇ ਜਵਾਨ ਮੁੰਡੇ

ਇਨ੍ਹਾਂ ਦੀ ਝਾਕੀ ਕਹੀ ਹੂਬਹੂ ਖਿਚੀ ਹੈ,

'ਇਹ ਬੇਪਰਵਾਹ ਪੰਜਾਬ ਦੇ,
ਮੌਤ ਨੂੰ ਮਖੌਲਾਂ ਕਰਨ,
ਮਰਨ ਥੀਂ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗੁਲਾਮੀ।
ਜਾਨ ਕੋਹ ਆਪਣੀ ਵਾਰ ਦੇਂਦੇ।
ਪਰ ਟੈਂ ਨਾ ਮੰਨਣ ਕਿਸੀ ਦੀ,
ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰ ਕੇ।
ਮੰਨਣ ਬਸ ਇਕ ਆਪਣੀ ਜਵਾਨੀ ਦੇ ਜ਼ੋਰ ਨੂੰ,'

... ...
... ... ...

'ਦੁਨੀਆਂ ਥੀਂ ਵੇਹਲੇ, ਦੀਨ ਥੀਂ ਵਿਹਲੇ, ਰਲੇ ਨਾ ਰਲੀਂਦੇ
ਕਦੀ ਹੁਣ ਇਹ ਜਵਾਨ ਪੰਜਾਬ ਦੇ।'

(ਖੁਲ੍ਹੇ ਮਦਾਨ ਸਫਾ ੧੬੩–੧੬੪)

.. ...
... ... ...

'ਬਾਂਕੇ ਛਬੀਲੇ ਪੰਜਾਬ ਪਿਆਰ ਦੇ ਰਹਿਣ ਵਾਲੇ,
ਪੰਜਾਬੀ ਮਾਂਵਾਂ ਦੇ ਪੁਤ।' (ਖੁਲ੍ਹੇ ਮਦਾਨ ਸਫਾ ੬੬)

## ਪੰਜਾਬ ਦੇ ਦਰਿਆ

ਆਪਣੇ ਵਤਨ ਦੇ ਦਰਿਆ ਕਿਸ ਨੂੰ ਚੰਗੇ ਨਹੀਂ ਲਗਦੇ। ਪੰਜਾਬੀਆਂ ਦੇ ਪੰਜਾਬੀ ਪੂਰਨ ਸਿੰਘ ਦੇ ਦਿਲ ਵਿਚ



ਆਪਣੇ ਦਰਿਆਵਾਂ ਲਈ ਖਾਸ ਧ੍ਰੂ ਜਾਪਦੀ ਹੈ:-

'ਰਾਵੀ ਸੋਹਣੀ ਪਈ ਵਗਦੀ,
ਮੈਨੂੰ ਸਤਲੁਜ ਪਿਆਰਾ ਹੈ,
ਮੈਨੂੰ ਬਿਆਸ ਪਈ ਖਿਚਦੀ,
ਮੈਨੂੰ ਝਨਾਂ ਵਾਜਾਂ ਮਾਰਦੀ,
ਮੈਨੂੰ ਜੇਹਲਮ ਪਿਆਰ ਦਾ,
ਅਟਕਾਂ ਦੀਆਂ ਲਹਿਰਾਂ ਦੀ ਠਾਠ ਮੇਰੇ ਬੂਹੇ ਪਈ ਵਜਦੀ,
ਖਾੜ ਖਾੜ ਚਲਣ ਵਿਚ ਮੇਰੇ ਸੁਫਨਿਆਂ।'

(ਖੁਲ੍ਹੇ ਮਦਾਨ ਸਫਾ ੧੩੧)

## ਹੀਰ ਤੇ ਰਾਂਝਾ

ਹੀਰ ਤੇ ਰਾਂਝੇ ਦੀ ਯਾਦ ਪੂਰਨ ਸਿੰਘ ਦੇ ਦਿਲ ਵਿਚ ਵਲਵਲਿਆਂ ਦਾ ਹੜ ਲੈ ਆਉਂਦੀ ਹੈ। ਇਥੇ ਇਕ ਖਾਸ ਚੇਤੇ ਰਖਣ ਵਾਲੀ ਗਲ ਹੈ, ਕਿ ਪੂਰਨ ਸਿੰਘ ਹੀਰ ਰਾਂਝੇ ਨੂੰ ਕਈ ਪੜਚੋਲੀਆਂ ਵਾਂਗ ਸਿਰਫ ਸੁਪਨਿਆਂ ਦੀ ਦੁਨੀਆਂ ਦੇ ਫਰਜ਼ੀ ਬੰਦੇ ਨਹੀਂ ਸਮਝਦਾ, ਸਗੋਂ ਉਹ ਉਨ੍ਹਾਂ ਨੂੰ ਇਤਿਹਾਸਕ "ਪੰਜਾਬੀ-ਭੌਰੇ" ਮੰਨ ਕੇ ਹੀ ਮੁੜ ਇਨ੍ਹਾਂ ਨੂੰ ਪੰਜਾਬ ਵਿਚ ਫੇਰਾ ਪਾਉਣ ਲਈ ਪ੍ਰੇਰਦਾ ਹੈ। ਰਾਂਝੇ ਨੂੰ ਵੀਰ ਤੇ ਹੀਰ ਨੂੰ ਭੈਣ ਪੰਜਾਬੀ ਸਾਹਿਤ ਵਿਚ ਅਜ ਤਕ ਪਹਿਲੀ ਤੇ ਅਖੀਰਲੀ ਵਾਰ ਕੇਵਲ ਪ੍ਰੋ: ਪੂਰਨ ਸਿੰਘ ਨੇ ਹੀ ਆਖਿਆ ਹੈ-

'ਆ ਵੀਰਾ ਰਾਂਝਿਆ,
ਆ ਭੈਣੇ ਹੀਰੇ।
ਸਾਨੂੰ ਛੋੜ ਨਾ ਜਾਵੋ।
ਤੁਸਾਂ ਬਾਝੋਂ ਅਸੀਂ ਸਖਣੇ।' (ਖੁਲ੍ਹੇ ਮਦਾਨ ਸਫਾ ੧੪੩)

ਝਨਾਂ ਦੇ ਕੰਢੇ ਖਲੋਤੇ ਆਪਣੀ ਵੰਝਲੀ ਵਿਚ ਹੀਰ ਦੇ ਗੀਤ ਗਾਉਂਦੇ ਰਾਂਝੇ ਨੂੰ ਵੇਖਣ ਲਈ ਪੂਰਨ ਸਿੰਘ ਦੀ ਰੀਝ ਸਵਾਦ ਭਰੀ ਹੈ:–

'ਝਨਾਂ ਦੇ ਕੰਢੇ ਖੜਾ ਵੇਖਾਂ ਤੈਨੂੰ,
ਮੋਢੇ ਤੇਰੇ ਕੰਮਲੀ ਤੇ ਜਟਾਂ ਵਾਲੀ ਡਾਂਗ।
ਹਥ ਵਿਚ ਬਾਂਸਰੀ, ਤੇ ਹੀਰ ਹੀਰ ਬੋਲੇ ਤੇਰੀ ਬਾਂਸਰੀ,'
(ਖੁਲ੍ਹੇ ਮਦਾਨ ਸਫਾ ੧੪੪)

ਉਹ ਹੀਰ ਨੂੰ ਨਿਰਾ ਤਕਦਾ ਨਹੀਂ ਸਗੋਂ ਆਖਦਾ ਹੈ–

'ਆ ਹੀਰੇ ਵੇਖ ਤੇਰੇ ਪਤਣ ਆਣ ਅਜ ਉਤਰਿਆ,
ਇਕ ਪਾਤਸ਼ਾਹ ਦਿਲ ਦਾ,
ਜੋਗੀਆਂ ਵਾਲੇ ਰੇਖ ਉਸ ਦੇ,
ਕੁਝ ਅਗੰਮ ਦੇ ਲੇਖ ਉਸਦੇ,
ਇਕ ਸੋਹਣਾ ਰਬ ਜਿਹਾ ਆਦਮੀ।'
(ਖੁਲ੍ਹੇ ਮਦਾਨ ਸਫਾ ੧੪੫–੧੪੬)



ਹੀਰ ਵੀ ਵੇਖਣ ਯੋਗ ਹੈ–
'ਆਂ ਧੀਏ, ਸਿਅ ਲਾਂ ਦੀਏ, ਪੈਰਾਂ ਵਿਚ ਪੰਜੇਬਾਂ ਤੇਰੇ।
ਸੁਥਣ ਤੇਰੀ ਉਚੀ, ਗੁਲਬਦਨ ਬੁਖਾਰੇ ਦੀ,
ਝਗਾ ਤੇਰਾ ਨੀਲਾ ਅਸਮਾਨ ਸਾਰਾ।
ਜਿਸ ਉਤੇ ਗੋਟਾ ਕਿਨਾਰੀ ਚਮਕੇ ਵਾਂਗ ਬਿਜਲੀਆਂ।
ਗਲਵਿਚ ਤੇਰੇ ਕੋਈ ਮਾਂ ਦਿਤੀ, ਸੋਹਣੀ ਮੋਤੀਆਂ ਦੀ ਗਾਨੀ,'

## ਸੁਹਣੀ ਦੀ ਝੁਗੀ

ਸੋਹਣੀ ਦੀ ਪ੍ਰੀਤ ਕਹਾਣੀ। ਪੰਜਾਬੀ ਸਾਹਿਤ ਦੀ ਇਕ ਖਾਸ ਚੀਜ਼ ਹੈ। ਆਮ ਲਿਖਾਰੀ ਸੋਹਣੀ ਨੂੰ ਕਤਾਬਾਂ ਵਿਚ ਹੀ ਵੇਖਦੇ ਹਨ। ਪਰ 'ਪੰਜਾਬੀਆਂ ਦਾ ਪੰਜਾਬੀ' ਪੂਰਨ ਸਿੰਘ ਰਤਾ ਅਗੇ ਵਧਦਾ ਹੈ ਤੇ ਝਨਾਂ ਦੇ ਕੰਢੇ ਪ੍ਰੀਤ ਕੁਠੀ ਸੋਹਣੀ ਦੀ ਝੁਗੀ ਅਜ ਵੀ ਵੇਖ ਸਕਦਾ ਹੈ–

'ਮੈਨੂੰ ਦਿਸਦੀ ਝਨਾਂ ਦੇ ਪਾਰਲੇ ਕੰਢੇ।
ਦੂਰ ਨੂਰ ਵਿਚ ਡੁਬੀ ਨਿਕੀ ਜਿਹੀ ਝੁਗੀ'
... ...
... ...
'ਇਹ ਸੋਹਣੀ ਦਾ ਦਿਲ ਹੈ।
ਇਥੇ ਵਸਦੀ ਸਦਾ ਦੀ ਜ਼ਿੰਦਗੀ,
ਪੰਜਾਬ ਦੀ ਭਖਦੀ ਕੂਕਦੀ ਜਵਾਨੀ।' (ਖੁਲ੍ਹੇ ਮਦਾਨ ੯੪)

## ਪੁਰਾਣੇ ਪੰਜਾਬ ਦੀ ਯਾਦ

ਕਲਪਣਾ ਦੀ ਦੂਰਬੀਨ ਰਾਹੀਂ ਪੁਰਾਣੇ ਜਮਾਨਿਆਂ

ਦੀਆਂ ਤਸਵੀਰਾਂ ਵੇਖਣੀਆਂ ਹਰ ਇਕ ਲਿਖਾਰੀ ਦਾ ਕੰਮ ਨਹੀਂ। ਪਰ ਪੂਰਨ ਸਿੰਘ ਇਸ ਹੁਨਰ ਦਾ ਉਸਤਾਦ ਹੈ–

'ਉਹ ਪੁਰਾਣਾ ਅਦਬ ਤੇ ਹਿਰਸ ਨਾਂਹ,
ਉਹ ਪ੍ਰੀਤ ਦੀਆਂ ਪੀਡੀਆਂ ਪੀਡੀਆਂ ਗੰਢਾਂ।
ਉਹ ਕੁੜੀਆਂ ਦੇ ਚਾ, ਤ੍ਰਿੰਞਣਾਂ ਦੇ ਗਾਉਣ ਕਿਥੇ ?
ਉਹ ਸ਼ਰੀਕਾਂ ਦੀ ਆਬ ਵਾਲੀ ਗਲ ਸਾਰੀ ਗਈ ਆਈ।
ਉਹ ਖਾਤਰ ਤੇ ਸੇਵਾਵਾਂ ਕੁਰਬਾਨੀਆਂ ਤੇ ਜਰਨੇ, ਜਿਗਰੇ ਤੇ ਹੌਂਸਲੇ,
ਉਹ ਰੋਟੀਆਂ ਤੇ ਮਹਿਫਲਾਂ, ਡੂੰਘੀਆਂ ਡੂੰਘੀਆਂ ਸ਼ਰਮਾਂ, ਸ਼ਰਾਫਤਾਂ,
ਉਹ 'ਕਥੇ ?'

... ... ... ...

'ਸਸਾਂ ਦੇ ਉਹ ਸਮੁੰਦਰਾਂ ਵਰਗੇ ਦਿਲ ਕਿਥੇ ?
ਨੂੰਹਾਂ ਧੀਆਂ ਦੀ ਉਹ ਲਿਹਾਜ਼ ਦੀ ਸਭਿਅਤਾ ?
ਜਵਾਈਆਂ ਦੀ ਪੁਰਾਣੀ ਮੋਤੀਆਂ ਵਰਗੀ ਆਬ ਕਿਥੇ ?
ਸਜ ਵਿਆਹੀਆਂ ਦਾ ਉਹ ਆਦਰ, ਭਾ, ਸ਼ਿੰਗਾਰ ਤੇ ਸਵਾਰ ਕਿਥੇ ? ਲਾਭ ਤੇ ਮੁਰਾਦਾਂ !
ਸਾਵੇ ਕਿਥੇ, ਬਾਗ ਤੇ ਫੁਲਕਾਰੀਆਂ ?
ਉਹ ਮਹਿੰਦੀ ਦਾ ਰੰਗ ਸੁਹਾਗ ਦਾ,
ਉਹ ਹਥ ਪੈਰ ਰੰਗੇ, ਉਹ ਤਿਲੇਦਾਰ ਜੁਤੀਆਂ,



ਭਰਾਵਾ, ਇਹ ਪੁਰਾਣੀ ਬੁਢੀ ਜਿਹੀ ਸਾਡੀ ਸਭਿਅਤਾ।
ਦਰਿਆਵਾਂ ਝਨਾਵਾਂ ਦੇ ਫੇਰ ਵਾਲੀ, ਦੂਰੋਂ ਆਈ, ਦੂਰ ਜਾਂਦੀ,
ਉਹ ਜੰਞਾਂ ਕਿਥੇ ? ਉਹ ਵਿਹਲ, ਉਹ ਖੁਲ੍ਹ ਉਹ ਚਾ,
ਦਸੋ ਨਾ ਕਿਥੇ ਟੁਰ ਗਿਆ ਸਾਰਾ ?
ਉਹ ਸ਼ਗਨ ਮਨਾਉਣੇ,
ਉਹ ਢੋਲਕੀਆਂ ਦੇ ਗੀਤ, ਜਿਹੜੇ ਗਤ ਦੀ ਰਗ ਰਗ ਛੇੜਦੇ
ਉਹ ਕੁੜੀਆਂ ਕੁਆਰੀਆਂ ਦੇ ਮਨ ਦੇ ਚਾ ਦੇ ਟਪੇ।'

... ... ... ...

'ਉਹ ਘੋੜੀਆਂ ਉਹ ਸੁਹਾਗ,
ਉਹ ਦੋ ਦੋ ਗਲਾਂ ਦੇ ਹਾਸੇ,

... ... ... ...

'ਉਹ ਜੰਞਾਂ ਜਗ ਮਗ ਕਿਥੇ ਕੇਸਰ ਦੀਆਂ ਰੰਗੀਆਂ ?'

... ... ... ...

ਸਭ ਜੀਣ ਦਾ ਚਾ, ਹੋਣ ਦਾ ਮਾਣ, ਥੀਣ ਦਾ ਨਸ਼ਾ ਕਿਥੇ ?

... ... ... ...

'ਉਹ ਲੋਹੜੀ ਦੀ ਲਕੜਾਂ ਦੀ ਮੰਗ ਬੂਹੇ ਬੂਹੇ,
ਉਹ ਕੁੜੀਆਂ ਦਾ ਜੁੜਨਾ ਅਗ ਦੇ ਚੁਫੇਰੇ ਤੇ ਗਿਧੇ ਪਾ ਪਾ ਗਾਉਣਾ,'

ਪੁਰਾਣੇ ਪੰਜਾਬ ਦੀ ਪਿਆਰੀ ਜ਼ਿੰਦਗੀ ਨੂੰ ਮੁੜ ਫੇਰਾ ਪਾਉਣ ਲਈ ਪ੍ਰੇਰਿਆ ਹੈ:–

ਤੇਰੇ ਤੂਤ ਦਿਸਣ ਮੁੜ ਸਾਵੇ,

ਮੁੜ ਆਵਣ ਬੂਟਿਆਂ ਨਾਲ ਤੇਰੀਆਂ ਦੋਸਤੀਆਂ।
ਤੇਰੇ ਪਿਪਲਾਂ ਹੇਠ ਹੋਣ ਮੁੜ ਮੇਲੇ,
... ... ...
... ... ...
ਉਹ ਰਾਤਾਂ ਮੁੜ ਆਵਣ, ਨਿਰਵੈਰ, ਨਿਰਦ੍ਵੈਖ, ਪਵਿਤਰ
ਅਬੋਝ, ਬੇ ਇਲਮ, ਨਿਸ਼ਪਾਪ, ਸੋਹਣੀਆਂ, ਸਵਾਦਲੀਆਂ।
ਉਹੋ ਗਿਧੇ, ਉਹ ਧੂੜਾਂ ਦਾ ਉਠਾਉਣਾ ਰਲਮਿਲ,
ਉਪਰ ਚੰਨ ਹੇਠ ਚੰਨੀਆਂ, ਬੰਨੇ ਤੇ ਬੰਨੀਆਂ।
... ... ...
... ... ...
ਤ੍ਰਿੰਞਣਾਂ ਵਿਚ ਮੁੜ ਗਾਣ ਕੁੜੀਆਂ,
ਆਪੇ ਜਿਹੀਆਂ ਸਭ ਇਕ ਥਾਂ ਇਕਠੀਆਂ,
... ... ...
... ... ...
ਦਿਲ ਦਰਿਆ ਹੋਣ, ਰਬ ਦੀ ਜੋਤ ਵਾਲੇ,
ਰਬ ਵਾਲੀ ਦਇਆ ਹੋਵੇ, ਰਬ ਵਾਲਾ ਬਖਸ਼ਣਾ,
... ... ...
... ... ...
ਕੋਈ ਨਾ ਹਿਸਾਬ ਹੋਵੇ,
ਰੂਪ ਹੀ ਰੂਪ ਤਕਣਾ,
... ... ...
... ... ..
ਆ ਪੰਜਾਬ ਤੂੰ ਮੁੜ ਆ,
ਖਿੜੇ ਖਿੜੇ ਮਥੇ ਲਾ।
ਕਰੋੜਾਂ ਪੰਜਾਬ ਆ,
ਇਕ ਆ, ਹਜ਼ਾਰ ਆ,



ਦਿਲ ਦੇ ਵਿਚਕਾਰ ਆ, (ਖੁਲ੍ਹੇ ਮਦਾਨ ੧੮੧)

## ਸ਼ਹਿਰੀ ਜੀਵਨ ਲਈ ਪਿਆਰ

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੰਜਾਬੀਆਂ ਦਾ ਪੰਜਾਬੀ ਪੂਰਨ ਸਿੰਘ ਪਿੰਡਾਂ ਦੇ ਸਰਲ ਜੀਵਨ ਨਾਲ ਡੂੰਘਾ ਪਿਆਰ ਰਖਦਾ ਹੈ। ਪਰ ਇਸ ਦਾ ਇਹ ਭਾਵ ਕਦੇ ਨਹੀਂ ਕਿ ਨਵੇਂ ਸ਼ਹਿਰੀ ਜੀਵਨ ਵਿਚ ਉਸ ਨੂੰ ਕੋਈ ਸਵਾਦ ਨਹੀਂ। ਗਲ ਅਸਲ ਵਿਚ ਇਹ ਹੈ ਕਿ ਉਹ ਆਪ ਸਵਾਦ ਦਾ ਭਰਿਆ ਹੋਇਆ ਹੈ ਤੇ ਉਸ ਲਈ ਹਰ ਇਕ ਸ਼ੈ ਸਵਾਦ ਤੇ ਰਸ-ਦਾਤੀ ਹੈ। ਰਤਾ ਅੰਮ੍ਰਿਤਸਰ ਦੇ ਹਾਲ ਬਜ਼ਾਰ ਦੀ ਹੀ ਰੌਣਕ ਉਸਦੀਆਂ ਅਖਾਂ ਥਾਣੀ ਚਾ ਵੇਖੋ:–

ਆਦਮੀਆਂ ਦੇ ਇਕਠ ਵਿਚ ਇਕ ਖੁਸ਼ੀ,
ਇਕਠ ਵਿਚ ਇਕ ਜਿੰਦ ਜਿਹੀ ਦਿਸਦੀ,
ਆਦਮੀਆਂ ਦਾ ਦੌੜਦਾ ਹੜ ਪਿਆ ਵਗਦਾ ਬਜ਼ਾਰ ਵਿਚ।
ਰੰਗਾਂ ਦਾ ਜਲੌ ਪਿਆ ਆਉਂਦਾ,
ਚਿਹਰਿਆਂ, ਸਿਰਾਂ, ਹਥਾਂ, ਪੈਰਾਂ, ਲਤਾਂ ਦਾ ਇਕ ਝੁਰਮਟ ਪਿਆ ਪੈਂਦਾ।

ਛਾਬੜੀਆਂ ਵਾਲੇ ਕਹਿੰਦੇ ਹਨ:–

ਲਾ ਦਿਤੇ, ਲਾ ਦਿਤੇ ਪੈਸੇ ਦੇ ਸੇਰ,
ਧੇਲੇ ਦੇ ਢੇਰ, ਪਸ਼ੌਰ ਦੇ ਪੇੜੇ,
ਲਾ ਦਿਤੇ, ਲਾ ਦਿਤੇ ਆਨੇ ਦੇ ਸੇਰ।

ਪੈਸੇ ਦੇ ਢੇਰ।
ਕਾਬਲ ਦੇ ਸਰਧੇ,
ਚੀਰ ਚੀਰ ਧਰੇ, ਬਰਫ ਦੀਆਂ ਡਲੀਆਂ।

ਪੂਰਨ ਸਿੰਘ ਸੋਚਦਾ ਹੈ–
ਆ ਗਿਆ ਜੇ ਕਾਬਲ ਤੇ ਕੰਧਾਰ,
ਪੈਰਾਂ ਭਾਰ ਚਲ ਕੇ ਅੰਮ੍ਰਿਤਸਰ ਵਿਚ,
(ਖੁਲ੍ਹੇ ਮਦਾਨ (੧੭੨)

ਹਨੇਰੇ ਪਏ ਕਈ ਛਾਬੜੀਆਂ ਵਾਲੇ ਆਪੋ ਵਿਚ ਗਲਾਂ ਕਰਦੇ ਹਨ:–
ਓਇ ਦੀਨਿਆ, ਓਇ ਦੀਨਿਆ,
ਉਠ ਚਲੀਏ ਘਰ, ਅਜ ਨਹੀਓਂ ਕੁਝ ਵਿਕਣਾ,
ਠਹਿਰੀਂ ਭਰਾਵਾ, ਜਾਦੂ ਮਾਰੀਏ,
ਲੁਟ ਪਾ ਗਾਵੀਏ, ਅਸਾਂ ਵੇਚ ਕੇ ਜਾਣਾ,
ਦੇਖ ਸੁਣ ਲੋਕੀਂ ਕਿਵੇਂ ਆਣ ਡਿਗਦੇ,
ਗੰਨੇ ਸਹਾਰਨੀ ਪੋਂਡੇ ਤੇ ਖਸਤੇ ਚੂਪਣ ਲੋਕੀ ਰਜ ਰਜ ਓਹ,
ਕਾਹਨੂੰ ਘਰ ਮੋੜ ਲੈ ਜਾਵਣੇ,
'ਪੈਸੇ ਦੇ ਲਖ, ਲਾ ਦਿਤੇ ਜੇ,
ਗੰਨੇ ਸਹਾਰਨੀ।'
ਔਹ ਗਏ ਲੋਕੀ ਹਥੋ ਹਥ ਲੈ,
ਵਹੁਟੀਆਂ ਨੂੰ ਕਹਿੰਦੇ, ਕਿਹੇ ਸਸਤੇ ਅਜ ਗੰਨੇ ਹਾਲ ਬਜ਼ਾਰ ਵਿਕਦੇ,



## ਵਤਨ ਨੂੰ ਅਸੀਸ

ਵਤਨ ਨੂੰ ਅਸੀਸ ਦੇਣ ਵੇਲੇ ਪੂਰਨ ਸਿੰਘ ਨੇ ਬੜੀ ਸੋਹਣੀ ਉਡਾਰੀ ਲਈ ਹੈ, ਕਈ ਮੁਲਕਾਂ ਦੇ ਸਾਹਿਤ ਸੇਵੀਆਂ ਨੇ ਅਜਿਹੀਆਂ ਉਡਾਰੀਆਂ ਲਈਆਂ ਹਨ; ਪਰ ਇਹ ਕਹਿਣਾ ਠੀਕ ਹੀ ਹੋਵੇਗਾ ਕਿ ਪੰਜਾਬੀ ਸਾਹਿਤ ਵਿਚ ਪੂਰਨ ਸਿੰਘ ਇਸ ਹੁਨਰ ਉਡਾਰੀ ਦਾ ਮੋਢੀ ਹੈ:–

ਜੀਣ ਲਖਾਂ ਰੰਗ ਤੇਰੇ ਧਰਤ ਅਕਾਸ਼ ਦੇ,
ਜੀਣ ਤੇਰੀਆਂ ਸਵਾਣੀਆਂ।
ਜੀਣ ਤੇਰੇ ਮਾਲ ਡੰਗਰ,
ਜੀਣ ਜਟੀਆਂ ਦੁਧ ਚੋਣ ਵਾਲੀਆਂ।
ਜੀਣ ਤੇਰੇ ਬਾਲ ਸਾਰੇ,
ਮੁਸ ਮੁਸ ਰੋਣ ਵਾਲੇ।
ਭਰੀਆਂ ਰਹਿਣ ਤੇਰੀਆਂ ਲਸੀ ਦੀਆਂ ਚਾਟੀਆਂ,
ਉਪਰ ਤਰਦੇ ਰਹਿਣ ਉਨ੍ਹਾਂ ਦੇ ਮਖਣਾਂ ਦੇ ਪਿੰਨੇ,
ਫਿਰਨ ਘੁੰਮ ਘੁੰਮ ਸਵੇਰ ਸਾਰ ਲਾਲ ਲਾਲ ਮਧਾਣੀਆਂ,
ਦੁਧ ਦਹੀਂ ਆਮ ਹੋਵੇ, ਠੰਢ ਠੰਢ ਪਾਂਦੀਆਂ।
ਮਾਣੀਂ ਤੂੰ ਸਾਵਣ ਆਪਣਾ,
ਸੁਣੀਂ ਕਣੀਆਂ ਦਾ ਸ਼ੋਰ, ਤੇ ਉਹ ਸੁਨੇਹੇ,
ਜਿਹੜੇ ਅਸਮਾਨਾਂ ਵਾਲੇ ਘਲਣ ਤੈਨੂੰ ਮੀਂਹ ਪੈਂਦੇ ਵਿਚ।

ਇਥੇ ਪਹੁੰਚ ਕੇ ਮੈਂ ਚੁਪ ਹੋ ਗਿਆ। ਚਰਚਾ ਦੇ ਆਗੂ ਨੇ

ਕਿਹਾ, 'ਐਵੇਂ ਹੀ ਪਿਆ ਝਿਜਕਦਾ ਸੀ, ਜੇ ਛਿੜ ਪਿਆ ਤਾਂ ਛਿੜਿਆ ਹੀ ਗਿਆ। ਦੇਖੋ ਦੁਪਹਿਰਾਂ ਢਲ ਗਈਆਂ, ਕੁਝ ਖਾਣ ਪੀਣ ਦਾ ਭੀ ਆਹਰ ਕਰਨਾ ਏਂ ਜਾਂ ਅਜ ਭੁਖੇ ਹੀ ਰਹਿਣਾ ਏ ?'

ਮੈਂ ਹੌਲੀ ਜਿਹੀ ਮੁਸਕਰਾ ਕੇ ਕਿਹਾ, 'ਜੇ ਆਗਿਆ ਦਿਓ ਤਾਂ ਇਕ ਗਲ ਹੋਰ ਕਹਾਂ ?'

ਉਹ–ਕਹਿ ਲੈ, ਹੁਣ ਕਸਰ ਕਾਹਨੂੰ ਰਖਣੀ ਹੈ।

ਮੈਂ–ਪੂਰਨ ਸਿੰਘ ਨੇ ਪੁਰਾਣੀਆਂ ਕਾਨਾਂ ਖੋਦ ਖੋਦ ਕੇ ਸੋਨੇ ਦੇ ਵਡੇ ਵਡੇ ਡਲੇ ਸਾਹਮਣੇ ਰਖੇ ਹਨ। ਕੀ ਅਸੀਂ ਇਹ ਆਸ ਕਰ ਸਕਦੇ ਹਾਂ ਕਿ ਇਸ ਸੋਨੇ ਨੂੰ ਵੇਖ ਕੇ ਸੋਹਣੇ ਸੋਹਣੇ ਗਹਿਣੇ ਘੜਨ ਦਾ ਕਿਸੇ ਨੂੰ ਖਿਆਲ ਆਵੇਗਾ ? ਆਗੂ ਬੋਲ ਉਠਿਆ, 'ਬਿਲਕੁਲ ਠੀਕ ਕਿਹਾ ਹੈ। ਇਹ ਨਾ ਕਿਹਾ ਹੁੰਦਾ ਤਾਂ ਅਜ ਦੀ ਗਲ ਅਧੂਰੀ ਰਹਿੰਦੀ। ਮੈਂ ਤਾਂ ਕਹਾਂਗਾ ਕਿ ਪੂਰਨ ਸਿੰਘ ਦੀ ਸਾਰੀ ਲਿਖਤ ਅਸਮਾਨ ਵਿਚਲਾ ਉਹ ਧੁੰਦਲਾ ਰਾਹ ਹੈ ਜਿਸ ਵਿਚ ਹਜ਼ਾਰਾਂ ਅਣਬਣੇ ਤਾਰਿਆਂ ਲਈ ਮਸਾਲਾ ਭਰਿਆ ਪਿਆ ਹੈ।'

ਸਭੇ ਇਹ ਕਹਿੰਦੇ ਉਥੋਂ ਤੁਰ ਪਏ–
ਵਾਹ ਭਈ 'ਪੰਜਾਬੀਆਂ ਦਿਆ ਪੰਜਾਬੀਆ।'



# ਪ੍ਰੋ: ਪੂਰਨ ਸਿੰਘ ਜੀ ਦੇ ਖਿਆਲ

ਵਲੋਂ:–ਪ੍ਰੋ: ਸਾਹਿਬ ਸਿੰਘ ਜੀ ਖਾਲਸਾ ਕਾਲਜ ਅੰਮ੍ਰਿਤਸਰ

ਪਾਠਕਾਂ ਨੂੰ ਪ੍ਰੋ: ਪੂਰਨ ਸਿੰਘ ਜੀ ਦੇ ਉਚ ਖਿਆਲਾਂ ਨੂੰ ਝਾਤੀ ਪਵਾਉਣ ਲਈ ਇਹ ਨੋਟ ਅਸੀਂ ਪਾਠਕਾਂ ਦੀ ਭੇਟ ਕਰ ਰਹੇ ਹਾਂ। ਇਨ੍ਹਾਂ ਨੋਟਾਂ ਵਿਚ ਤੇ ਇਸ ਤੋਂ ਪਹਿਲਾਂ ਆ ਚੁਕੇ ਸਤਿਆਰਥੀ ਜੀ ਦੇ ਲੇਖ ਵਿਚ ਪ੍ਰੋ: ਪੂਰਨ ਸਿੰਘ ਜੀ ਨੂੰ ਉਨ੍ਹਾਂ ਦੇ ਆਪਣੇ ਲਫਜ਼ਾਂ ਵਿਚ ਪੇਸ਼ ਕਰਨ ਦਾ ਜਤਨ ਕੀਤਾ ਹੈ। (ਐਡੀਟਰ)

## (੧) ਪ੍ਰੋ: ਪੂਰਨ ਸਿੰਘ ਜੀ ਦੇ ਧਾਰਮਕ ਖਿਆਲ

੧. ਹਕ ਹਲਾਲ ਦੀ ਮਿਹਨਤ, ਆਤਮਕ ਖਿੜਾਉ ਦਾ ਕਾਰਣ ਬਣਦੀ ਹੈ:–

'ਪਾਣੀ ਜੀਣ ਦਾ
ਖਿੱਚ ਧਰਤ ਅਕਾਸ਼ ਥੀਂ,
ਰੋਟੀ ਪੁੱਟ ਮਿੱਟੀ ਦੇ ਢੇਲੇ ਥੀਂ,
ਫੋੜ ਫੋੜ ਧਰਤੀ ਨੂੰ ਖਾਹ ਤੂੰ,
ਜੀ ਤੂੰ ਸਦਕੇ, ਕੁਲ ਜਹਾਨ ਤੇਰੇ ਵਾਸਤੇ,
ਹੱਸ ਤੂੰ ਫੁਲਾ ! (ਕਵਿਤਾ 'ਮੁਲ ਪਾ ਤੂੰ ਆਪਣਾ')

੨. ਕਿਸੇ ਦਾ ਮੁਥਾਜ ਹੋਣ ਵਿਚ ਦੁਖ ਹੀ ਦੁੱਖ ਹੈ:–
ਅੱਖ ਪੱਟ ਕੇ ਨਾ ਤਕੀਂ ਕਿਸੀ ਲੋੜ ਨੂੰ,
ਮਮਤਾ ਦੇ ਮਾਰੇ ਫਿਰਦੇ ਲਖ ਕਰੋੜਾਂ,
ਆਦਮੀ ਦੇ ਲੇਲੇ ਇਹ ਮਮਤਾ ਬਣਾਉਂਦੀ
ਮਨੁਖਾਂ ਥੀਂ ਜਾਨਵਰ ਬਣਾ ਗਡੇ ਅਗੇ ਵਾਹੁੰਦੀ।

੩. ਬਾਹਰਲਾ ਭੇਖ ਕਿਸੇ ਕੰਮ ਨਹੀਂ, ਜੇ ਅੰਦਰ ਪ੍ਰਭੂ ਦਾ ਨਾਮ ਨਹੀਂ–
ਇਹਨਾਂ ਦੇ ਦਿਲ ਵਿਚ ਨਾਂਹ ?
ਚਿਹਰੇ ਇਨ੍ਹਾਂ ਦੇ ਕਹੇ ਸਨ ਭਖਦੇ ?
ਅੰਦਰ ਇਹਨਾਂ ਦੇ ਕਿਧਰੇ ਰਾਮ ਨਾਮ ਨਾਂਹ ?

...... ...... ...... ......

ਮਣੀਆਂ ਨਿਰਜਿੰਦ ਸਨ। (ਹਨੂਮਾਨ)

੪. ਸਚ ਨੂੰ ਕਿਸੇ ਭੇਖ ਜਾਂ ਪੜਦੇ ਦੀ ਲੋੜ ਨਹੀਂ–
ਕੂੜ ਕਪੜੇ ਪਾਂਦਾ,
ਸਭ ਕਪੜਾ ਕੂੜ ਕੂੜ ਹੈ।
ਚਾਨਣ ਨੂੰ ਮਾਰਦਾ ?

...... ...... ...... ...

ਇਥੇ ਨੰਗਾ ਹੋਣਾ ਹੀ ਸੋਭਦਾ, (ਗਾਰਗੀ)
ਨੰਗਾ ਸੁਹਣੱਪ ਸਾਰਾ, ਨੰਗਾ ਰੱਬ ਇਕੱਲਾ।

੫. ਫਕੀਰ ਦੁਨੀਆਂ ਵਲੋਂ ਬੇਮੁਥਾਜ ਹੈ, ਸਗੋਂ ਲੋਕਾਂ ਨਾਲ ਮਿਲਿਆਂ ਉਸ ਦੇ ਰਾਹ ਵਿਚ ਰੋਕ ਪੈਂਦੀ ਹੈ। ਜਦੋਂ ਜਗਤ



ਥਕ ਹੁੱਟ ਕੇ ਸੌਂ ਜਾਂਦਾ ਹੈ, ਫਕੀਰ ਰੱਬੀ ਯਾਦ ਵਿਚ ਜਾਗਦਾ ਹੈ। ਦੇਖੋ ਕਵਿਤਾ 'ਸਾਧਣੀ ਦੀ ਢੋਕ।

੬. ਸਿਰ ਤੇ ਸੁਆਹ ਮਲ ਕੇ ਹਥ ਵਿਚ ਮਾਲਾ ਫੜੀ ਫਿਰਨ ਵਿਚ ਹੀ ਜ਼ਰੂਰੀ ਨਹੀਂ ਕਿ ਰੱਬੀ ਪਿਆਰ ਹੋਵੇ; ਸਗੋਂ ਰੱਬੀ ਪਿਆਰ ਲਈ ਤਾਂ ਇਸ ਦੀ ਲੋੜ ਨਹੀਂ ਪੈਂਦੀ–
"ਕੀ ਇਸ ਨੇ ਪਿਆਰ ਦੇ ਦਰਸ ਨਹੀਂ ਪਾਏ ਹਾਲੇ ?
ਨਹੀਂ ਤਾਂ ਤਪ ਕਿਉਂ ਕਰਦਾ ਇਹ ਆਦਮੀ ?
ਤੇ ਆਪਾ ਕਿਉਂ ਸਾੜਦਾ ?" (ਪਿੱਪਲ ਹੇਠ)

੭. ਜਿਥੇ ਇਜੇਹਾ 'ਪਿਆਰ' ਹੈ ਉਥੇ ਹੀ 'ਜੀਵਨ' ਹੈ। ਪਿਆਰ ਤੋਂ ਸੁੰਞਾ ਥਾਂ 'ਹਨੇਰਾ' ਹੈ–
"ਸਿਰਫ ਉਹ ਥਾਂ ਚਮਕਦੀ,
ਹੋਰ ਸਭ ਝਨਾਂ ਦਾ ਪਾਣੀ ਤੇ ਕੰਢਾ ਹਨੇਰਾ, ਹਨੇਰਾ,

...... ...... ...... ......

ਇਹ ਝੁੱਗੀ ਸਦਾ ਵਸਦੀ,
ਸੋਹਣੀ ਦਾ ਫਕੀਰ ਪਾਤਿਸ਼ਾਹ ਏਥੇ ਵਸਦਾ।"
(ਸੋਹਣੀ ਦੀ ਝੁੱਗੀ)

੮. ਰੱਬ ਸਭ ਥਾਈਂ ਵਿਆਪਕ ਹੈ। ਨਿਕੀਆਂ ਨਿਮਾਣੀਆਂ ਸ਼ੈਆਂ ਦੀ ਭੀ ਪ੍ਰਭੂ ਆਪ ਸਾਰ ਰੱਖਦਾ ਹੈ, ਉਸਦੀ ਕੁਦਰਤਿ ਵਿਚ ਕੋਈ ਸ਼ੈ ਨਿੰਦਣ-ਜੋਗ ਨਹੀਂ–
ਨਿਮਾਣੀ ਨਿਚੀਜ਼ ਜੰਗਲ ਦੀ ਮੈਂ ਘੁੱਘੀ,

.... ...... ...... ...

ਪਰ ਦੇਖ ਸਹੇਲੀਏ !
ਉਸ ਦਾ ਪਿਆਰ ਕਿਆ ਕੁਝ ਕਮਾਲ ਨੀ,
ਗਾਨੀ ਇਹ ਤੱਕੀ ਆ ਗਲ ਮੇਰੇ ਵਿਚ ?

...... ...... ...... ......

ਮੇਰੀ ਗਾਨੀ ਪਈ ਦਿਸਦੀ ਦਿਲ ਨੂੰ,
ਮੈਂ ਵੀ ਸੁਹਾਗਣਿ ਨਾਰ ਨੀ। (ਤੜਫਦੀ ਘੁਘੀ)

੯. ਜੋ ਮਨੁਖ ਪ੍ਰਭੂ ਦੀ ਰਜ਼ਾ ਵਿਚ ਰਾਜੀ ਰਹਿੰਦਾ ਹੈ, ਉਹ ਮਿੱਠਾ ਮਿੱਠਾ ਲਗਦਾ ਹੈ, ਕੋਈ ਅਕੇਵਾਂ ਨਹੀਂ, ਥਕੇਵਾਂ ਨਹੀਂ ਤੇ ਮੌਤ ਦਾ ਭੀ ਡਰ ਨਹੀਂ–

ਮੇਰਾ ਰੂਹ ਜਾਣਦਾ,
ਮੈਂ ਕਿਸੀ ਦਾ,
ਜਿਸ ਹੱਥ ਡੋਰਾ
ਉਹ ਆਪਣੀ ਪਤੰਗ ਪਿਆ ਚਾੜ੍ਹਦਾ।
ਜੀਣਾ ਚੰਗਾ ਚੰਗਾ ਲਗਦਾ,
ਮੌਤ ਓਪਰੀ ਨਾਂਹ,
ਨਾ ਅੱਕਦਾ, ਨਾ ਥੱਕਦਾ, ਖਿਚ ਪਈ ਪੈਂਦੀ।
(ਦਿਲ ਮੇਰਾ ਖਿਚੀਂਦਾ)

## (੨) ਪ੍ਰੋ: ਪੂਰਨ ਸਿੰਘ ਤੇ ਕੁਦਰਤ

ਪ੍ਰੋ: ਪੂਰਨ ਸਿੰਘ ਨੇ ਆਪਣਾ ਬਹੁਤਾ ਧਿਆਨ ਪੰਜਾਬ ਦੇ ਪੇਂਡੂ ਜੀਵਨ ਦਾ ਨਕਸ਼ਾ ਖਿਚਣ ਵਲ ਲਾਇਆ ਹੈ।



ਕੁਦਰਤ ਵਲ ਧਿਆਨ ਘਟ ਹੀ ਪਰਤਾਇਆ ਹੈ। ਪਰ ਜਦੋਂ ਭੀ ਕਿਤੇ ਇਹ ਕਵੀ ਕੁਦਰਤ ਵਲ ਪਰਤਦਾ ਹੈ, ਅਜੇਹੀ ਦਿਲਚੀਰਵੀਂ ਲਹਿਰ ਪੈਦਾ ਕਰਦਾ ਹੈ ਕਿ ਦਿਲ ਨੂੰ ਆਪ-ਮੁਹਾਰੀ ਧੂਹ ਪੈ ਜਾਂਦੀ ਹੈ।

੧. ਕਵੀ 'ਪ੍ਰਭਾਤ' ਨੂੰ ਇਕ ਅਨੋਖੇ ਤਰੀਕੇ ਨਾਲ ਇਕ ਨਵੀਂ ਉਪਮਾ ਦੇਂਦਾ ਹੈ । ਇਸ ਨੂੰ ਪੜ੍ਹ ਕੇ ਕਵੀ ਦੇ ਆਪਣੇ ਹੀ ਕਥਨ ਅਨੁਸਾਰ ਸਚ ਮੁੱਚ "ਆਪ ਮੁਹਾਰਾ ਦਿਲ ਪਿਆ ਨੱਚਦਾ।" ਲਿਖਦਾ ਹੈ–

ਪ੍ਰਭਾਤ ਨੂੰ ਸੂਰਜ ਦੀ ਟਿੱਕੀ
ਅਸਮਾਨ ਵਿਚ ਸੁਹਾਗ-ਤਿਲਕ ਲਾਉਂਦੀ।
ਕਿਆ ਸੋਹਣਾ, ਸੰਧੂਰ ਦਾ ਟਿੱਕਾ ਚਮਕਦਾ।
ਤੇ ਸ਼ਾਮ ਵੇਲੇ ਸੋਹਣੀ, ਪ੍ਰਭਾਤ ਦੇ ਪੈਰਾਂ ਨੂੰ
ਸੁਹਾਗ-ਮਹਿੰਦੀ ਲਾਂਦੀ ਦਿਸਦੀ
ਤੇ ਜਾਂਦੀ ਲੁੜਕਦੀ ਹਿਠਾਂਹ ਨੂੰ
ਚੁੰਨੀ ਕਿਰਮਚੀ ਹਵਾਵਾਂ ਵਿਚ ਉੱਡਦੀ ।
(ਪ੍ਰਭਾਤ ਅਕਾਸ਼ ਵਿਚ)

੨. ਕਵੀ ਨੂੰ ਰੱਬੀ ਜੀਵਨ ਦੀ ਰੌ, ਜਗਤ ਦੇ ਜ਼ੱਰੇ ਜ਼ੱਰੇ ਵਿਚ ਥਰਾਹਟ ਪਾਂਦੀ ਸੁਣੀਦੀ ਹੈ–

ਥਰ ਥਰ ਕੰਬਦਾ ਅਕਾਸ਼ ਦਿੱਸੇ
ਕਿਸੇ ਦੀ ਸੱਦ ਦੇ ਰਾਗ ਥੀਂ,
ਧਰਤੀ ਸਾਰੀ ਕੰਬਦੀ

ਪਥਰਾਂ ਵਿਚ ਥਰੱਹਟ ਜਾਂਦੀ ਦਿਸਦੀ
ਦਰਿਆਵਾਂ ਵਿਚ ਉਤੋਂ ਖੜਾਕ ਨੀ,
ਇਕ ਜੀਵਨ-ਕੰਬਾਹਟ ਨੀ,
ਮੇਰਾ ਦਿਲ ਜਾਣਦਾ
ਸੰਸਾਰ ਸਾਰਾ ਤੜਫਦਾ।

੩. ਰੱਬੀ ਜੀਵਨ ਦੀ ਇਸ ਥੱਰਾਟ ਨੂੰ ਸੁਣ ਸੁਣ ਕੇ ਕਵੀ ਆਪ ਮੁਹਾਰਾ ਮਸਤ ਹੋ ਰਿਹਾ ਹੈ:-

"ਨਿਕੇ ਨਿਕੇ ਬੱਚੇ ਮਾਰਨ
ਨਿੱਕੀਆਂ ਨਿੱਕੀਆਂ ਪ੍ਰੀਤ ਦੀਆਂ ਠੀਕਰੀਆਂ
ਚੰਨ ਮਾਰੇ, ਸੂਰ ਮਾਰੇ,
ਗਗਨ ਮਾਰਨ ਨਿੱਕੇ ਨਿੱਕੇ ਤੀਰ ਨੀ,
'ਟੰਨ' ਮੇਰੇ ਦਿਲ ਦੀ ਅਵਾਜ਼ ਹੁੰਦੀ
ਜਿਵੇਂ ਵੱਜੇ ਸੱਟ ਖਾ ਖਾ ਘੜਿਆਲ ਨੀ,
ਮੇਰਾ ਰੋਮ ਰੋਮ ਕੰਬੇ
ਇਹ ਮੇਰਾ ਹਾਲ ਨੀ।"

੪. ਸਾਧਾਰਨ ਮਨੁਖ ਦਾ ਮਨ ਦੁਨੀਆਂ ਦੀਆਂ ਸੋਹਣੀਆਂ ਚੀਜ਼ਾਂ ਵੇਖ ਕੇ ਵਿਗੜ ਖਲੋਂਦਾ ਹੈ, ਪਰ ਕਵੀ ਨੂੰ ਏਥੇ ਭੀ ਆਪਣੇ 'ਦਿਲ ਦਾ ਸਾਈਂ' ਹੀ ਦਿਸਦਾ ਹੈ।

ਕੁੜੀਆਂ ਦਾ ਤ੍ਰਿੰਞਣ ਹੱਸਦਾ ਖੇਡਦਾ ਜਾਂਦਾ ਤੱਕ ਕੇ ਕਵੀ ਦਾ ਮਨ ਪਹਿਲਾਂ "ਕੁਝ ਵਿਗੜ ਗਿਆ" ਪਰ ਤੁਰਤ ਹੀ ਓਥੇ ਭੀ ਕਵੀ ਦੇ 'ਦਿਲ ਦਾ ਸਾਈਂ'



ਆ ਖਲੋਂਦਾ ਹੈ ਤੇ ਇਉਂ ਆਖਦਾ ਹੈ:-

ਕਿਹਾ ਭੁੱਲਾ ਨਿਕਾ ਜਿਹਾ ਸਾਡਾ ਬੱਚੜਾ,
ਦੇਖੇ, ਸਿਕੇ ਹੋਰ ਕੋਈ ਨਹੀਂ;
ਅਸੀਂ ਖੜੇ, ਅਸੀਂ ਖਿੜੇ
ਹਰ ਖਿੱਚ ਵਿੱਚ ਅਸੀ ਤੈਨੂੰ ਖਿੱਚਦੇ।
ਕਦੀ ਨਾ ਭੁਲਣਾ!
ਸੁਹਣੱਪ ਨਾ ਸੋਹਣੀ ਕੋਈ
ਜਨਾਨੀ ਨਾ ਮਰਦ ਕੋਈ
ਇਹ ਬੇਲ ਨ ਬੂਟੇ ਜਿਹੜੇ ਤੈਨੂੰ ਖਿਚਦੇ
ਇਹ ਮੈਂ ਖੜਾ ਇਹ ਮੈਂ ਖਿੜਿਆ
ਹੱਸ ਤੈਨੂੰ ਮੈਂ ਬੁਲਾਉਂਦਾ, ਉਚਾਈ ਨੂੰ,
ਥਾਈਂ ਥਾਈਂ ਖੜਾ, ਰਾਹੀਂ ਰਾਹੀਂ ਖੜਾ।

... ... ... ... ...

ਖਿੱਚ ਕੋਈ ਚੀਜ਼ ਨਾਂਹ,
ਸੁਹਣੱਪ ਕੋਈ ਫੜਨ ਵਾਲੀ ਗਲ ਲਾਣ ਵਾਲੀ ਸ਼ੈ ਨਾਂਹ,
ਇਹ ਤਾਂ ਸੂਖਮ ਅਰੂਪ ਜਿਹਾ ਮੈਂ ਹਾਂ।

... ... ... ... ...

ਤੂੰ ਮੁੜ ਮੁੜ ਭੁੱਲਦਾ, ਸੋਹਣਾ ਕੋਈ ਹੋਰ ਹੈ,
ਮੈਂ ਮੁੜ ਮੁੜ ਦੱਸਦਾ, ਵਲਾਂ ਨਾਲ, ਫਲਾਂ ਨਾਲ ਸਾਹਮਣੇ
ਦੇਖ ਬੱਚਾ! ਇਹ ਮੈਂ ਹਾਂ, ਤੈਨੂੰ ਸਦਦਾ ਉਚਾਈ ਨੂੰ

# (੩) ਪ੍ਰੋ: ਪੂਰਨ ਸਿੰਘ ਦਾ ਦਿਲ ਦਰਿਆਓ ਤੇ ਪਿਆਰ ਦੀਆਂ ਠਾਠਾਂ

੧. ਕਵੀ ਦੇ ਦਿਲ ਵਿਚ ਪਿਆਰ ਦੀਆਂ ਠਾਠਾਂ ਪੈ ਰਹੀਆਂ ਹਨ ।ਪਿਆਰ ਤੋਂ ਬਿਨਾਂ ਜ਼ਿੰਦਗੀ ਉਸਦੀਆਂ ਨਜ਼ਰਾਂ ਵਿਚ ਮੌਤ ਦੇ ਤੁਲ ਹੈ ।

ਵਿਆਹੀ ਗਈ ਹੀਰ ਰਾਂਝੇ ਤੋਂ ਵਿਛੜਦੀ ਹੈ । ਦੋਂਹ ਵਾਸਤੇ 'ਹਨੇਰਾ "ਹੋਇਆ ਜਗਤ ਸਾਰਾ' । ਦੋਹਾਂ ਨੂੰ ਵੱਸਦਾ ਜਗਤ ਇਕੱਲ ਭਾਸਦੀ ਹੈ। ਦੋਵੇਂ ਇਸ ਵਿਚ ਕੁਰਲਾਉਂਦੇ ਹਨ । ਹੀਰ ਤੇ ਰਾਂਝੇ ਦੀ ਇਹ ਦਸ਼ਾ ਅਖਾਂ ਅਗੇ ਆਉਂਦਿਆਂ ਸਾਰ ਕਵੀ ਦਾ ਦਿਲ-ਦਰਿਆ ਠਾਠਾਂ ਮਾਰ ਕੇ ਇਉਂ ਪੁਕਾਰ ਉਠਦਾ ਹੈ:–

'ਪਿਆਰ ਨਾਲ ਜਗਤ ਵੇ !
ਪਿਆਰ ਥੀਂ ਵਿਛੜਿਆਂ ਮੌਤ ਇਹ ਜਗਤ ਵੇ !
(ਹੀਰ ਤੇ ਰਾਂਝਾ)

੨. ਪਿਆਰ ਕੁੱਠਾ ਪੂਰਨ ਸਿੰਘ ਜਿਥੇ ਆਪਣੇ ਪਿਆਰੇ ਪੰਜਾਬ ਲਈ ਆਪ ਦੁੱਧ ਦਹੀਂ ਮੰਗਦਾ ਹੈ, ਉਥੇ 'ਪਿਆਰ' ਦੀ ਇਸ ਉੱਚੀ ਰੱਬੀ ਦਾਤਿ ਤੋਂ ਭੀ ਸੱਖਣਾ ਆਪਣੇ ਦੇਸ਼ ਨੂੰ ਵੇਖਣਾ ਨਹੀਂ ਚਾਹੁੰਦਾ ।



(ੳ) ਰਾਂਝੇ ਨੂੰ ਆਖਦਾ ਹੈ:–
ਵੀਰਾ !
ਤੇਰਾ ਕਦਮ ਮਿੱਟੀ ਪੰਜਾਬ ਤੇ ਮੁੜ ਪੈਂਦਾ ਵੇਖਾਂ !
ਤੇਰਾ ਦਿਲ ਦਾ ਉਛਾਲਾ ਸੁਣਾਂ
"ਮੈਂ ਲਿਆਸਾਂ ਚੰਨ ਸਿਆਲ ਨੂੰ"
ਹੀਰ ਨੂੰ ਆਖਦਾ ਹੈ:–
ਆ ਹੀਰੇ ! ਉਹੋ ਤੇਰਾ ਦੇਹਰਾ ਹੋਵੇ,
ਚੰਨਾਂ ਕੋਲੋਂ ਸੁਥਰਾ
ਤਾਰਿਆਂ ਕੋਲੋਂ ਤ੍ਰਿਖਾ !
ਚੜ੍ਹੇ ਉਹੋ ਮੁੜ ਇਕ ਵੇਰ ਪੰਜਾਬ ਤੇ,
ਸਿਆਲਾਂ ਵਾਲਾ ਉਹੋ ਸੁਹਣੱਪ ਦਾ ਸੂਰਜ
ਜਿਸਦੀ, ਝਨਾਂ ਦੀ ਛਾਤੀ ਵਿਚ, ਹਾਲੇ ਤਕ ਮੂਰਤ ਝਟਕਦੀ।

(ਅ) ਆਪਣੇ ਦੇਸ਼ ਨੂੰ ਵੰਗਾਰਦਾ ਹੈ ਕਿ ਮੁੜ ਸੋਹਣੀ ਵਰਗਾ ਦਿਲ ਰੱਖਣ ਵਾਲੀਆਂ ਪੈਦਾ ਕਰ, ਜਿਨ੍ਹਾਂ ਉਤੋਂ ਪਿਆਰ ਦਾ ਮੁੱਲ ਪਾਉਣ ਵਾਲੇ, ਸਲਤਨਤਾਂ ਹੀ ਵਾਰ ਦੇਣ–
'ਆ ਪਿਆਰ' ਪੰਜਾਬ ਨੂੰ ਮੁੜ ਆ,
'ਸੋਹਣੀ' ਜਿਹੀ ਮੁੜ ਕੱਢ ਇਕ ਹੋਰ ਤੂੰ
ਕਰੀਂ ਬੁਖਾਰੇ ਦੇ ਦੇਸ ਮੁੜ ਚਾਕਰ,
ਪਿਆਰ ਆਪਣੇ ਦਾ ਮੁੜ ਇਕ ਵਾਰੀ ਮੁਲ ਦਸੀਂ
(ਸੋਹਣੀ ਦਾ ਬੁੱਤ)

(ੲ) ਮਹੀਂਵਾਲ ਪਾਸੋਂ ਪੰਜਾਬ ਨੂੰ ਅਖਵਾਉਂਦਾ ਹੈ ਕਿ ਜੇ

ਤੂੰ 'ਸੋਹਣੀ' ਮੁੜ ਪੈਦਾ ਕਰੇਂ ਅਸੀਂ ਭੀ ਬਾਦਸ਼ਾਹੀ ਵਾਰ ਕੇ
ਆ ਚਾਕਰੀ ਕਰਾਂਗੇ–

"ਸੋਹਣੀ ਮੁੜ ਕੱਢ ਤੂੰ
ਦਸ ਖਾਂ ਇਕ ਵਾਰੀ,
ਤੇ ਦੇਖ ਮੁੜ ਤੂੰ ਸਾਡੀ ਫਿਰ ਸ਼ਾਨ ਨੂੰ
ਧੌਣ ਨੀਵੀਂ ਸਾਡੀ,
ਦਿਲ ਵਿਚ,
ਮਹੀਂ ਮੁੜ ਚਾਰਾਂਗੇ ਤੇਰੀਆਂ
ਭਾਵੇਂ ਪਾਤਸ਼ਾਹਾਂ ਦੇ ਪੁੱਤ ਅਸੀਂ
ਫਿਰਾਂਗੇ ਬੇਲਿਆਂ ਤੇਰਿਆਂ ਵਿੱਚ
ਵਾਜਾਂ ਮਾਰਦੇ ਉਸੇ ਕਲਗੀਆਂ ਵਾਲੇ
ਸਰਦਾਰ ਨੂੰ ਅਸੀਂ।"

'ਪਿਆਰ ਪੁੰਜ' ਕਲਗੀਆਂ ਵਾਲਾ ਪਾਤਸ਼ਾਹ ਭੀ ਕਵੀ ਨੂੰ ਚੇਤੇ ਆਉਂਦਾ ਹੈ।

(ਸ) ਦੇਸ ਤੇ ਕੌਮ ਦਾ ਝੰਡਾ ਦੇਸ ਕੌਮ ਦੀ ਜ਼ਿੰਦਗੀ ਤੇ ਅਣਖ ਕਾਇਮ ਰਖਣ ਦਾ ਵਸੀਲਾ ਹੁੰਦਾ ਹੈ। ਹਰੇਕ ਦੇਸ ਨੇ ਵਖੋ ਵਖ ਰੰਗਾਂ ਦੇ ਕਪੜੇ ਦੇ ਨਿਸ਼ਾਨ (ਝੰਡੇ) ਬਣਾਏ ਹੋਏ ਹਨ। ਪਰ ਕਵੀ ਆਪਣੇ ਦੇਸ ਵਾਸਤੇ ਕਿਸੇ ਜੀਉਂਦੀ ਜਾਗਦੀ ਜ਼ਿੰਦਗੀ ਤੇ ਕਿਸੇ ਪਿਆਰ ਭਰੇ ਜੀਵਨ ਨੂੰ ਦੇਸ਼ ਦੇ ਫਖਰ ਦਾ ਨਿਸ਼ਾਨਾ ਬਣਾਉਣਾ ਚਾਹੁੰਦਾ ਹੈ:–

'ਸੋਹਣੀ-ਬੁਤ ਤੇਰਾ ਕੌਮੀ ਨਿਸ਼ਾਨ ਹੈ,



ਅਸਾਂ ਲੀਰਾਂ ਤੇ ਚੀਥੜਿਆਂ ਦੇ ਵਹਿਮਾਂ ਨੂੰ
ਕਦ ਸਲਾਮ ਕਰਨਾ?"

੩. ਕਵੀ ਕੋਈ ਨੀਵਾਂ ਜਿਹਾ ਪਿਆਰ ਨਹੀਂ ਮੰਗਦਾ–

(ੳ 'ਪਿਆਰ' ਉਹ ਹੋਵੇ ਜਿਥੇ ਬ੍ਰਿਹੋਂ ਦੀ ਚੋਟ ਲਗਦਿਆਂ ਜ਼ਿੰਦਗੀ ਏਸ ਚੋਲੇ ਨੂੰ ਛਡ ਦੇਵੇ। ਪਰ ਫਿਰ ਹੀਰ ਤੇ ਰਾਂਝਾ ਵਿਛੜ ਕੇ ਕਿਵੇਂ ਜੀਉਂਦੇ ਰਹੇ?
ਕਵੀ ਲਿਖਦਾ ਹੈ–

'ਆਸ ਬਚਾਉਂਦੀ ਦਿਲ ਨੂੰ ਧੜਕਾਉਂਦੀ, ਚਲਾਉਂਦੀ,
ਨਹੀਂ ਦਿਲ ਜ਼ਰੂਰ ਖਲੋਂਦਾ ਇਸ ਥਾਂ,
ਉਸ ਘੜੀ ਹੀ ਜਦੋਂ ਵਿਛੋੜਾ-ਲੋਹਾਰ ਸੱਟ ਮਾਰਦਾ।

(ਅ) ਵਿਛੋੜੇ ਵਿਚ ਮੁੜ ਮੇਲ ਦੀ ਆਸ ਤੇ ਜੀਉਣ ਵਾਲੇ ਲੋਕੀ ਭੀ ਆਪਣੀ ਸੁੱਧ ਬੁੱਧ ਭੁਲਾ ਬੈਠਦੇ ਹਨ।

੧. ਰਾਂਝੇ ਨੂੰ ਹੀਰ, ਹੀਰ ਕੂਕਦਿਆਂ ਆਪਣਾ ਆਪ 'ਹੀਰ' ਹੀ ਜਾਪਦਾ ਹੈ:–

ਦੂਰ ਗਈ ਹੀਰ ਖੇੜਿਆਂ ਦੇ ਕੋਲ
ਪਰ ਪਈ ਨੇੜੇ ਨੇੜੇ ਦਿਸਦੀ,
ਭੁਲੇਖਾ ਪਿਆ ਪੈਂਦਾ,
ਹੀਰ ਗਈ ਖੇੜਿਆਂ ਪਾਸ,
ਜਾਂ ਮੈਂ ਉਠ ਗਿਆ ਓਥੇ,
ਮੈਂ ਤਾਂ ਹੀਰ ਹੀਰ ਹੋਂਵਦਾ।

੨. ਰਾਂਝੇ ਦੇ ਵਿਛੋੜੇ ਵਿਚ ਹੀਰ ਭੀ ਪਾਗਲ ਜਿਹੀ ਹੋ ਗਈ ਹੈ:–

"ਕਦੀ ਰੋਂਦੀ ਕਦੀ ਹੱਸਦੀ,
ਕਦੀ ਕਪੜੇ ਉਹ ਫਾੜਦੀ
ਕਦੀ ਪਹਿਨਦੀ ਬਾਦਲਾ ਜ਼ਰੀ,
ਤੇ ਲਾ, ਲਾ ਗਹਿਣੇ ਆਪ ਨੂੰ ਸਵਾਰਦੀ,
ਆਪ ਮੁਹਾਰੀ ਹੋਠਾਂ ਵਿਚ ਗਲਾਂ ਪਈ ਕਰਦੀ।"

੩. ਰਾਂਝੇ ਦੇ ਦੇਸ ਵਲੋਂ ਆਉਂਦੀ ਪੌਣ ਨੂੰ ਛੋਹਿਆਂ 'ਹੀਰ ਦੀ ਰਗ ਰਗ' ਨਾੜ ਨਾੜ ਵਜ ਪੈਂਦੀ ਹੈ, "ਦਿਲ ਵਿਚ ਆਪ ਮੁਹਾਰਾ ਰਾਗ ਹੋਂਵਦਾ" ਹੈ ਤੇ ਉਸ ਹਵਾ ਅਗੇ ਇਉਂ ਹਾੜੇ ਕਢਦੀ ਹੈ–

"ਮਿਠੀ ਤੇਰੀ ਛੁਹ ਸਦਕੇ
ਮਿਠਾ ਉਹ ਦੇਸ਼ ਜੇਹੜਾ ਤੂੰ ਛੋੜਦੀ
ਨਿੱਕੀ ਨਿੱਕੀ ਰੁਮਕਦੀ ਆ ਤੂੰ
ਦਿਲ ਵਿਚ ਲਿਆ ਤੂੰ ਰਾਂਝੇ ਵਾਲਾ ਝਾਵਲਾ
ਬਿਨ ਤੇਰੇ ਮੈਂ ਕੁੱਸਦੀ ਦਾ ਈਮਾਨ ਠੀਕ ਨਹੀਂ ਬੱਝਦਾ,
ਵਗੀ ਆ, ਤੂੰ, ਸਿੱਧੀ ਆ,
ਡਰ ਨਾਂਹ, ਝੂਲਦੀ ਆ
ਖਲ੍ਹੀ ਆ, ਤੂੰ ਲੱਗ ਛਾਤੀ ਮੇਰੀ ਆ,
ਮੈਂ ਫੁੱਲੀ ਸਰਸੋਂ ਦੀ ਵਾੜੀ
ਸਦਾ ਉਡੀਕਦੀ ਤੇਰੀ ਛੋਹ ਨੂੰ।"



ਇਥੇ ਪੂਰਨ ਸਿੰਘ ਬਿਰਹੋਂ ਦੀ ਸੋਜ਼ ਵਾਲੇ ਕਵੀ ਹਾਸ਼ਮ ਨੂੰ ਸਾਡੇ ਸਾਹਮਣੇ ਲੈ ਆਉਂਦਾ ਹੈ, ਜੋ ਹੀਰ ਦੇ ਮੂੰਹੋਂ ਹਵਾ ਅਗੇ ਇਉਂ ਤਰਲੇ ਕਰਾਉਂਦਾ ਹੈ–

'ਵਗ ਵਾਏ ਪਰ ਸੁਆਰਥ ਭਰੀਏ
ਤੂੰ ਜਾਈਂ ਤਖਤ ਹਜ਼ਾਰੇ।
ਆਖੀਂ ਯਾਰ ਰਾਂਝਣ ਨੂੰ ਮਿਲ ਕੇ
ਅਸਾਂ ਕਿਉਂ ਮਨਹੁ ਵਿਸਾਰੇ?'

੪. ਕਵੀ ਨੂੰ ਦੇਸ਼ ਦੀ ਖੁਸ਼ਹਾਲੀ 'ਪਿਆਰ' ਦੇ ਜੀਵਨ ਵਿਚ ਹੀ ਦਿਸਦੀ ਹੈ। ਜੇ 'ਪਿਆਰ' ਹੈ ਤਾਂ ਭੁਖ ਨੰਗ ਹੁੰਦਿਆਂ ਭੀ ਦੇਸ ਜੀਉਂਦਾ ਹੈ ਤੇ ਸੁਖੀ ਹੈ; ਕਿਉਂਕਿ 'ਪਿਆਰ' ਦੀ ਬਰਕਤ ਨਾਲ ਦੇਸ਼ ਦੀ ਸ਼ਾਨ ਉੱਚੀ ਹੁੰਦੀ ਹੈ। ਕਲਗੀਆਂ ਵਾਲੇ ਸਤਿਗੁਰੂ ਨੇ ਪਿਆਰ-ਰੂਹ ਫੂਕ ਕੇ ਲੀਰਾਂ ਵਾਲਿਆਂ ਨੂੰ ਭੀ ਉੱਚੀ ਸ਼ਾਨ ਵਾਲਾ ਬਣਾ ਦਿਤਾ। ਤਾਂਹੀਏ ਕਵੀ ਆਖਦਾ ਹੈ–

"ਧੂੜ ਬੇਸ਼ਕ ਪਵੇ ਮੂੰਹ ਤੇ,
ਪਾਣੀ ਵੱਗੇ ਬੇਸ਼ਕ ਫਟੀ ਜੁਤੀ ਮੇਰੀ ਵਿਚ
ਪਰ ਤਾਰੇ ਲਟਕਣਗੇ ਮੇਰੇ ਸਿਰ ਵਿਚ,
ਇਕ ਮਿਠੀ ਸਦਾ ਦੀ ਲੋ ਮੈਨੂੰ ਦੇਂਵਦੇ।"

(ਸੋਹਣੀ ਦਾ ਬੁੱਤ)

## (੪) ਮਾਂ ਦਾ ਪਿਆਰ ਆਪਣੇ ਬੱਚੇ ਨਾਲ ਤੇ ਉਸਦਾ ਪ੍ਰਭਾਵ ਮਾਂ ਦੇ ਜੀਵਨ ਉਤੇ,

੧. ਸਰੀਰਕ ਹਾਲਤ ਵਿਚ ਪੁਤਰ ਮਾਂ ਤੋਂ ਵਿਛੜ ਭੀ ਜਾਏ, ਤਾਂ ਭੀ ਮਾਂ ਦੀ ਸੁਰਤ ਪੁਤਰ ਵਿਚ ਰਹਿੰਦੀ ਹੈ। ਇਛਰਾਂ ਰਾਣੀ ਤੋਂ ਜੋਤਸ਼ੀਆਂ ਨੇ ਪੂਰਨ ਪੁਤਰ ਵਿਛੋੜ ਦਿਤਾ, ਫਿਰ ਭੀ–

"ਆਖੇ ਮੈਨੂੰ ਠੰਢੀ ਵਾ ਆਵੇ ਪੁਤਰ ਰਹੇ ਭੋਰੇ
ਮੈਥੀਂ ਵਧ ਰੱਬ ਸੱਚਾ ਉਨੂੰ ਸੰਭਾਲਦਾ ਏ,
... ... ... ...
ਦਮ-ਬ-ਦਮ ਪੁੱਤ ਆਪਣਾ, ਮਾਂ ਪਾਲਦੀ ਸੀ
ਮਾਂ ਪੁਤ ਨੂੰ ਭਲਾ ਕੌਣ ਵਿਛੋੜੇ ?"

੨. ਜੋਗੀ ਲੋਕ ਸਮਾਧੀ ਲਗਾ ਕੇ ਸੁਆਸ ਸੁਆਸ ਪ੍ਰਭੂ ਦਾ ਧਿਆਨ ਧਰਦੇ ਹਨ; ਪੁਤਰ ਤੋਂ ਵਿਛੜੀ ਮਾਂ ਜੋਗੀਆਂ ਵਾਂਗ ਹਰ ਵੇਲੇ ਆਪਣੇ ਪੁਤਰ ਨੂੰ ਦਿਲ ਵਿਚ ਟਿਕਾਈ ਰਖਦੀ ਹੈ ਤੇ ਇਸ ਤਰ੍ਹਾਂ ਉਹ ਮਾਨੋਂ ਯੋਗ-ਸਾਧਨ ਕਰਦੀ ਹੈ।

ਪੂਰਨ ਤਾਂ ਭੋਰੇ ਪਿਆ ਸੀ, ਪਰ ਰਾਣੀ ਇੱਛਰਾਂ ਆਪਣੇ ਤਸੱਵਰ (ਧਿਆਨ) ਵਿਚੋਂ ਹੀ ਪੈਦਾ ਕੀਤੇ



ਪੂਰਨ ਨੂੰ ਝੋਲੀ ਪਾ ਕੇ ਖਿਡਾਉਂਦੀ, ਸੁਆਲਦੀ ਤੇ ਪਾਲਦੀ ਸੀ, ਜਿਵੇਂ ਸਚ ਮੁਚ ਪੂਰਨ ਉਸ ਦੀ ਝੋਲੀ ਵਿਚ ਮੌਜੂਦ ਸੀ। ਇਸ ਤਰ੍ਹਾਂ–

"ਇਛਰਾਂ ਮਾਂ ਬੱਚਾ ਪਾਲਦੀ ਹੈ
ਕਿ ਸਾਧਦੀ ਹੈ ਇਕ ਯੋਗ ਪੂਰਾ ?
ਉਸ ਦੇ ਸੁਆਸ ਵਿਚ ਪੂਰਨ, ਉਹ ਦੀ ਅੱਖ ਵਿਚ ਪੂਰਨ
ਸੁਰਤਿ ਵਿਚ ਪੂਰਨ, ਦਿਲ ਵਿਚ ਪੂਰਨ
ਪੂਰਨ, ਪੂਰਨ ਗਾਉਂਦੀ ਹੈ।'

੩. ਆਪਣੇ ਬੱਚੇ ਨੂੰ ਪਿਆਰ ਕਰਦਿਆਂ ਮਾਂ ਦਾ ਦਿਲ ਏਡਾ ਵਿਸ਼ਾਲ ਹੋ ਜਾਂਦਾ ਹੈ ਕਿ ਉਹ ਕੁਲ ਮਾਵਾਂ ਦੇ ਬਚਿਆਂ ਨੂੰ ਅਸੀਸਾਂ ਦੇਣ ਲਗ ਪੈਂਦੀ ਹੈ:–

"ਮਾਂ-ਦਿਲੇ ਵਿਚ ਪਿਆਰ ਹੁੰਦਾ ਸਦਾ ਇਕ ਬੱਚੇ ਦਾ ਆਪਣੇ,
ਪਰ 'ਮਾਂ ਦਿਲ' ਬਚਿਆਂ ਨੂੰ ਦੁੱਧ ਪਿਆਣ ਵਾਲਾ,
ਜੀਵਨ ਸਭ ਬੱਚੇ ਮਾਵਾਂ ਦੇ, ਹਰ ਮਾਂ ਆਖਦੀ
ਤੱਤੀ ਵਾ ਨਾ ਲਗੇ ਕਿਸੇ ਨੂੰ,
ਇਹ ਜਗ-ਦਿਲ ਮਾਂ ਦਾ,
ਇਕ ਨਿਕਾ ਜਿਹਾ ਦਿਲ ਜੇਹੜਾ ਕੁਲ ਆਲਮ ਨੂੰ ਠਾਰਦਾ।"

੪. ਪੁਤਰ ਪਿਆਰ ਸਦਕਾ ਮਾਂ ਇਕ ਸਿਆਣੀ ਚਿਤ੍ਰਕਾਰ ਬਣ ਜਾਂਦੀ ਹੈ ਕਿਉਂਕਿ ਰੋਜ ਉਸ ਬੱਚੇ ਨੂੰ ਨੁਹਾ ਧੁਹਾ ਕੇ ਉਸ ਦੇ ਵਾਲ ਨਿਤ ਨਵੇਂ ਤਰੀਕੇ ਨਾਲ ਸੁਆਰਦੀ ਹੈ।

ਉਸਦੀਆਂ ਅਖਾਂ ਵਿਚ ਸੁਰਮਾਂ ਪਾਉਂਦੀ ਹੈ ਤੇ ਨਿਤ ਨਵੇਂ ਨਕਸ਼ ਉਸਦੇ ਕੱਢਦੀ ਹੈ। ਫਿਰ ਗੋਦ ਵਿਚ ਪਾਕੇ, ਨੀਝ ਲਾ ਕੇ ਇਸ ਨਵੇਂ ਚਿਤ੍ਰ ਨੂੰ ਤਕਦੀ ਹੈ ਤੇ ਖੁਸ਼ ਹੁੰਦੀ ਹੈ:–

"ਉਹ ਬੱਚੇ ਦੇ ਨਕਸ਼ ਤੇ ਦਮ-ਬ-ਦਮ ਘੜਦੀ,
ਸੁਆਰਦੀ, ਬਣਾਂਦੀ, ਜਿਵਾਂਦੀ,
ਪਰ ਉਹ ਬੁੱਤ ਇਸ ਥਾਂ ਦਾ ਕਿਹਾ ਕਾਮਲ ਹੈ !
ਜਦ ਮਾਂ ਟੱਕ ਬੰਨ੍ਹ ਕੇ ਬੱਚੇ ਨੂੰ ਝੋਲ ਆਪਣੀ ਵਿਖ ਦੇਖਦੀ
ਇਹ ਅਰਸ਼ਾਂ ਦੀ ਕੋਈ ਮੂਰਤ,
ਉਤੋਂ ਉਪਰੋਂ ਉਤਰਦੀ ਮਾਂ ਦੀ ਅੱਖਾਂ ਵਿੱਚ,
ਮਾਂ ਦੇ ਸਮੁੰਦਰਾਂ ਵਰਗੇ ਦਿਲ ਤੇ
ਇਕ ਰੱਬ ਵਰਗੀ ਅਖ ਦਾ ਝਲਕਾਰ ਹੈ।"

੫. ਮਾਂ ਬਣਦਿਆਂ ਸਾਰ ਇਸਤਰੀ ਵਿਚ ਉਚੇ ਰੱਬੀ ਗੁਣ ਪੈਦਾ ਹੋਣੇ ਸ਼ੁਰੂ ਹੋ ਜਾਂਦੇ ਹਨ। ਕਵੀ ਲਿਖਦਾ ਹੈ ਕਿ ਰਾਣੀ ਇਛਰਾਂ:–

"ਉਚੀ ਹੋਰ ਹੋਈ ਮਾਂ ਬਣ ਕੇ।"

੬. ਮਾਂ ਤੋਂ ਉਹਲੇ ਹੋ ਕੇ ਬੱਚਾ ਪ੍ਰਦੇਸ ਵਿਚ ਬੈਠਾ ਹੋਵੇ, ਮਾਂ ਦੀ ਸੁਰਤ ਸਦਾ ਬੱਚੇ ਵਿਚ ਹੈ। ਜਿਵੇਂ ਯੋਗੀ ਸਮਾਧੀ ਲਾ ਕੇ ਸਰਵਗਜ ਬਣ ਜਾਂਦੇ ਹਨ, ਤਿਵੇਂ ਪੁਤਰ-ਪਿਆਰ ਦੀ ਖੇਡ ਸਦਕਾ ਮਾਂ ਵਿਚ ਸਰਵੱਗਤਾ ਆ ਜਾਂਦੀ ਹੈ। ਦੂਰ ਬੈਠੇ ਪੁਤਰ ਦੀ ਬਾਬਤ–



"ਬਿਨ ਦੇਖੇ ਜਾਣਦੀ ਵੱਲ ਹੈ, ਬੀਮਾਰ ਹੈ,
ਬਿਨ ਦੇਖੇ ਦੇਖਦੀ ਖੁਸ਼ ਹੈ ਕਿ ਰੋਂਦਾ ਇਸ ਘੜੀ।"

ਕਵੀ ਦੇ ਖਿਆਲ ਅਨੁਸਾਰ 'ਮਨ ਨੂੰ ਟਿਕਾਣਾ, ਚਿੱਤ ਨੂੰ ਸੰਭਾਲਣਾ' ਇਕ ਕਰਾਮਾਤ ਹੈ–

"ਕਰਾਮਾਤ ਬੱਸ ਇਕ ਪਿਆਰ ਹੈ,
ਜੇਹੜਾ ਦਿਲ ਦੀ ਟੋਹ ਨਾਲ ਸਭ ਕੁਝ ਜਾਣਦਾ।"

ਅਤੇ ਇਹ ਕਰਾਮਾਤ ਮਾਂ ਵਿਚ ਸਹਿਜ ਸੁਭਾਏ ਪੁਤਰ-ਪਿਆਰ ਸਦਕਾ ਆ ਜਾਂਦੀ ਹੈ।

੭. ਮਾਂ ਆਪਣੇ ਪੁਤਰ ਦੇ ਪਿਆਰ ਵਿਚ ਆਪਾ ਵਾਰਦੀ ਹੈ, ਭੁਲਦੀ ਹੈ, ਉਸ ਤੋਂ ਵਿਛੜ ਕੇ ਆਪਾ ਘੋਲਦੀ ਹੈ। ਇਸ ਯੋਗ ਦੀ ਬਰਕਤ ਨਾਲ–

"ਮਾਂ ਦੀ ਨਦਰ ਵਿਚ ਇਕ ਡੂੰਘਾ ਕੋਈ ਅਸਗਾਹ ਹੈ।
ਰੱਬ ਆਪ ਉਤਰਦਾ ਮਾਂ ਦੇ ਦਿਲ ਵਿਚ,
ਉਹ ਦੀ ਬਾਹਾਂ ਵਿਚ, ਝੋਲ ਵਿਚ,
ਰੱਬ ਆਪ ਮਾਂ ਦੀ ਨਦਰ ਉਚੀ ਕਰਦਾ।"

## (੫) ਕਵੀ ਦੀ ਨਜ਼ਰ ਵਿਚ ਮਾਂ ਦਾ ਦਰਜਾ

੧. "ਮਾਂ ਰੱਬ ਦੀ ਰੂਪ ਹੁੰਦੀ,
ਪਾਲਦੀ, ਜਫਰ ਜਾਲਦੀ, ਜਾਗਦੀ ਦਿਨ ਰਾਤ।
ਸ਼ੁਕਰ ਸ਼ੁਕਰ ਕਰਦੀ ਦਿਨ ਰਾਤਿ।
ਮੇਰਾ ਬੱਚਾ, ਮੇਰਾ ਬੱਚਾ ਆਖਦੀ ਹੈ।"

੨. "ਮਾਂ ਰੱਬ ਦਾ ਕੋਈ ਡਾਢਾ ਸੋਹਣਾ ਅਵੇਸ਼ ਹੈ।

... ... ... ... ...

ਮਾਂ ਵਿਚ ਰੱਬ, ਹਰ ਬਾਲ ਲਈ ਨਿਤ ਅਵਤਾਰ ਹੁੰਦਾ।
ਮਾਂ ਦਾ ਦਿਲ ਇਉਂ ਬੱਸ ਰੱਬ ਹੈ।
ਮਾਂ ਦੀ ਲੋਰੀ ਬਾਣੀ ਅਕਾਸ਼ ਦੀ।"

... ... ... ...

੩. "ਮਾਂ ਹੋਣਾ ਧੀ ਭੈਣ ਦਾ ਇਕ ਦੈਵੀ-ਰਾਜ ਹੈ,
ਇਹੋ ਦੇਵੀ, ਇਹੋ ਕੰਨਿਆਂ,
ਇਹੋ ਭਵਾਨੀ, ਇਹੋ ਦੁਰਗਾ,
ਇਹੋ ਮਾਂ ਹੈ।"



# ਸ਼ਰਧਾਂਜਲੀ

ਵਲੋਂ—ਡੀ. ਐਸ. ਜੀ ਲਾਇਲਪੁਰੀ

ਪੰਜਾਬੀ ਦੇ ਮਿਠੇ, ਸੋਹਣੇ ਕਵੀਆ!
ਦੇਸ਼ ਦੇ ਪ੍ਰਵਾਨਿਆ! ਪਿਆਰ ਦੇ ਸਾਕੀਆ!
ਮਿਠਤ ਦਾ ਸੋਮਾਂ ਤੂੰ!
ਖਿਆਲਾਂ ਦਾ ਸ਼ਹਿਨਸ਼ਾਹ ਤੂੰ!
ਗਗਨਾਂ ਦੇ ਪੰਛੀਆ! ਨੈਣਾਂ ਦੇ ਪਿਆਸਿਆ!
ਨ ਰਜੇ ਇਕ ਵਾਰ ਤੂੰ! ਪ੍ਰੀਤਾਂ ਦੇ ਜੋਗੀਆ!

... .. ...... ...... ......

ਤਜਰਬੇ ਵਿਚ ਸਦਾ ਮੁਸਕਰਾਂਦਾ ਰਹੇ,
ਜਿੰਦ ਅਜ਼ਾਬੋਂ ਛੁਟੀ ਆਖ,
ਘਰ ਘਾਟ ਲੁਟਾਂਦਾ ਰਹੇ;
ਤੇਰੀ ਕਵਿਤਾ, ਉਮੰਗਾਂ ਨੂੰ ਛੇੜਦੀ, ਜਜ਼ਬੇ ਉਭਾਰਦੀ
ਤ੍ਰਗਾਂ ਜੋੜਦੀ ਨਕਸ਼ੇ ਉਤਾਰਦੀ
'ਖੁਲ੍ਹੇ ਮੈਦਾਨ' ਤੇਰੇ ਦਿਲ ਦੀ ਤਸਵੀਰ ਏ,
'ਖੁਲ੍ਹੇ ਘੁੰਡਾਂ' ਦੇ ਹੇਠਾਂ ਸੁਹਪਣ ਦਿਲਗੀਰ ਏ,
ਖੁਲ੍ਹੇ ਲੇਖਾਂ ਵਿਚ, ਨਵੀਂ ਦੁਨੀਆ ਵਸਾਈ ਏ,

...... ...... ...... ......

ਕੰਮ ਆਉਣ ਜੀਵਨ ਜੁਗਤ

ਦੌੜਦੀ ਪੌਣ ਪਿਛੇ ਗਾਉਂਦੇ
ਅਲਬੇਲੇ ਕਵੀਆ।
ਪਿਆਰਾਂ ਦੇ ਮੁਜਸਮ ਦੇਵਤਾ;
ਖਿਆਲਾਂ ਦੇ ਉਡਾਰੂਆ !
ਨਵਾਂ, ਹੁਨਰ;
ਨਵਾਂ ਰਾਗ, ਨਵੀਂ ਜੁਗ ਲਿਆ, ਦੇਸ਼ ਅੰਦਰ।
ਤੂੰ ਤੇ ਦੁਨੀਆ ਬਦਲਾ ਦਿਤੀ।
ਨਹੀਂ ਰਿਹਾ ਉਹ ਪੰਜਾਬ ਤੇ ਪੰਜਾਬ ਦੀਆਂ ਉਹ ਜਟੀਆਂ;
ਜਿਦੀਆਂ ਸਿਫਤਾਂ ਕਰਦਾ ਖੁਭ ਜਾਂਦਾ ਸੈਂ
ਪਿਆਰ ਦੇ ਖੋਭਿਆਂ ਵਿਚ।
ਨਹੀਂ ਰਹੇ ਜਵਾਨ ਉਹ, ਜਿਨਾਂ ਨੂੰ ਉਭਾਰਿਆ,
ਭੁਲ ਜਾਂਦਾ ਸੈਂ ਗੁਲਾਮੀ ਨੂੰ,
ਤੇ ਵਾਜਾਂ ਮਾਰਦਾ ਸੈਂ
ਚੌੜੀਆਂ ਛਾਤੀਆਂ ਵਾਲਿਆਂ ਨੂੰ !
ਕਿਥੇ ਗਿਆ ਤੇਰਾ ਪੰਜਾਬ !
ਤੇ ਕਿਥੇ ਗਿਆ ਪੰਜਾਬ ਦਾ ਲਾਡਲਾ 'ਪੂਰਨ'
ਬੌਰੀ ਹੋ ਹੋ ਢੂੰਡੇ ਹੀਰ; ਬੇਲੇ ਤੇ ਜੂਹਾਂ ਵਿਚੋਂ;
ਰੱਬੀ-ਖੰਭਾਂ ਤੇ ਝੈਠਾ ਆਪਣੇ ਰਾਂਝੇ-ਕਵੀ ਨੂੰ



# ਪ੍ਰੋਫੈਸਰ ਪੂਰਨ ਸਿੰਘ ਦੀ ਪੰਜਾਬੀ ਕਵਿਤਾ

ਤੇ

# ਜੀਵਨ ਫਲਾਸਫੀ

(ਵਲੋਂ–ਸ੍ਰੀ ਮਾਨ ਗਿਆਨੀ ਸੁਜਾਨ ਸਿੰਘ ਜੀ ਬੀ. ਏ.)

ਚੜ੍ਹਿਆ ਪੂਰਣ ਚੰਦ ਵਿਚ ਅਕਾਸ਼ ਦੇ,
ਰੂਪ-ਮਾਨ ਸੁਹਜ ਦਾ ਹੁਲਾਰਾ ਖਾ ਕੇ।

ਕਵੀ ਦਿਲ ਅਨੰਤ ਦੇ ਅਗੰਮੀ ਕਿੰਗਰੇ ਨਾਲ ਜਾ ਛੋਂਹਦਾ ਹੈ। ਅਥਾਹ ਖੁਸ਼ੀਆਂ ਦੀਆਂ ਲਹਿਰਾਂ ਦੀ ਥੱਰਾਹਟ ਰੋਮ ਰੋਮ ਵਿਚ ਲਰਜ਼ ਉਠਦੀ ਹੈ। ਸਰੀਰ ਸੌਂ ਜਾਂਦਾ ਹੈ। ਸਮਾ ਖੜੋ ਜਾਂਦਾ ਹੈ। ਅੰਧੇਰੀ ਰਾਤ ਵਿੱਚੋਂ ਊਸ਼ਾ ਪ੍ਰਕਾਸ਼ ਮਾਨ ਹੁੰਦੀ ਹੈ। ਰੱਸ ਵਰ੍ਹਦਾ ਹੈ। ਮਸਤੀ ਦਾ ਸੋਮਾ ਹੁੰਦਾ ਹੈ। ਇਹ ਹੈ ਕਵਿਤਾ, ਇਹ ਹੈ ਸੁਰਤ।

ਇਸ ਸੁਰਤ ਵਿਚ ਆਪਣੀ ਸੁੰਦਰਤਾ ਤੇ ਅਕਹਿ ਖੁਸ਼ੀ ਨੂੰ ਸ਼ਬਦਾਂ ਵਿਚ ਅਨੁਵਾਦ ਕਰਨ ਨੂੰ ਦੁਨੀਆਂ ਵਾਲੇ ਕਵਿਤਾ ਕਹਿੰਦੇ ਹਨ। ਖੁਲ੍ਹੀ ਕਵਿਤਾ ਦਾ ਇਹ ਖਾਸਾ ਹੈ ਕਿ ਇਹ ਸੁੰਦਰਤਾ ਵਿਚ ਲਿਸ਼ਕਦੇ ਭਾਵਾਂ ਨੂੰ ਜਿਉਂ ਦਾ ਤਿਉਂ ਸਾਡੇ ਸਾਹਮਣੇ ਰੱਖਦੀ ਹੈ। ਸੁਹੱਪਣ ਨੂੰ ਕਿਸੇ ਸੱਚੇ ਵਿਚ

ਪਾ ਕੇ ਉਸ ਨੂੰ ਤੋੜ ਮਰੋੜ ਕੇ ਪੇਸ਼ ਨਹੀਂ ਕਰਦੀ। ਖਿਆਲ ਦੀ ਤਾਰ ਤੁਕਾਂਤ ਤੇ ਵਜ਼ਨ ਦੇ ਬਾਟੇ ਵਿਚੋਂ ਕੱਢ ਕੇ ਤੋੜਦੀ ਨਹੀਂ । ਆਪਣੇ ਰੂਹਾਨੀ ਤਜਰਬੇ ਦੀ ਅਸਲੀਅਤ ਨੂੰ ਕਾਇਮ ਰੱਖ ਕੇ ਆਪਣੇ ਢੰਗ ਵਿਚ ਕਹਿਣਾ ਹੀ ਤਾਂ ਕਵਿਤਾ ਦੀ ਖੂਬੀ ਹੈ । ਜੇ ਅਸਲੀਅਤ ਨਾ ਰਹੀ ਤੇ ਲਿਖਣ-ਢੰਗ ਵੀ ਕਿਸੇ ਦਾ ਨਕਲ ਕੀਤਾ ਹੋਇਆ ਵਰਤਿਆ ਤਾਂ ਕਵਿਤਾ ਕੀ ਹੋਈ ?

ਇਕ ਅਲਬੇਲਾ ਨੌਜਵਾਨ, ਆਪਣੀ ਜਵਾਨੀ ਦੀ ਮਸਤੀ ਵਿਚ ਝੂਮਦਾ, ਆਪਣੀ ਚਾਲੇ ਲਟਕਾਂ ਨਾਲ ਬੇਲੇ ਵਿਚ ਮੋਢੇ ਡਾਂਗ ਧਰੀ ਤੁਰਿਆ ਜਾਂਦਾ ਹੈ। ਉਸ ਦੀ ਚਾਲ, ਨਾਲ ਤੁਰੇ ਜਾਂਦੇ ਭਰਾ ਨਾਲੋਂ ਵਖਰੀ ਹੈ। ਉਸ ਦੀ ਟੋਰ ਦਾ ਤ੍ਰਾਣ ਭੌਂ ਤੇ ਪੈਂਦੇ ਭਰਪੂਰ ਕਦਮਾਂ ਤੋਂ ਪਤਾ ਲੱਗਦਾ ਹੈ । ਪਰ ਦੂਜੇ ਪਾਸੇ ਇਕ ਬੁਢਿਆਂ ਦੀ ਸੱਜੀ ਫ਼ੌਜ ਹੈ, ਹਰ ਇਕ ਦੀ ਚਾਲ ਬੱਝੀ ਹੋਈ ਹੈ। ਕਿਸੇ ਦੀ ਤੋਰ ਵਿਚ ਆਪਣੀ ਸ਼ਖਸੀਅਤ ਨਹੀਂ। ਨਾ ਕੋਈ ਜੀਵਨ ਦਾ ਤ੍ਰਾਣ ਹੈ, ਨਾ ਜਾਨ ਹੈ। ਹੁਣ ਤੁਸੀਂ ਹੀ ਦਸੋ ਕਿਹੜੀ ਚਾਲ ਚੰਗੀ ਹੋਈ ?

ਖੁਲ੍ਹੀ ਕਵਿਤਾ ਦੀ ਖੁਲ੍ਹ, ਵਲਵਲੇ ਦੀ ਖੁਲ੍ਹ ਹੈ, ਕਿਉਂਕਿ ਦੋਹਾਂ ਦੀ ਚਾਲ ਸਾਂਝੀ ਹੈ। ਖੁਲ੍ਹੀ ਕਵਿਤਾ ਵਿਚ ਜਜ਼ਬਾ ਤੇ ਭਾਵ ਇਦਾਂ ਸਾਫ ਪਰਤੀਤ ਹੁੰਦੇ ਹਨ ਜਿਵੇਂ ਹੀਰੇ ਵਿਚ ਚਮਕ, ਗੁਲਾਬ ਵਿਚ ਸੁਗੰਧ । ਬਲੌਰੀ ਥੇਵੇ ਤੇ



ਕਾਗਜ਼ ਦੇ ਫੁੱਲ ਉੱਥੇ ਪਹੁੰਚ ਹੀ ਨਹੀਂ ਸਕਦੇ। ਪੁਰਾਣੀਆਂ ਪਦ-ਬਣਤਰਾਂ ਇਸ ਵਿਚ ਕੰਮ ਨਹੀਂ ਸਾਰ ਸਕਦੀਆਂ। ਹਰ ਇਕ ਨਵੀਂ ਤੁਕ, ਇਕ ਨਵੀਂ ਦੁਨੀਆਂ ਹੁੰਦੀ ਹੈ। ਜੇ ਕਵਿਤਾ ਸ਼ਬਦਾਂ ਦੀ ਕੋਮਲਤਾ ਤੇ ਮਿਠਾਸ ਵਿਚ ਹੀ ਹੋਵੇ ਤਾਂ ਵੀ ਖੁਲ੍ਹੀ ਕਵਿਤਾ ਵਿਚ ਘੱਟ ਕੋਮਲਤਾ ਤੇ ਮਿਠਾਸ ਨਹੀਂ ਹੁੰਦੀ । ਪੂਰਨ ਸਿੰਘ ਜੀ ਦੀ ਪੰਜਾਬੀ ਕਵਿਤਾ, ਪੰਜਾਬ ਦੀ ਖੁਲ੍ਹੀ ਕਵਿਤਾ ਹੈ ਅਤੇ ਇਸ ਵਿੱਚ ਇਸ ਦੇ ਸੱਭ ਗੁਣ ਹਨ । ਖੁਲ੍ਹੀ ਕਵਿਤਾ ਨੂੰ ਸਾਧ-ਬਚਨਾਂ ਨੇ ਜਨਮ ਦਿੱਤਾ ਤੇ ਪੱਛਮ ਨੇ ਇਸ ਨੂੰ ਪਹਿਲੋਂ ਪਹਿਲ ਅਪਣਾਇਆ। ਵਾਲਟ ਵਿਟਮੈਨ (ਅਮਰੀਕਾ) ਐਫ. ਐਸ. ਫਲਿੰਟ (Ireland) ਡਬਲਯੂ. ਵੀ. ਯੀਟਸ, (England) ਕੇ. ਐਚ. ਲੌਰੈਂਸ (England) ਫੋਰਡ ਮੈਡੌਕਸ, ਰਾਬਿੰਦਰਾ ਨਾਥ ਟੈਗੋਰ (India) ਕੋਲ ਖੁਲ੍ਹੀ ਕਵਿਤਾ ਜਵਾਨੀ ਦੀ ਅਧ ਖਿੜੀ ਹਾਲਤ ਵਿਚ ਆਈ; ਪਰ ਖੇੜੇ ਦੀ ਪੂਰਨਤਾ ਇਸ ਨੂੰ ਪੂਰਨ ਸਿੰਘ ਕੋਲ ਆ ਕੇ ਹੀ ਪ੍ਰਾਪਤ ਹੋਈ।

ਬਦਲਾਂ ਦੀ ਅਧਮੀਟੀ ਅੱਖ ਵਿਚੋਂ ਪੂਰਣ-ਚੰਦ ਦੀ ਨੂਰੀ ਪੁਤਲੀ ਦੀਆਂ ਕਿਰਦੀਆਂ ਕਿਰਨਾਂ ਹੇਠ ਕੰਵਲ ਖਿੜਦੇ, ਦਰਿਆ ਖਲੋਂਦੇ, ਪਰਬਤ ਝੂਮਦੇ, ਹੀਰਾਂ ਹੱਸਦੀਆਂ, ਰਾਂਝੇ ਗਾਉਂਦੇ ਅਤੇ ਇਹ ਗੁਝਾ ਭੇਤ ਆਪ ਮੁਹਾਰੇ ਦੱਸੀ ਜਾਂਦੇ ਹਨ ਕਿ ਇਸ ਅੱਖ ਵਿੱਚ ਚਾਨਣ ਕਿਸੇ ਹੋਰ ਸੂਰਜ ਦਾ ਹੈ, ਝਾਂਵਲੇ ਕਿਸੇ ਹੋਰ ਵਲੈਤ ਦੇ, ਸੁਫਨੇ ਕਿਸੇ ਹੋਰ

ਸੁਰਗ ਦੇ । ਕੋਈ ਅਰਸ਼ੀ-ਛੁਹ ਇਸ "ਪਾਰਸ-ਦਿਲ" ਨੇ ਖਾਧੀ ਹੈ ਅਤੇ ਇਹ ਲੋਹੇ ਨੂੰ ਸੋਨਾ ਕਰ ਕਰ ਧਰੀ ਜਾਂਦਾ ਹੈ । ਸਾਈਂ ਦੀ ਮਿਹਰ ਨਾਲ ਇਸ ਚਿਤ੍ਰਕਾਰ ਦੇ ਹੱਥ ਵਿਚ "ਫੜੀ ਮਿਟੀ ਦੀ ਢੀਮ ਮਠਿਆਈ ਹੋ ਗਈ ਹੈ।"

ਖੁਲ੍ਹਾਂ ਭਰੇ ਜੀਵਨ ਦੇ ਮੱਥੇ ਅਜ਼ਲ ਤੋਂ ਹੀ 'ਖੁਲ੍ਹੇ-ਲੇਖ' ਵਹੇ ਸਨ । 'ਖੁਲ੍ਹੇ ਮਦਾਨਾਂ' ਵਿੱਚ ਉਸ ਦਾ ਦਿਲ ਸੀ ।

'ਦਿਲ ਦੇ ਕਿੰਗਰੇ ਤੇ ਦੇਖ ਤਾਰੇ ਲਟਕਦੇ ।'

ਜਿਸ ਦੀ ਛੁਹ ਨਾਲ ਅਧਖਿੜੀਆਂ ਕਲੀਆਂ ਦੇ ਘੁੰਡ ਖੁਲ੍ਹੇ, ਅਤੇ ਉਨ੍ਹਾਂ ਦੀ ਸੁਗੰਧ ਅਕਾਸ਼ਾਂ ਵਿਚ ਖੁਲ੍ਹੀ, ਖਿੰਡੀ। ਉਸ ਦੇ ਕੁਝ ਕਿਣਕੇ ਪੰਜਾਬੀਆਂ ਦੀ ਧਰਤ ਤੇ ਆਣ ਪਏ ।

ਆਪਣੀ ਕਵਿਤਾ ਦੀ ਪੜਚੋਲ ਕਵੀ ਜੀ ਨੇ ਇਦਾਂ ਕੀਤੀ ਹੈ:–

ਮੇਰੇ ਨਿੱਕੇ ਨਿੱਕੇ ਹੱਥ, ਦਾਤਾਂ ਵਡੀਆਂ, ਝਨਾਂ ਦੇ ਝਨਾਂ ਪਏ ਵੱਗਦੇ ।

...... ...... ...... ......

ਮੈਨੂੰ ਰੰਗ ਬੰਨ੍ਹਣਾ ਨਹੀਂ ਆਉਂਦਾ ਹਾਲੀਂ,
ਉਹ ਰੰਗ, ਜੇਹੜਾ ਕਦੀ ਕਦੀ,
ਮੇਰੇ ਅੰਦਰ ਅਚਣ ਚੇਤ ਵਰ੍ਹਦਾ !!

...... ...... ...... . .



ਇਹ ਖੁਲ੍ਹ ਜਹੀ ਮੇਰੇ ਹੁਭ ਦੀਆਂ ਘੜੀਆਂ,
ਗੋਂਦਾਂ ਤੋੜ ਸਾਰੀਆਂ ਮੈਂ ਮੌਜਾਂ ਮਾਣਦਾ,

...... ...... ...... ......

ਅਥਰੂਆਂ ਦੀ ਮਾਲਾ ਅਨੇਕ ਮੇਰੇ ਗਲ ਵਿਚ
ਜਾਂਦਾ ੨ ਪੰਖੇਰੂ ਨੈਣਾਂ ਵਿੱਚ ਲਟਕਾਉਂਦਾ,

— — — —

ਅਣੋਖੀਆਂ ਜਿਹੀਆਂ ਟੁਟੀਆਂ ਫੁਟੀਆਂ ਸੁਰਾਂ ।

— — — —

ਪਿਆਰਾ ਦੇਸ ਸਾਰਾ ਕਬੂਲ ਕਰਸੀ ਮੇਰਾ ਚਾ,
ਇਹ ਵੀ ਇਕ ਪਾਗਲ ਜਿਹਾ ਸੁਆਦ ਹੈ ।

ਇਸ ਕਵੀ ਕੋਲ ਵਲਵਲਿਆਂ ਦੇ ਦਫਤਰ ਭਰੇ ਪਏ ਹਨ । ਚਾਲ ਇਸ ਦੀ ਸੁਤੇ ਸਿੱਧ ਸ਼ੁਧ ਹੁੰਦੀ ਹੈ, ਕਿਉਂਕਿ ਜਜ਼ਬੇ ਵਿਚ ਕੋਈ ਬਣਾਵਟ ਨਹੀਂ ਹੁੰਦੀ।

ਮੈਂ ਅਗੇ ਲਿਖ ਚੁਕਾ ਹਾਂ ਕਿ ਵਲਵਲੇ ਦੀ ਖੁਲ੍ਹ ਇਸ ਕਵਿਤਾ ਦੀ ਖੁਲ੍ਹ ਹੈ, ਜਜ਼ਬਿਆਂ ਦੇ ਤੂਫ਼ਾਣ ਨਾਲ ਬੋਲੀ ਵਿਚ ਵੀ ਜ਼ੋਰ ਪੈਰੋ ਪੈਰ ਵਧਦਾ ਜਾਂਦਾ ਹੈ ।

ਜੀਣ ਤੇਰੇ ਪਿੱਪਲ ਤੇ ਅੰਬ ਪਿਆਰੇ,
ਜੀਣ ਤੇਰੀਆਂ ਸਦਾ ਸਾਵੀਆਂ ਬੋਹੜਾਂ !
ਜੀਣ ਤੇਰੇ ਤੂਤ ਸ਼ਹਤੂਤ ਸਾਰੇ,
ਜੀਣ ਤੇਰੀਆਂ ਬੇਰੀਆਂ !
ਫਲਾਹੀਆਂ ਜੀਣ ਕਿੱਕਰ ਜੀਣ ਜੀਣ ਝਾੜ ਤੇ ਝਾੜੀਆਂ !

ਜਦੋਂ ਕਵੀ ਇਨ੍ਹਾਂ ਸਤਰਾਂ ਦੇ ਆਦਿ ਵਿਚ ਸੀ ਜਜ਼ਬਾ ਇਕ ਸ਼ਾਂਤ ਪਿਆਰ ਦਾ ਸੀ । ਵਧਿਆ ਹੋਇਆ ਪਿਆਰ ਦਾ ਜਜ਼ਬਾ ਤੀਸਰੀ ਚੌਥੀ ਤੁਕ ਵਿਚੋਂ ਸਾਫ ਦਿਸਦਾ ਹੈ। ਪੰਜਵਾਂ ਛੇਵੀਂ ਵਿਚ ਪਿਆਰ ਦੀ ਹੱਦ ਹੋ ਗਈ ਅਤੇ ਫਲਹੀਆਂ, ਕਿੱਕਰ, ਝਾੜ ਤੇ ਝਾੜੀਆਂ ਚੁੰਬਕ ਦੀ ਖਿੱਚ ਨੂੰ ਬੇਨਕਾਬ ਕਰਨ ਲਈ ਲੋਹੇ ਦੇ ਕਿਣਕਿਆਂ ਵਾਂਗ ਤੜਫ ਉੱਠੀਆਂ ।

ਅਲੰਕਾਰ ਇਸ ਦੀ ਕਵਿਤਾ ਨਾਲ ਲੈ ਕੇ ਆਉਂਦੀ ਹੈ, ਬਣਾਉਣੇ ਨਹੀਂ ਪੈਂਦੇ । ਇਸ ਦੀ ਕਵਿਤਾ ਦੀਆਂ ਸਜਾਵਟਾਂ ਨਦੀ ਤੇ ਰੁੜ੍ਹਦਿਆਂ ਉਨ੍ਹਾਂ ਫੁਲਾਂ ਤੇ ਪੱਤਿਆਂ ਵਾਂਗ ਹਨ, ਜੋ ਜਨਮ-ਅਸਥਾਨ ਤੋਂ ਹੀ ਕਿਸੇ ਜਾਦੂ-ਬੂਟੇ ਨਾਲੋਂ ਝੜ ਝੜ ਡਿਗਦੇ ਹਨ ।

ਥੱਲੇ ਇਕ ਨਮੂਨਾ ਇਨ੍ਹਾਂ ਦੀ ਕਵਿਤਾ ਵਿੱਚੋਂ ਬਿਲਕੁਲ ਕੁਦਰਤੀ ਰੂਪਕ (Metaphor) ਦਾ ਦਿਤਾ ਜਾਂਦਾ ਹੈ। ਇਹੋ ਜਿਹੇ ਸੈਂਕੜੇ ਨਹੀਂ, ਹਜ਼ਾਰਾਂ ਰੂਪਕ ਇਨ੍ਹਾਂ ਦੀ ਕਵਿਤਾ ਵਿੱਚ ਮਿਲਣਗੇ:-

ਗੰਦਲ ਆਪਣੀ ਤੇ ਬੈਠਾ ਝੂਮ,
ਪਾਣੀ ਜੀਣ ਦਾ ਖਿੱਚ ਧਰਤ, ਅਕਾਸ਼ ਥੀਂ,
ਰੋਟੀ ਪੁਟ ਮਿੱਟੀ ਦੇ ਢੇਲੇ ਥੀਂ,
ਫੋੜ ਫੋੜ ਧਰਤੀ ਨੂੰ ਖਾਹ ਤੂੰ
ਜੀ ਤੂੰ ਸਦਕੇ, ਕੁਲ ਜਹਾਨ ਤੇਰੇ ਵਾਸਤੇ,



ਹੱਸ ਤੂੰ ਫੁੱਲਾ !

ਉਪਮਾਂ ਇਸ ਕਵੀ ਦੀ ਬੜੀ ਢੁਕਵੀਂ ਹੁੰਦੀ ਹੈ ਭਾਵੇ ਕਦੇ ਕਦੇ ਬਹੁਤ ਲਤੀਫ ਭੀ ਹੋ ਜਾਂਦੀ ਹੈ। ਜਿਸ ਤਰ੍ਹਾਂ:-

੧. ਸਰੂ ਵਾਂਗ ਖਲੋ ਤੂੰ, ਪੈਰਾਂ ਆਪਣਿਆਂ ਤੇ।
੨. ਚਿੱਟੀਆਂ ਦੁੱਧ ਮਿਰੀਆਂ ਪਿੰਨੀਆਂ।
੩. ਸ਼ਹਿਰਾਂ ਦੇ ਸ਼ਹਿਰ ਡਿਗਦੇ ਨੀਂਦਰ ਵਿੱਚ,
ਵਾਂਗ ਕਿਸੇ ਗੜਗੜਾਂ ਦੇ ਸ਼ਰਾਬੀਏ ਦੇ,
ਵਿਚ ਕਿਸੇ ਸ਼ਹਿਰ ਦੀ ਮੋਰੀ।
੪. ਚਾਹ ਨਾਂਹ, ਚਾਹਣ ਨੂੰ ਛਡ ਵਾਂਗ ਡੋਰੀ ਟੁੱਟੀ ਪਤੰਗ ਦੇ।
੫. ਮੈਂ ਤਾਂ ਸੁਗੰਧ ਥੀਂ ਵੀ ਪਤਲੀ ਆਂ।
੬. ਝੱਗਾ ਤੇਰੇ ਨੀਲਾ ਅਸਮਾਨ ਸਾਰਾ,
ਜਿਸ ਉਤੇ ਗੋਟਾ ਕਿਨਾਰੀ ਚਮਕੇ ਵਾਂਗ ਬਿਜਲੀਆਂ।

ਇਸ ਤੋਂ ਪਹਿਲੋਂ ਕਿ ਇਨ੍ਹਾਂ ਦੀ ਕਵਿਤਾ ਦੀ ਫਿਲੌਸਫੀ ਤੇ ਕੁਝ ਵਿਚਾਰ ਕਰੀਏ, ਇਨ੍ਹਾਂ ਦੀ ਕਵਿਤਾ ਦੇ ਸੁਹਪਣ ਦੇ ਕੁਝ ਹੋਰ ਨਮੂਨੇ ਵਿਖਾਉਣੇ ਜ਼ਰੂਰੀ ਭਾਸਦੇ ਹਨ।

ਇਨ੍ਹਾਂ ਦਾ ਹੁਨਰ ਇਕ ਧੁੰਦਲਾ-ਹੁਨਰ (Mystic art) ਹੈ, ਕਲੀਆਂ ਦੇ ਘੁੰਡ ਲਾਹ ਸੁਟੇ ਹਨ, ਪਰ ਉਨ੍ਹਾਂ ਦੇ ਉਦਾਲੇ ਉਨ੍ਹਾਂ ਦੀ ਖੁਸ਼ਬੋ ਦੀ ਇਕ ਬਰੀਕ ਜਿਹੀ ਜਾਲੀ ਉਣ ਦਿੱਤੀ ਹੈ, ਜਿਸ ਵਿੱਚੋਂ ਸੁਹਪਣ ਦੂਣਾ ਬਣ-ਬਣ ਦਿੱਸਦਾ ਹੈ। ਇਹੋ ਜਹੀ ਕਵਿਤਾ ਵਿੱਚ ਰਮਜ਼ਾਂ ਹੁੰਦੀਆਂ ਹਨ ਜਿਹੜੀਆਂ-

"ਜੰਗਲਾਂ ਵਿੱਚ ਡੁਲ੍ਹਦੇ ਵਹਿੰਦੇ ਚਸ਼ਮਿਆਂ ਵਾਂਗ ਕਿਸੇ

ਨੈਨਾਂ ਵਾਲੇ ਨੂੰ ਬੁਲਾਉਂਦੀਆਂ।"

ਥੱਲੇ ਦਿੱਤੀ ਕਵਿਤਾ ਰੂਹ ਦਾ ਗੀਤ ਹੈ, ਪਰ ਟੰਗਣ ਉਹ ਚਾੜ੍ਹੀ ਹੈ ਕਿ ਪੰਜਾਬੀ ਹਵੇਲੀ ਦੇ ਬੂਹੇ ਅਗੇ ਖੜੀ ਇਕ ਕੁੜੀ ਤੁਰੇ ਜਾਂਦੇ ਰਾਹੀ ਨਾਲ ਗਲ ਬਾਤ ਕਰਦੀ ਮਲੂਮ ਹੁੰਦੀ ਹੈ ਜੇ ਇਸ ਦੀ ਤਹ ਤੀਕਰ ਨਾ ਵੀ ਪਹੁੰਚਿਆ ਜਾਵੇ ਤਾਂ ਵੀ ਇਹ ਟੋਟਕਾ ਸੁਹਣਾ ਹੈ:–

'ਜਾਵੀਂ ਨਾ ਤਾਵਲਾ ਲੰਘ ਵੀਰਾ।
ਖਲੋਵੀਂ ਇਸ ਗਲੀ, ਇਥੇ ਮੈਂ ਸੁਣਨ ਦੀ ਚਾਹ।
ਚੱਲੀਂ ਨਾ ਚਲਣ ਵਾਂਗ, ਹੌਲੀ ਹੌਲੀ, ਗਾਂਦਾ ਜਾਵੀਂ।
ਮੁੜ ਮੁੜ ਉਹ ਤੂੰ ਆਪਣਾ ਮਿੱਠਾ ਬੋਲ,
'ਉਹ ਤੈਨੂੰ ਪਿਆਰ ਕਰਦਾ।'

— — — —

'ਪਿਆਰ ਵਿਚ ਮੋਇਆਂ ਬੰਦਿਆਂ ਦੇ ਵਚਨ ਕਵਿਤਾ ਹਨ' ਤਾਂਹੀਂਓਂ ਤੇ ਰਾਂਝੇ ਦੀ ਬੰਸਰੀ ਵਿਚੋਂ ਨਿਕਲਦੀ ਕਵਿਤਾ ਨੂੰ ਸੁਣ ਇਨ੍ਹਾਂ ਦੀ ਅਪਣੀ ਕਵਿਤਾ ਵਿਚ:–

ਹਿੱਲੇ ਸਾਰਾ ਜਹਾਨ ਵੇ,
ਦਰਿਆ ਦੌੜ ਆਵਣ ਤੇ ਠਹਰ ਪੁਛਦੇ।
'ਕੀ ਬੁਲਾਇਆ ਸਾਨੂੰ ਤੇਰੀ ਬੰਸਰੀ।'

— — — —

ਵਾਹ! ਵਾਹ! ਮਸਤ ਪੰਜਾਬੀਆ।
ਬਾਂਸਰੀ ਆਪਣੀ ਵਿਚ ਮਸਤ ਤੂੰ,



'ਹੀਰ' 'ਹੀਰ' ਬੋਲੇ ਤੇਰੀ ਬੰਸਰੀ।
ਲੋਕਾਈਆਂ ਆਈਆਂ ਦਿਸਦੀਆਂ ਅਣ ਦਿਸਦੀਆਂ,
ਬਾਂਸਰੀ ਸੁਣ ਤੇਰੀ ਰੱਜ ਰੱਜ ਗਈਆਂ
ਜਿਵੇਂ ਆਣ ਲਖ ਹਜ਼ਾਰ ਘੜੇ ਵਲੀਆਂ
ਭਰ ਭਰ ਜਾਣ ਸਾਰੀਆਂ ਦਰਿਆ ਝਨਾਂ ਦਾ ਪਾਣੀ।

ਸੁਹਣਪ ਨੂੰ ਨਿਰਜੀਵ ਵੀ ਅਪਣਾ ਕੇ ਰਾਜ਼ੀ ਹਨ ਅਤੇ ਉਸ ਦਾ ਚੇਤਾ ਨਹੀਂ ਭੁਲਾਉਂਦੇ–

ਆ ਹੀਰੇ ਉਹੋ ਤੇਰਾ ਚਿਹਰਾ ਹੋਵੇ।
ਚੰਨਾਂ ਕੋਲੂੰ ਸੁਥਰਾ,
ਤਾਰਿਆਂ ਕੋਲੋਂ ਤ੍ਰਿਖਾ;
ਚੜ੍ਹੇ ਓਹੋ ਇਕ ਵਾਰ ਫੇਰ ਪੰਜਾਬ ਤੇ,
ਸਿਆਲਾਂ ਵਾਲਾ ਸੁਹਣਪ ਦਾ ਸੂਰਜ
ਜਿਸ ਦੀ ਝਨਾ ਛਾਤੀ ਵਿਚ
ਹਾਲੇ ਤਕ ਮੂਰਤ ਲਟਕਦੀ

ਕਵਿਤਾ ਦੀ ਬਣਤਰ ਦੀ ਖੁਲ੍ਹ ਉਨ੍ਹਾਂ ਦੇ ਭਾਵਾਂ ਵਿਚ ਦੀ ਪ੍ਰਵੇਸ਼ ਕਰਨ ਤੋਂ ਨਹੀਂ ਰੁਕੀ। ਬੇਪਰਦ ਸੁੰਦਰਤਾ ਭੀ ਤਾਂ ਸੁੰਦਰਤਾ ਹੈ। ਭਾਵੇਂ ਉਨ੍ਹਾਂ ਨੇ ਸਮਝ ਲਿਆ ਸੀ ਕਿ–

'ਇਥੇ ਗੁਸਤਾਖਾਂ ਨੂੰ ਸੂਲੀਆਂ।'

ਪਰ ਫਿਰ ਵੀ–

ਫਟਾ ਫਟਾ ਝੱਗਾ ਇਕ ਜੋਬਨਾਂ ਨੂੰ ਕੱਜਦਾ।
ਅਰਕਾਂ ਨੰਗੀਆਂ ਪਈਆਂ ਹੁੰਦੀਆਂ,

ਤੇ ਛਾਤੀ ਦੀਆਂ ਲੀਰਾਂ ਹਵਾ ਪਈ ਚੁੱਕਦੀ,
ਫਕੀਰ ਸਾਂਈ ਲੋਕ ਇੱਥੇ ਮਿਲਦੇ,
ਤੇ ਇਨ੍ਹਾਂ ਕੁੜੀਆਂ ਦੀਆਂ ਅੱਖਾਂ ਵਿਚ
ਲੱਜਾਂ ਸੁਟ ਸੁਟ ਪਾਣੀ ਉਹ ਭਰਦੇ ।

ਅਰੂਪ ਨੂੰ ਰੂਪ ਵਿਚ ਲਿਆਉਣਾ ਅਤੇ ਦਿਸਦੇ ਨੂੰ ਅਦਿੱਖ ਕਰਨਾ ਕਵੀ ਦਾ ਕਮਾਲ ਹੈ। ਕੋਝੇ ਨੂੰ ਸੋਹਣਾ ਕਰਨਾ, ਅਤੇ ਸੋਹਣੇ ਨੂੰ ਬੇਹੱਦ ਸੋਹਣਾ ਕਰਨਾ ਕਵੀ ਦੀ ਕਰਾਮਾਤ ਹੈ। ਸੁਰਤ-ਦੀ ਸੁੰਦਰਤਾ ਨੂੰ 'ਕਵਾਰੀ ਪਦਮਨੀ' ਦਾ ਰੂਪ ਦੇ ਕੇ ਅਦਿੱਖ ਨੂੰ ਪੇਖਣਾ-ਚਾਖਣਾ ਬਣਾਇਆ ਹੈ।

ਮਾਏ ! ਮੈਂ ਕਲੀ ਬਰਫਾਂ ਦੀ ਛਾਇਆ,
ਖਿੜਾਂ ਮੈਂ ਪਿਆਰ-ਰੱਬੀ-ਛਾਵਾਂ ਹੇਠ
ਮੈਂ ਚਾਨਣ ਇਹ ਕਦੇ ਨਹੀਂ ਸਹਾਰਦੀ
ਬਾਹਰ ਨਾ ਕੱਢਣਾ ਛਾਂਵਾਂ ਦੀ ਕਲੀ ਨੂੰ ।
ਮੈਂ ਉਹ ਫੁੱਲ ਜਿਹੜਾ ਭਾਂਬੜ ਬਲ ਉਠਸੀ

ਇਹ ਅਦੇਹ-ਪਦਮਨੀ ਤਾਰਿਆਂ ਤੋਂ ਆਪਣਾ ਪਿਆਰ ਲੁਕਾਉਂਦੀ ਹੈ। ਇਹ ਤਾਂ ਚੰਨ ਦੀ ਧੁਪ ਵੀ ਨਹੀਂ ਸਹਾਰ ਸੱਕਦੀ। ਇਹ ਸੁਗੰਧ ਤੋਂ ਵੀ ਪਤਲੀ ਹੈ। ਸੁਰਤ ਗਿਆਨ ਦੇ ਚਾਨਣੇ ਕੁਮਲਾ ਜਾਂਦੀ ਹੈ ਪਰ ਪਿਆਰ ਦੀਆਂ ਹਨੇਰੀਆਂ ਰਾਤਾਂ ਵਿਚ ਸੁਫਨੇ ਵਾਂਗ ਟਹਿਲਦੀ ਹੈ।

ਹੁਣ ਰੂਪ ਵਾਲੀ ਗਾਰਗੀ ਦੀ ਸ਼ੋਭਾ ਨੂੰ ਅਰੂਪ ਕਰਦੇ ਹਨ । ਜਿਵੇਂ ਕਿਸੇ ਫਰਿਸ਼ਤੇ ਦੇ ਚਾਂਦੀ ਦੇ ਡੰਡੇ



ਨਾਲ ਲੱਗ ਕਿਸੇ ਨੱਕ-ਮੂੰਹ ਵਾਲੀ ਸੁਹਣੀ ਦੀ ਰੂਹ ਸੁਗੰਧਿਤ ਧੂੰਏ ਵਾਂਗ ਨੰਗੀ ਉਡਾਰੀ ਲਾਉਂਦੀ ਹੋਵੇ–

ਮੇਰਾ ਸੁਹਣੱਪ ਨਹੀਂ ਕੈਦ ਹੈ
ਨੱਕ, ਮੂੰਹ, ਤੇ ਅੱਖੀਆਂ
ਹੱਥਾਂ ਪੈਰਾਂ ਬਾਂਹਾਂ ਵਿਚ ।
ਮੇਰਾ ਅਨੰਤ ਸੁਹਪੱਣ,
ਇਨ੍ਹਾਂ ਹਦਾਂ ਥੀਂ ਪਾਰ ਹੈ ।
... ... ...
.. ... ...
ਮੈਂ ਤਾਂ ਨਿਰੋਲ ਰੂਹ ਹਾਂ ਸਣ ਦੇਹੀ,
ਮੈਂ ਹੀਰਾ ਜਿਹੜਾ ਕਦੀ ਨਾ ਟੁੱਟਦਾ ।
ਮੈਂ ਨੰਗੀ,
ਚਾਨਣ ਨੂੰ ਕਿਹਾ ਪੜਦਾ ।

ਸੁਹਪੱਣ ਨੂੰ ਕਾਹਦਾ ਪੜ੍ਹਦਾ ਹੈ ? ਉਸ ਤਾਂ ਕੰਵਲ ਦੀ ਸ਼ਕਲ ਵਿਚ:–

ਪੜਦਾ ਪਾਣੀ ਪਾੜ,
ਸੁੰਦਰਤਾ ਨਾ ਲੁਕ ਸਕੀ,
ਰੂਪ ਸਵਾਇਆ ਚਾੜ੍ਹ
ਨਿਖਰ ਸੰਵਰ ਸਿਰ ਕੱਢਿਆ । (ਮਟਕ ਹੁਲਾਰੇ)

ਘਰ ਦੀ ਗਹਲ ਸੋਹਣੀ ਹੈ, ਪਰ ਸਾਡੇ ਚਿਤ੍ਰਕਾਰ ਦੇ ਬੁਰਸ਼ ਹੇਠਾਂ ਆ ਕੇ ਉਹ ਪਰੀਆਂ ਨੂੰ ਮਾਤ ਪਾਉਂਦੀ ਹੈ। ਕਾਦਰ ਦੀ ਕੁਦਰਤ ਨੂੰ ਹੇਠਾਂ ਛੱਡਦੀ ਹੈ, ਅਤੇ ਚੌਹਾਂ

ਬਾਹਾਂ ਨਾਲ ਭਰਤਾ ਦੀ ਸੇਵਾ ਕਰਦੀ ਹੈ। ਉਹ ਤਾਂ ਕੋਈ ਦੇਵੀ ਹੈ–

ਆਟੇ ਦੀ ਟੋਕਰੀ ਚੂੜੇ ਵਾਲੀ ਦੇ ਇਕ ਹੱਥ ਉੱਤੇ ਧਰੀ,
ਮੱਖਣ ਦੀ ਟਿੱਕੀ ਕਾਲੇ ਕਟੋਰੇ ਵਿਚ ਦੂਏ ਹੱਥ ਤੇ,
ਦੁੱਧ ਦਾ ਕਟੋਰਾ ਇਕ ਹੋਰ ਹੱਥ ਤੇ।
ਛਾਹ ਦੀ ਚਾਟੀ ਸਿਰ ਤੇ ਰੱਖੀ,
ਇਉਂ ਕਈ ਹੱਥਾਂ ਵਾਲੀ,
ਕਈ ਬਾਹਾਂ ਵਾਲੀ।
... ......ਮੈਂ ਗਹਲ ੨ ਆਖਾਂ,
ਇਹ ਤਾਂ ਪਰਭਾਤ ਸਾਰੀ ਮੇਰੀ ਛਤ ਹੇਠਾਂ ਫੁੱਟਦੀ।
ਮੇਰੇ ਘਰ ਵਿਚ ਪੈਂਦਾ, ਗਗਨਾਂ ਦਾ ਝਾਂਵਲਾ,
... ... ... ...
ਸੂਰਜ ਦੀ ਟਿੱਕੀ ਤੇ ਪਕਾਵੇ ਇਹ ਰੋਟੀਆਂ,
ਦੁੱਧ ਚੋਵੇ ਉਸ ਉਪਰ ਦੀ ਨੀਲੀ ੨ ਗਾਂ ਦਾ,
ਉਸ ਗਊ ਦੇ ਗਲੇ ਲੱਖ ਲੱਖ ਟਲੀਆਂ,
ਮੇਰੀ ਗਹਲ ਕੀ ਪਈ ਕਰਦੀ ਇਹ,
ਮੇਰੀ ਨਿੱਕੀ ਜਿਹੀ ਛੱਤ ਹੇਠ,
ਦੇਵੀ ਦੇਵਤਿਆਂ ਦਾ ਇਕੱਠ ਹੈ।

ਪ੍ਰੋਫੈਸਰ ਜੀ ਜਪਾਨ ਆਦ ਪਰਦੇਸਾਂ ਵਿਚ ਰਹਿ ਆਏ ਸਨ। ਹਿੰਦੁਸਤਾਨ ਦੇ ਲਗ ਭਗ ਸਾਰੇ ਪ੍ਰਾਂਤਾਂ ਵਿਚ ਆਪ ਸੈਰ ਕਰ ਚੁਕੇ ਸਨ। ਉਨ੍ਹਾਂ ਬਾਹਰਲੇ ਦੇਸਾਂ ਬਾਬਤ



ਜੋ ਕੁਝ ਵੇਖਿਅ, ਉਹ ਇਹ ਸੀ ਕਿ ਯੂਰਪ ਦੀ ਸਭਯਤਾ ਮਨੁਖ ਤੇ ਮਨੁਖ ਦਾ ਵਖੇਵਾਂ ਸੀ। ਅਮਰੀਕਾ ਸੋਨੇ ਦੀਆਂ ਠੀਕਰੀਆਂ ਦਾ ਭੁੱਖਾ ਸੀ। ਜਪਾਨ ਦੀ ਸ਼ਾਂਤੀ ਕੁਛ ਉਨ੍ਹਾਂ ਦੀ ਰੂਹ ਨੂੰ ਭਾਈ, ਪਰ ਫਿਰ ਵੀ, ਪੰਜਾਬ ਦੀਆਂ ਗੁਜਰੀਆਂ, ਹਾਲੀ, ਪੈਠੋਹਾਰ ਦੇ ਜੁਆਨ, ਮਜੂਰਾਂ ਦੀਆਂ ਮਜੂਰਨੀਆਂ, ਅੰਮ੍ਰਿਤਸਰ ਦੇ ਬਜਾਰ, ਪਿੰਡਾਂ ਦੀਆਂ ਪੈਲੀਆਂ, ਦਰਿਆ, ਪੀਂਘਾਂ ਦੀ ਖਿੱਚ ਉਨ੍ਹਾਂ ਦੇ ਬਾਲ-ਦਿਲ ਵਿਚ ਹਮੇਸ਼ਾਂ ਰਹੀ। ਪੁਰਾਣੀ ਸੱਭਿਤਾ ਨੂੰ ਨਵੇਂ ਪੰਜਾਬ ਤੋਂ ਕੂਕ ਕੂਕ ਮੰਗਦੇ ਹਨ, ਉਸ ਨੂੰ ਸਲਾਹੁੰਦੇ ਹਨ। ਪੰਜਾਬ ਦਾ ਪਿਆਰ ਇਨ੍ਹਾਂ ਦਾ ਇਕ ਅਮਿੱਤ ਜਜ਼ਬਾ ਹੈ, ਅਤੇ ਇਸ ਦੁਆਲੇ ਨਵਾਂ ਪੂਰਨ-ਸੁੰਦਰੀਆਂ ਦਾ ਨਾਚ ਹੈ। ਨਮੂਨੇ ਵਜੋਂ ਥੱਲੇ ਦੀਆਂ ਤੁਕਾਂ ਸੌ ਚਿਤਰਾਂ ਵਾਲੀ ਕਵਿਤਾ, "ਦੇਸ਼ ਨੂੰ ਅਸੀਸ ਸਾਡੀ ਗਰੀਬਾਂ ਦੀ" ਵਿੱਚੋਂ ਹਾਜ਼ਰ ਹਨ:–

ਮਿੱਠੇ ਤੇਰੇ ਚਸ਼ਮਿਆਂ ਦੇ ਹੀਰੇ ਡਲ੍ਹਕਦੇ ਪਾਣੀ,
ਉੱਚੇ ਉੱਚੇ ਪਰਬਤ ਤੇਰੇ,
ਤੇਰੇ ਜੰਗਲ ਦਿਉਦਾਰ ਦੇ ਸੁਹਾਵਣੇ,
... ... ... ... ... ...
ਜੀਣ ਜੱਟੀਆਂ ਦੁਧ ਚੋਣ ਵਾਲੀਆਂ।
ਜੀਣ ਤੇਰੇ ਬਾਲ ਸਾਰੇ,
ਮੁਸ ਮੁਸ ਰੋਣ ਵਾਲੇ,
ਭਰੀਆਂ ਰਹਿਣ ਤੇਰੀਆਂ ਲੱਸੀ ਦੀਆਂ ਚਾਟੀਆਂ।

ਉਪਰ ਤਰਦੇ ਉਨ੍ਹਾਂ ਦੇ ਮੱਖਣਾਂ ਦੇ ਪਿੰਨੇ।
ਫਿਰਨ ਘੁੰਮ ਘੁੰਮ, ਸਵੇਰ ਸਾਰ ਲਾਲ ਲਾਲ ਮਧਾਣੀਆਂ
... ... ... ... ...
ਥੀਣ ਲੰਮੇ, ਹੋਰ ਲੰਮੇ, ਤੇਰੇ ਸੁਹਣੇ ਸੁਹਣੇ ਸੁਫਨੇ,
ਤੇ ਲੰਮੀਆਂ ਸਿਆਲ ਦੀਆਂ ਰਾਤਾਂ ਪਿਆਰ ਵਾਲੀਆਂ।
ਵੱਡੇ ਵੱਡੇ ਕੰਮ ਕਰੀਂ,
ਛੋਟੇ ਛੋਟੇ ਹੱਥਾਂ ਨਾਲ।

ਇਸ ਅਸੀਸ ਦੀ ਪ੍ਰੇਰਣਾਂ ਪੰਜਾਬ ਹੀ ਹੋ ਸਕਦਾ ਸੀ। ਦੁਨੀਆਂ ਦਾ ਕੋਈ ਹੋਰ ਦੇਸ ਇਸ ਤਰ੍ਹਾਂ ਦੀ ਕਵਿਤਾ ਪੈਦਾ ਕਰ ਹੀ ਨਹੀਂ ਸਕਦਾ। ਮਾਂ ਦੇ ਦੁਧ ਨਾਲ ਸਿੱਖੀ ਹੋਈ ਬੋੱਲੀ ਹੀ ਵਲਵਲੇ ਦੀ ਇਸ ਬਰੀਕੀ ਨੂੰ ਫੜ ਸਕਦੀ ਹੈ। ਇਸ ਦਾ ਉਲਥਾ ਕਿਸੇ ਹੋਰ ਬੋਲੀ ਵਿਚ ਹੋਣਾ ਅਸੰਭਵ ਹੈ। ਇਨ੍ਹਾਂ ਦੀ ਹਰ ਇਕ ਕਵਿਤਾ ਵਿਚ ਪੰਜਾਬ ਦੀ ਸਥਾਨਕ-ਰੰਗਣ ਪਿਛਵਾੜੇ ਖੜੀ ਝਾਤ ਝਾਤ ਕਰਦੀ ਹੈ, ਪਰੰਤੂ ਇਨ੍ਹਾਂ ਨਵੀਆਂ ਕਵਿਤਾਵਾਂ ਵਿਚ ਇਹ ਇਕ ਖਾਸ ਸ਼ਖਸੀਅਤ ਹੈ।

ਕਵੀਆਂ ਦੇ ਦਿਲਾਂ ਵਿਚ ਕੁਦਰਤ ਦੇ ਭੇਤ ਆਣ ਖੁਲ੍ਹਦੇ ਹਨ। ਪਹਾੜ, ਦਰਿਆ, ਬਦਲ, ਫੁੱਲ, ਪਹਾੜ, ਝੀਲਾਂ ਆਦਿ ਮੂੰਹ ਪਾੜ ਪਾੜ ਬੋਲਦੀਆਂ ਹਨ। ਪਰ ਇਸ ਬੋਲੀ ਨੂੰ ਸਮਝਣ ਦੀ ਸ਼ਕਤੀ ਇਸ ਕੰਨ ਵਿਚ ਹੀ ਹੁੰਦੀ ਹੈ, ਅਤੇ ਇਨ੍ਹਾਂ ਦਾ ਸਾਹਿੱਤ ਕਵੀ ਦੀ ਜੀਭ ਰਾਹ ਪ੍ਰਕਾਸ਼ਤ



ਹੁੰਦਾ ਹੈ। ਇਸ ਵਿਚ ਇਕ ਸੁਹਪਣ ਭਰੀ ਸ਼ਾਂਤੀ ਹੈ ਜੋ ਸਰੀਰ ਦੇ ਭਾਗ ਨੂੰ ਝਾੜ ਸੁਟਦੀ ਹੈ। ਰੂਹ ਹੌਲੀ ਹੋ ਕੇ ਨੀਲੇ ਗਗਨਾਂ ਨੂੰ ਬੱਦਲਾਂ ਵਾਂਗ ਚੁੰਮਦੀ ਹੈ ਅਤੇ ਉਸ ਵੇਲੇ ਜੀਵਨ ਸਾਰ ਸਮਝ ਵਿਚ ਆ ਜਾਂਦਾ ਹੈ। ਮਨੁਖ, ਕੁਦਰਤ, ਸਭ ਵਿਚ ਇਕੋ ਰੂਹ ਫੈਲਰੀ ਦਿਸ ਪੈਂਦੀ ਹੈ। ਇਸ ਸਾਰੀ ਚੀਜ਼ ਦਾ ਅਨੁਭਵ ਪ੍ਰੋਫੈਸਰ ਜੀ ਨੂੰ ਸੀ, ਇਹ ਉਨ੍ਹਾਂ ਦੀ ਕਵਿਤਾ ਤੋਂ ਪਤਾ ਚੱਲਦਾ ਹੈ। ਵਰਡਸਵਰਥ ਵਾਂਗ ਇਨ੍ਹਾਂ ਕੁਦਰਤ ਨੂੰ ਖੂਬ ਸਮਝਿਆ ਸੀ:—

ਇਹ ਬੇਲ ਬੂਟੇ ਜਿਹੜੇ ਤੈਨੂੰ ਖਿੱਚਦੇ
ਇਹ ਮੈਂ ਖੜਾ ਇਹ ਮੈਂ ਖਿੜਿਆ
ਹੱਸ ਤੈਨੂੰ ਬੁਲਾਉਂਦਾ ਉਚਾਈ ਨੂੰ
ਥਾਂਈ ਥਾਂਈ ਖੜਾ, ਰਾਹੀਂ ਰਾਹੀਂ ਖੜਾ
ਚੁਰਾਹਿਆਂ ਤੇ ਜੰਗਲਾਂ ਮੈਦਾਨਾਂ ਵਿਚ।

ਇਨਾਂ ਦੇ ਅਲੰਕਾਰ ਕੁਦਰਤ ਵਿਚੋਂ ਚੁਣੇ ਤਾਰੇ ਹੁੰਦੇ ਹਨ ਅਤੇ ਕਦੇ ਕਦੇ ਇਹ ਤਾਰੇ ਉਸ ਚੰਨ ਨੂੰ ਮਾਤ ਪਾ ਦਿੰਦੇ ਹਨ ਜਿਸ ਦੇ ਦਵਾਲੇ ਨੂੰ ਇਹ ਸਜਾਉਂਦੇ ਹਨ।

ਅਨੁਮਾਨ ਸ਼ਕਤੀ ਇਨ੍ਹਾਂ ਦੀ ਬੜੀ ਪਰਬਲ ਹੈ ਅਤੇ ਕਈ ਵਾਰੀ ਇਹ ਮੌਤੋਂ ਪਾਰਲੇ ਦੇਸ਼ਾਂ ਦੀ, ਗਗਨੋਂ ਉੱਚੇ ਅਕਾਸ਼ਾਂ ਦੀ, ਪਤਾਲੋਂ ਡੂੰਘੇ ਪਤਾਲਾਂ ਦੀ ਸੈਲ ਕਰਾਉਂਦੇ ਹਨ:—

ਆਕਾਸ਼ ਵਿੱਚ ਉਡਦੀਆਂ,

ਉਡਦੀਆਂ ਡਾਚੀਆਂ ਵੇਖ ਸਸੀ ਉਡ ਪਈ,
ਉਨੂੰ ਤਾਰਿਆਂ ਵਿਚ ਦਿਸਣ ਉਹ ਡਾਚੀਆਂ।
ਤੇ ਮੁਹਾਰਾਂ ਹੱਥ ਬਲੋਚਾਂ ਜ਼ਾਲਮਾਂ ਦੇ,
... ... ... ... ..
ਸੱਸੀ ਪੁੱਛਦੀ ਆਪਣੇ ਦਿਲ ਕੋਲੋਂ।
ਕੀ ਮੰਜ਼ਲ ਪਿਆਰ ਦੀ ਹਾਲੀ ਦੂਰ ਹੈ ?
ਪਰੇ ਉਥੇ, ਜਿੱਥੇ ਜਾ ਰਹੀਆਂ ਉਹ ਡਾਚੀਆਂ,
ਕੀ ਇਹ ਰਾਹ ਦੀ ਸਰਾਂ ਸੀ
ਜਿੱਥੇ ਪੁੰਨੂੰ ਮਿਲਿਆ ?

ਹੀਰ-ਰਾਂਝਾ, ਤੇ ਇਕ ਜੰਗਲੀ ਫੁੱਲ ਭਾਵੇਂ ਰਮਜ਼ਾਂ ਭਰੀਆਂ ਲਲਤ-ਕਵਿਤਾਵਾਂ ਹਨ, ਫਿਰ ਭੀ ਇਨ੍ਹਾਂ ਦੀ ਕਹਾਣੀ ਇਕ ਰੋਮਾਂਸ ਭਰੀ ਬਣਤਰ ਹੈ। ਸੁਹੱਪਣ ਵਖਰਾ-ਪਣ ਅਜੀਬ ਤੇ ਅਚੰਭਿਤ ਕਰ ਦੇਣ ਵਾਲਾ ਰੰਗ ਰੋਮਾਂਸ ਹੈ। ਇਸ ਦਾ ਸੁਆਦ ਰਤਾ "ਜੰਗਲੀ ਫੁੱਲ" ਪੜ੍ਹ ਕੇ ਲਵੋ। ਅਨੇਕ ਅਜੀਬ ਸੁਹੱਪਣ, ਅਨੇਕ ਰੰਗੀਆਂ ਰਮਜ਼ਾਂ, ਰੂਪਾਂ ਤੇ ਅਦਾਵਾਂ ਵਿਚ ਕੰਬ ਰਹੀਆਂ ਹਨ—

ਇਕ ਗਰੀਬ ਦਾ ਪਿਆਰ,
ਕੰਨਾਂ ਵਿਚ ਪਿਆਰ ਦੇ, ਚੰਬਾ ਤੇ ਚੰਬੇਲੀ ਲਟਕੇ,
ਗਲੇ ਵਿਚ ਗੁਲਾਬਾਸੀ ਦੀਆਂ ਗਾਨੀਆਂ।

ਕਿਸੇ ਜ਼ਰ-ਖਰੀਦ ਸੁਹਪਣ ਤੇ ਮਸਤ ਹੋ, ਕਵੀ ਸੁੰਦ-ਰਤਾ ਦੇ ਹੱਥ ਵਿਚ ਵਿਕ ਜਾਂਦਾ ਹੈ। ਅਤੇ ਸੁੰਦਰਤਾ ਜੁਆਨੀ



ਤੇ ਪਿਆਰ ਦਾ ਕਦੀਮ ਦਾ ਸਾਥੀ ਇਕ ਜੀਉਂਦਾ ਜਾਗਦਾ ਦਿਲ ਬਣ ਕੇ,
ਲਹਿਰ ਲਹਿਰ ਹੋ ਵਗਦਾ ਸੀ
ਤੇ ਲਹਿਰਾਂ ਜਾ ਟਕਰਾਂਦੀਆਂ ਸਨ ਉਸ ਸੋਹਣੇ ਦੇ ਦਿਲ ਦੀਆਂ ਕੰਧਾਂ ਨਾਲ
ਤੇ ਗਭਰੂ ਦੀਆਂ ਕੰਧਾਂ ਢਹਿ ਢੇਰੀ ਹੁੰਦੀਆਂ ......

ਪ੍ਰੋਫੈਸਰ ਪੂਰਨ ਸਿੰਘ ਜੀ ਦੇ 'ਪੂਰਨ-ਭਗਤ' ਵਿੱਚ ਪ੍ਰੋਫੈਸਰ ਜੀ ਦੀ ਜੀਵਨ ਕਥਾ ਦੇ ਬਹੁਤ ਅੰਸ ਹਨ। ਅਤੇ 'ਪੂਰਨ' ਲਈ ਉਨ੍ਹਾਂ 'ਪੂਰਨ' ਭਾਂਡਾ ਲਭਿਆ। ਮਾਤਾ ਤੋਂ ਵਿਛੋੜਾ; ਜੋਗੀ ਨਾਲ ਮੇਲ, ਸੁੰਦਰਾਂ ਦੀ ਭੀਖ ਅਤੇ ਜੋਗੀ ਤੋਂ ਜੀਉਂਦਾ ਜਾਗਦਾ ਦਿਲ ਲੈ ਕੇ ਫਿਰ ਮਾਂ ਦੀ ਗਲ-ਵੱਕੜੀ; ਇਹ ਉਨ੍ਹਾਂ ਦੇ ਆਪਣੇ ਅਸਲੀ ਤੇ ਆਤਮਕ ਜੀਵਨ ਦੇ ਹਾਦਸੇ ਹਨ। ਇਸ ਕਹਾਣੀ ਨੇ ਭਾਈ ਵੀਰ ਸਿੰਘ ਜੀ ਵਾਂਗ ਜੋ ਬਹੁਤ ਕੁਛ ਇਨ੍ਹਾਂ ਨੂੰ ਦਿੱਤਾ ਵੀ ਹੈ ਤਾਂ ਲਿਆ ਭੀ ਬਹੁਤ ਕੁੱਛ ਹੈ। ਦਿੱਤਾ ਪਾਣੀ ਤੇ ਚਿਣਗ ਹੈ, ਲਿਆ ਪਰਕਾਸ਼ ਤੇ ਸੁਗੰਧ।

ਕਵਿਤਾ, ਇਨ੍ਹਾਂ ਦੇ ਖਿਆਲ ਵਿਚ ਇਕ ਆਵੇਸ਼ ਇਕ ਰੱਬੀ ਰੂਹਾਨੀਅਤ ਅਤੇ ਕੈਫੀਅਤ ਦਾ ਨਾਂ ਹੈ ਸੁਰਤ ਦੀ ਲਿਵਲੀਨਤਾ ਦਾ ਨਾਂ ਹੈ। ਅਖਰੀ ਕਵਿਤਾ ਤਾਂ ਰੂਪ ਵਾਲੀਆਂ ਚੀਜ਼ਾਂ ਵਾਂਗ ਇਕ ਸਥੂਲ ਸੁਹਪਣ ਹੈ। ਜੀਵਨ ਜਦ ਕਦੀ ਅਰਸ਼ੀ-ਥੱਰਾਟ ਵਿਚ ਆਉਂਦਾ ਹੈ, ਤਾਂ ਕਵਿਤਾ

ਆਉਂਦੀ ਹੈ । ਏਸ ਤੋਂ ਹੇਠਾਂ ਕਿੰਨਾ ਵੀ ਢੋਲ-ਢਮੱਕਾ ਹੋਵੇ, ਕੁਛ ਹੋਵੇ, ਉਹ ਕਵਿਤਾ ਨਹੀਂ ।

ਇਖਲਾਕ ਤੇ ਅਚਾਰ ਇਕ ਅੰਦਰੋਂ ਫੁੱਟਣ ਵਾਲਾ ਚਸ਼ਮਾ ਹੈ । ਵਿਦਿਆ ਇਸ ਨੂੰ ਬਾਹਰੋਂ ਅੰਦਰ ਘਲ ਨਹੀਂ ਸੱਕਦੀ । ਕਿਸੇ ਡਰ ਨਾਲ ਔਗੁਣਾਂ ਤੋਂ ਬਚਣ ਵਾਲਾ ਇਨਸਾਨ ਹੈਵਾਨ ਹੈ । ਪਿਆਰ ਮਲੋ ਮਲੀ ਰਾਹ ਜਾਂਦਿਆਂ ਪੈਂਦੇ ਹਨ । ਪਿਆਰ ਗਿਆਨੀ ਹੁੰਦਾ ਹੈ, ਇਹ ਸੁਹਪਣ ਨੂੰ ਨਾਸ ਨਹੀਂ ਕਰਦਾ ਸਗੋਂ ਉਸ ਤੇ ਕੁਰਬਾਨ ਥੀਂਦਾ ਹੈ, ਮਸਤੀ ਵਿਚ ਆਉਂਦਾ ਹੈ, ਆਪਾ ਵਾਰਦਾ ਹੈ। ਪਿਆਰ, ਆਰਟ ਤੇ ਸੁਰਤ ਫਲਸਫੇ ਦੇ ਮਾਰੂ ਥਲ ਵਿਚ ਮਰ ਜਾਂਦੇ ਹਨ । ਕਿਰਤ ਵਿਚ ਲਗਾ ਮਨ ਇਸ ਰਾਹੇ ਨਹੀਂ ਪੈਂਦਾ । ਆਪਣੇ ਘਰ ਤੇ ਘਰ ਵਾਲਿਆਂ ਦੇ ਦੁਆਲੇ ਦੇਸ਼-ਪ੍ਰੇਮ ਉਪਜਦਾ ਤੇ ਪਲਦਾ ਹੈ । ਜ਼ੁਲਮ ਸਹਿਣਾਂ ਤੇ ਜ਼ੁਲਮ ਕਰਨਾ ਕਾਇਰਤਾ ਦੇ ਦੋ ਹੋਰ ਨਾਂ ਹਨ । ਮਜ਼ੁਬ ਸਾਰਿਆਂ ਦਾ ਇਕੋ ਹੈ ।

ਪੁਰਾਣੀ ਸਭਿਤਾ ਚੰਗੀ ਸੀ । ਚੰਗਿਆਂ ਨਾਲ, ਔਗੁਣ ਇਕ ਅੱਧ, ਗੁਣ ਹੋ ਭਾਸਦੇ ਹਨ । ਕੰਡਾ ਗੁਲਾਬ ਦੇ ਫੁਲ ਦੀ ਸੁੰਦਰਤਾ ਨੂੰ ਵਧਾਉਂਦਾ ਹੈ ਅਤੇ ਇਸ ਕਰ ਕੇ–

'ਕੰਡੇ ਨਾਲੋਂ ਫੁਲ ਨੂੰ ਤੋੜਨਾ ਫੁਲ ਨੂੰ ਮਾਰਨਾ ਹੈ।'

ਪੁਰਾਣੇ ਰਵਾਜ ਕੋਈ ਓਪਰੇ ਕੱਪੜੇ ਨਹੀਂ ਸਨ। ਇਨ੍ਹਾਂ ਦੀਆਂ ਤੰਦਾਂ ਸਾਡੇ ਸਰੀਰ ਦੀਆਂ ਨਾੜਾਂ ਵਿਚ



ਫਸੀਆਂ ਹੋਈਆਂ ਸਨ । ਨਵਿਆਂ ਨੇ ਬੁਤ ਪੂਜਾ ਤੋਂ ਇਨਕਾਰ ਕਰ ਕੇ, ਬੁਤ ਪੂਜਾ ਨੂੰ ਵਾਜਾਂ ਮਾਰੀਆਂ । ਪੱਥਰ ਦੇ ਦੇਵਤੇ ਛਡ ਕੇ ਸੋਨੇ ਦੇ ਦੇਵਤੇ ਦੀ ਪੂਜਾ ਕੀਤੀ । ਇਹ ਕਿਧਰ ਦੀ ਅਕਲ ਹੈ ? ਪੱਛਮੀ ਇਲਾਜ ਇਸ ਪੂਰਬੀ ਬੀਮਾਰ ਨੂੰ ਮੁਆਫਕ ਨਹੀਂ ਬੈਠਦਾ:–

'ਕਿਸ ਲਈ ਸਭ ਖੁਛ ਖੋਇਆ ?'

'ਦਵਾਈ ਖਾ ਮਰੀਜ਼ ਹੀ ਮੋਇਆ ।'

ਦੋ ਫਲਸਫੇ ਦੁਨੀਆਂ ਤੇ ਦੋ ਰੌਆਂ ਵਾਂਗ ਚੱਲ ਰਹੇ ਹਨ । ਇਕ 'ਮੈਂ ਹਾਂ ਸਭ ਕੁਝ' ਤੇ ਦੂਜਾ 'ਮੈਂ ਕੁਛ ਨਹੀਂ'। ਦੋਵੇਂ ਇਕੋ ਸ਼ੈ ਦੇ ਦੋ ਪਾਸੇ ਹਨ । ਦੋਵੇਂ ਸੱਚ ਦੇ ਵਖੋ ਵਖ ਸਮੇਂ ਦੇਖੇ ਅਸਲੀ ਝਾਵਲੇ ਹਨ । ਪਰ ਵਖੋ ਵਖ ਹੋ ਕੇ ਇਹ ਕਾਮਯਾਬ ਨਹੀਂ ਹੋ ਸੱਕਦੇ । 'ਮੈਂ ਹਾਂ' ਦੀਆਂ ਹਾਮੀ ਬਹੁਤੀਆਂ ਪੱਛਮੀ ਕੌਮਾਂ ਹਨ ਤੇ 'ਮੈਂ ਨਹੀਂ' ਦੀਆਂ ਪੂਰਬੀ ਕੌਮਾਂ ਤੇ ਖਾਸ ਕਰ ਕੇ ਹਿੰਦੁਸਤਾਨ । 'ਮੈਂ ਹਾਂ' ਵਾਲੀਆਂ ਨੇ ਮੈਂ ਨੂੰ ਵਧਾਉਂਦਿਆਂ ੨ ਜੰਗ ਯੂਰਪ ਵਿਚ ਜੋ ਨੁਕਸਾਨ ਉਠਾਇਆ ਉਹ ਕੋਈ ਗੁਝੀ ਛਿਪੀ ਗੱਲ ਨਹੀਂ । 'ਮੈਂ ਨਹੀਂ' ਨੂੰ ਵਧਾ ਕੇ ਜੋ ਭਾਰਤ ਦਾ ਹਾਲ ਹੋਇਆ ਉਹ ਵੀ ਇਕ ਚਾਨਣੇ ਵਾਂਗ ਪਰਕਾਸ਼ਤ ਹੈ । ਸਿੱਖੀ ਇਨ੍ਹਾਂ ਦੋ ਜੁਜ਼ਾਂ ਦਾ ਇਕ-ਸੁਰ ਮੇਲ ਹੈ । ਆਤਮਾ ਉੱਚਾ ਹੋਵੇ, ਕਿਰਤ ਕਰੇ, ਕਿਸੇ ਨੂੰ ਦੁਖ ਨਾ ਦੇਵੇ, ਅਤੇ

ਜਦੋਂ ਅਕਾਲ ਦੀ ਆਗਿਆ ਅੰਦਰ ਪਰਗਟ ਹੋਵੇ, ਜੋਨ ਔਫ ਆਰਕ ਵਾਂਗ ਜੰਗ ਵਿਚ ਖੰਡਾ ਫੜ ਲਏ, ਤੇ ਫਤੇ ਨੂੰ ਦੌੜੇ । ਆਪਣੀ ਤਾਕਤ ਨੂੰ ਜ਼ਾਹਰ ਕਰਨਾ ਸਿੱਖੀ ਦਾ 'ਇਕਬਾਲ' ਨਹੀਂ ।

ਭਾਵੇਂ:-

'ਇਹ ਅੰਨ੍ਹਿਆਂ ਦਾ ਦੇਸ ਹੈ।'
ਅਤੇ ਇਥੇ
'ਸਭ ਦੀਆਂ ਛਾਤੀਆਂ ਤੱਤੀਆਂ' ਹਨ;

ਫਿਰ ਭੀ ਆਪਣੀ 'ਰੂਹ ਨੂੰ ਖਿੜਿਆਂ ਰਖਣਾ ਚਾਹੀਦਾ ਹੈ; ਅਤੇ ਐਵੇਂ ਹੀ ਆਪਣੀਆਂ ਖੰਭੜੀਆਂ ਨਹੀਂ ਤੋੜਨੀਆਂ ਚਾਹੀਦੀਆਂ । ਇਨ੍ਹਾਂ ਨਾਜ਼ਕਾਂ ਨੇ ਕਿਹੜੇ ਟੁਟਦੇ ਤਾਰੇ ਨੂੰ ਥੰਮ ਦੇਣਾ ਹੈ । "ਸਭ ਕੁਛ ਠੀਕ ਹੈ ।" *Browning* ਬਰਾਉਨਿੰਗ ਨੇ ਵੀ ਤਾਂ ਲਿਖਿਆ ਹੈ ।

*God is in the heaven*
*And every thing right in the world*

ਇਹ ਕੁਝ ਹੁੰਦਿਆਂ ਹੋਇਆਂ ਵੀ ਇਹ ਪੱਕਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਵਿਚ ਢਹਿੰਦਿਆਂ ਅਸਮਾਨਾਂ ਨੂੰ ਚੁਕਣ ਦੀ ਸਮਰਥਾ ਹੈ ਜਿਸ ਵਿਚ ਅਨੇਕਾਂ ਤਾਰੇ ਜੜੇ ਹਨ ਅਤੇ ਇਸ ਦੀ:-"ਇਕ ੨ ਹੱਸੀ ਲਈ ਲੱਖ ਲੱਖ ਹੁਸਨ ਨਿਕਲਣ ਪਾੜ ਪਰਦੇ ।"



ਕਾਸ਼ ! ਕਿਤੇ ਇਸ ਕਵਿਤਾ ਤੇ ਇਸ ਫਲਸਫੇ ਦਾ ਧਨੀ ਦੁਨੀਆਂ ਦੇ ਕਿਸੇ ਹੋਰ ਤਖਤੇ ਤੇ ਜੰਮਦਾ ! ਪਰ ਕਿਦਾਂ ਜੰਮਦਾ ? ਇਹੋ ਜਹੀਆਂ ਰੱਬੀ-ਰੂਹਾਂ ਮੁਰਦਾ ਕੌਮਾਂ ਵਿਚ ਨਵੇਂ ਲਹੂ ਦਾ ਸੰਚਾਰ ਕਰਨ ਤੇ ਉਨ੍ਹਾਂ ਨੂੰ ਉਭਾਰਨ ਆਉਂਦੀਆਂ ਹਨ । ਭਾਵੇਂ ਇਥੇ ਉਨ੍ਹਾਂ ਦੀ ਪੂਜਾ ਨਹੀਂ ਹੁੰਦੀ, ਉਨ੍ਹਾਂ ਦੇ ਖਿਆਲਾਂ ਦੇ ਧੜੇਬੰਦੀਆਂ ਬਣਾ ਕੇ, ਹੋਰ ਦੇ ਹੋਰ ਅਰਥ ਕਢੇ ਜਾਂਦੇ ਹਨ, ਫਿਰ ਇਨ੍ਹਾਂ ਦੀ ਕਲਮ, ਟੁਟਦੇ ਤਾਰੇ ਵਾਂਗ, ਅਰਸ਼ ਤੇ ਇੱਕ ਅਮਿੱਟ ਸਵਰਨ-ਲੀਕ ਖਿੱਚ ਜਾਂਦੀ ਹੈ ਜਿਸ ਨੂੰ ਜਰਵਾਣਿਆਂ ਦੇ ਜ਼ਾਲਮ ਹੱਥ ਵੀ ਨਹੀਂ ਬੁਝਾ ਸਕਦੇ ।

ਜਿਸ ਦਿਆਂ ਨੈਣਾਂ ਰਾਹ ਅਸਮਾਨ ਥੱਲੇ ਉਤ-ਰਿਆ ਅਤੇ ਜਿਸ ਦੇ ਹੱਥਾਂ ਥਾਣੀ ਧਰਤ ਉਪਰ ਚੜ੍ਹੀ; ਅੱਜ ਇਸ ਰਸਿਕ ਕਿਰਤਾਂ ਦੇ ਕਰਤਾਰ, ਬਾਬਤ ਇਕ ਕੋੜੀ ਕਿਤਾਬਾਂ ਲਿਖੀਆਂ ਜਾਂਦੀਆਂ, ਜੇ ਇਹ ਕਿਤੇ ਬੰਗਾਲ ਵਿਚ ਜੰਮਦਾ । ਬੰਗਲਾ ਬੰਗਾਲ ਦੇ ਮੁਸਲਮਾਣ, ਹਿੰਦੂਆਂ ਤੇ ਈਸਾਈਆਂ ਦੀ ਸਾਂਝੀ ਬੋਲੀ ਹੈ । ਪਰ ਸ਼ੋਕ ਪੰਜਾਬ ਦੇ ਪੰਜਾਬੀ ਹਿੰਦੂ ਹਿੰਦੀ ਦਾ ਰਚਾਰ ਕਰਦੇ ਹਨ, ਮੁਸਲਮਾਣ ਉਰਦੂ ਦਾ ਢੋਲ ਵਜਾਉਂਦੇ ਹਨ ਤੇ ਸਿੱਖ ਗੁਰਮੁਖੀ ਦੇ ਗੀਤ ਗਾਉਂਦੇ ਹਨ । ਭਰਾਵੋ, ਭੁਲੋ ਨਾ, ਸਾਡੀ ਸਾਰਿਆਂ ਦੀ ਦੁਧ-ਬੋਲੀ ਪੰਜਾਬੀ ਜੇ। ਹੀਰੇ ਪੈਰਾਂ ਵਿਚ ਨਾ ਰੋਲੋ। ਕਿਤੇ ਉਨ੍ਹਾਂ ਫੁਲਾਂ ਦੀਆਂ ਰੂਹਾਂ ਇਹ ਫਿੱਟਕਾਂ ਨਾ ਸਾਨੂੰ

ਪਾਉਣ ਤੇ ਆਖਣ:-

"ਓੜਕ ਦੇ ਹੁਸਨ ਦਾ ਲੋਕੀ,"
"ਹਾਏ ! ਕੀ ਮੁੱਲ ਪਾਂਵਦੇ ?"

ਕਿਤੇ ਪ੍ਰੋਫੈਸਰ ਮੋਹਣ ਸਿੰਘ ਦੀ ਉਹ ਤੁਕ ਨਾ ਸੱਚ ਕਰ ਦਿਖਾਇਓ:-

"ਸਭ ਮੂੰਹ ਮੁਲਾਹਜੇ ਨੇ ਜੀਊਂਦਿਆਂ ਦੇ,
ਮੋਇਆਂ ਹੋਇਆਂ ਨੂੰ ਹਰ ਕੋਈ ਵਿਸਾਰ ਦਿੰਦਾ"

ਹੈਂ ! ਇਹ ਫਰਿਸ਼ਤਾ ਕੌਣ ਹੈ ? 'ਮੈਂ ਇਹੋ ਸੁਨੇਹਾ ਤਾਰਿਆਂ ਤੋਂ ਪਰਲੇ ਦੇਸ਼ਾਂ ਤੋਂ ਅਗੇ ਪ੍ਰੋਫੈਸਰ ਪੂਰਨ ਸਿੰਘ ਨੂੰ ਲਿਆ ਕੇ ਦਿਤਾ ਸੀ, ਹੁਣ ਤੁਹਾਨੂੰ ਉਨ੍ਹਾਂ ਕੋਲੋਂ ਲਿਆ ਕੇ ਦੇਂਦਾ ਹਾਂ" ।

ਆਹਾ ! ਉਹ ਸੁਰਗੀ ਸਵਰਨ ਸੰਗੀਤ ਛਣਕਿਆ-

"ਧੂੜ ਬੇਸ਼ਕ ਪਵੇ ਮੂੰਹ ਤੇ,
ਪਾਣੀ ਵੱਗੇ ਬੇਸ਼ਕ ਫੱਟੀ ਜੁਤੀ ਮੇਰੀ ਵਿੱਚ,
ਪਰ ਤਾਰੇ ਲਟਕਣਗੇ ਮੇਰੇ ਸਿਰ ਵਿੱਚ,
ਇਕ ਮਿੱਠੀ ਸਦਾ ਦੀ ਲੋ ਮੈਨੂੰ ਦੇਂਵਦੇ ।"



## ਪ੍ਰੋ: ਪੂਰਨ ਸਿੰਘ ਦਾ

# ਪੂਰਨ

ਵਲੋਂ-ਸ: ਬਲਵੰਤ ਸਿੰਘ ਜੀ 'ਦਾਤਾ' B. Sc. ਗੁਜਰਖਾਨ

'ਪੂਰਨ' ਭਗਤ ਪੁਰਾਣੇ ਪੰਜਾਬ ਦੀ ਇਕ ਅਮੋਲਕ ਨਿਸ਼ਾਨੀ ਹੈ। ਮਾਂਵਾਂ ਆਪਣੇ ਬਚਿਆਂ ਨੂੰ ਕਥਾ-ਕਹਾਣੀਆਂ ਦੇ ਰੂਪ ਵਿਚ ਸੁਣਾਦੀਆਂ ਹਨ, ਭੀਖਕ ਦੁਤਾਰੇ ਤੇ ਤੰਬੂਰੇ ਦੀ ਝੀਣੀ ਸੁਰ ਨਾਲ ਮਿਲਾ ਕੇ ਗਾਉਂਦੇ ਹਨ, ਜਿਸ ਤੋਂ 'ਪੂਰਨ' ਦੀ ਯਾਦ ਨਵੇਂ-ਨਿੱਕੇ ਦਿਲਾਂ ਵਿਚ ਸਮਾ ਜਾਂਦੀ ਹੈ । ਇਸ ਤਰ੍ਹਾਂ 'ਪੂਰਨ'-ਜੋਗੀ ਸਦਾ ਪੰਜਾਬ ਵਿਚ ਵਿਚਰਦਾ ਹੈ।

'ਪੂਰਨ' ਦੀ ਕਥਾ ਵਖ ਵਖ ਕਵੀਆਂ ਨੇ ਆਪਣੀ ਰਚਨਾਂ ਵਿਚ ਲਿਆਂਦੀ ਹੈ। ਇਨ੍ਹਾਂ ਵਿੱਚੋਂ ਕਾਦਰਯਾਰ ਦਾ 'ਪੂਰਨ' ਬਾਹਲਾ ਪੜ੍ਹਿਆ ਤੇ ਗਾਂਵਿਆ ਜਾਂਦਾ ਹੈ ਅਤੇ ਪੰਜਾਬੀ ਵਿਚ ਸ਼ਾਇਦ ਸਭ ਤੋਂ ਪਹਿਲਾਂ ਕਾਦਰਯਾਰ ਨੇ ਹੀ ਇਹ ਕਿੱਸਾ ਲਿਖਿਆ।

ਪ੍ਰੋ: ਪੂਰਨ ਸਿੰਘ ਕੋਲ ਕਾਦਰ ਦਾ 'ਪੂਰਨ' ਆਇਆ। ਉਸ ਨੂੰ ਪੜ੍ਹ ਕੇ ਜੋ ਲਹਰਾਂ, ਉਸ ਦੇ ਦਿਲ-ਸਾਗਰ ਵਿਚ ਉਠੀਆਂ ਉਨ੍ਹਾਂ ਨੂੰ "ਪੂਰਨ ਨਾਥ ਜੋਗੀ' ਸਿਰ-ਲੇਖ ਹੇਠ

ਅੰਕਤ ਕਰ ਪੰਜਾਬ ਦੀ ਭੇਟਾ ਕਰ ਦਿਤਾ।

( ੧ )

'ਪੂਰਨ' ਇੱਕ ਹੈ। ਉਸਦੀ ਕਥਾ ਇੱਕੋ ਹੈ। ਪ੍ਰੰਤੂ ਇਸ ਨੂੰ ਛੁਹਣ ਦਾ ਤ੍ਰੀਕਾ ਪ੍ਰੋ: ਪੂਰਨ ਸਿੰਘ ਤੇ ਕਾਦਰਯਾਰ ਦੋਹਾਂ ਦਾ ਆਪੋ ਆਪਣਾ ਹੈ। ਦੋਹਾਂ ਦੇ ਪਾਤ੍ਰ (*Characters*) ਇਕੋ ਹੁੰਦਿਆਂ ਭੀ ਇਕ ਨਹੀਂ। ਫੇਰ ਸਾਰਾ ਵਖੇਂਵਾ ਹੈ। ਪ੍ਰੋ: ਪੂਰਨ ਸਿੰਘ ਦਾ 'ਪੂਰਨ' ਜੰਮਦਿਆਂ ਹੀ ਭਗਤ ਨਹੀਂ। ਸਗੋਂ ਇਕ ਜਵਾਨ ਸ਼ਾਹਜ਼ਾਦਾ ਹੈ। ਜਿਸ ਦੀ ਸੁਹਣਪ ਸੂਰਜ-ਚੰਦ-ਤਾਰਿਆਂ ਨੂੰ ਮਾਤ ਕਰਦੀ ਹੈ। ਜਿਸ ਨੂੰ ਡਿਠਿਆਂ ਅੱਖਾਂ ਚਕਾਚੂੰਦ ਹੁੰਦੀਆਂ ਹਨ ਤੇ ਰੱਬ ਯਾਦ ਆਉਂਦਾ ਹੈ। ਉਸਦਾ ਭੋਰਿਓਂ ਬਾਹਰ ਆਉਣਾ ਮਾਨੋ ਸੂਰਜ ਦਾ ਉਦੈ ਹੋਣਾ ਹੈ। ਸਲਵਾਹਨ-ਰਾਜ ਵਿਚ ਤਰਥੱਲੀ ਮਚ ਜਾਂਦੀ ਹੈ। ਕੱਖਾਂ ਨੂੰ ਪਰ ਤੇ ਜ਼ਰੇ ਜ਼ਰੇ ਨੂੰ ਅਖੀਆਂ ਲਗ ਜਾਂਦੀਆਂ ਹਨ। ਹਾਂ,

"ਨਿੱਕਾ ਜਿਹਾ ਸਾਵਾ ਘਾਹ ਵੀ ਆਪਣੀ ਨਿੱਕੀ ਨਿੱਕੀ ਜੰਘਾਂ ਤੇ ਖਲੋ ਕੇ, ਸਿਰ ਚੁਕ ਚੁਕ ਦੇਖਦਾ,
ਕੱਖ-ਗਲੀਆਂ ਨੂੰ ਅਜ ਪਰ ਲਗੇ, ਉੱਡ ਉੱਡ ਦੇਖਦੇ,
ਪੂਰਨ ਦਾ ਪ੍ਰਭਾਵ ਕੋਈ ਕਲਾਵਾਨ ਸੀ, ਖੁਸ਼ੀਆਂ ਆਪ ਮੁਹਾਰੀਆਂ ਥਾਂ, ਥਾਂ, ਘਰ, ਘਰ, ਝੁੱਗੀ ਝੁੱਗੀ ਫੁਟਦੀਆਂ ਸਨ,
ਰੱਬ ਯਾਦ ਆਉਂਦਾ ਸੀ, ਰੱਬ ਚੰਗਾ ਲਗਦਾ ਸੀ, ਪਿਆਰ ਦੀਆਂ ਕਚੀਚਾਂ ਖਲਕ ਵੱਟਦੀ,
ਪੂਰਨ ਦੇਖ ਨਿਗਾਹਾਂ ਖਲਕ ਦੀਆਂ ਨਾ ਰਜਦੀਆਂ,
ਉਹਦਾ ਦਰਸ਼ਨ ਮੁੜ ਮੁੜ ਭੁਖ ਲਾਂਦਾ ਸੀ, ਖਲਕ ਟੁੱਟ ਟੁੱਟ ਪੈਂਦੀ ਵਲ ਮਹਲਾਂ।"



'ਪੂਰਨ' ਦੀ ਮਘਦੀ ਜਵਾਨੀ ਦੀ ਭੱਖ ਸਭ ਨੂੰ ਪਹੁੰਚਦੀ ਹੈ। ਉਸ ਦੀ ਬਣਤ ਵਿਚ 'ਬਣਾਣ ਵਾਲੇ ਕਾਦਰ ਦਾ ਜਲਵਾ' ਦਿਸਦਾ ਹੈ। ਉਸਦੀ ਸੁਹਣਪ ਅਗੇ ਆਪ ਮੁਹਾਰੇ ਸਿਰ ਨਿਵ ਜਾਂਦੇ ਹਨ। ਹਾਂ, ਅਜਿਹਾ 'ਪੂਰਨ' ਰਾਜ-ਭਾਗ ਦੀ ਸਿਖਿਆ ਵਿਚ ਪ੍ਰਬੀਨ, ਰਾਜ-ਤਿਲਕ ਲੈਣ ਵਾਲਾ, ਭੋਰਿਓਂ ਬਾਹਰ ਆਉਂਦਾ ਹੈ।

ਕਾਦਰਯਾਰ ਦੀ ਕਵਿਤਾ, ਬਤਾਵਿਆਂ ਦੀ ਬਾਣੀ, ਜਾਂ ਸੁਪਨੇ ਵਿਚ ਕਿਸੇ ਸੁਣੇ ਗਏ ਗੀਤ ਵਾਂਗੂ ਕੋਈ ਕੋਈ ਛੋਹ ਲਾਂਦੀ ਹੈ ਪ੍ਰੰਤੂ ਪ੍ਰੋ: ਪੂਰਨ ਸਿੰਘ ਦੀ ਰਚਨਾ ਦਾ ਹਰੇਕ ਅੱਖਰ ਕਿਸੇ ਸੁੰਦਰਤਾ ਦੀਆਂ ਛਬੀਆਂ ਘੜਦਾ ਤੇ ਸਵਾਰਦਾ ਹੈ। ਇਸ ਮਾਸਟਰ-ਆਰਟਿਸਟ ਦਾ ਹਰੇਕ ਬੇਪਰਵਾਹੀ ਭਰਿਆ ਬੁਰਸ਼ ਨਵੀਆਂ ਨਵੀਆਂ ਮੂਰਤਾਂ ਚਿਤਰਦਾ ਤੇ ਉਨ੍ਹਾਂ ਵਿਚ ਜਿੰਦ ਪਾਂਦਾ ਜਾਂਦਾ ਹੈ।

ਪ੍ਰੋ: ਪੂਰਨ ਸਿੰਘ ਦੇ ਹੇਠਾਂ ਦਿਤੇ ਅੱਖਰ ਸਾਡੇ ਸਾਹਮਣੇ ਇਕ ਚਿਤਰ ਰਖ ਦਿੰਦੇ ਹਨ, ਜਿਨ੍ਹਾਂ ਵਿਚੋਂ 'ਪੂਰਨ' ਦੀ ਸੁਹਣਪ ਦਾ ਚਾਨਣ ਫੁਟ ਫੁਟ ਨਿਕਲਦਾ ਹੈ। ਹਾਂ, ਉਹ ਚਿਤਰ ਹੈ ਇਹ–

"ਪੂਰਨ, ਸੂਰਜ, ਇੱਛਰਾਂ ਮਾਂ ਦੀ ਗੋਦ ਦਾ,
ਪੂਰਾ ਲੱਸਦਾ ਡਲ੍ਹਕਦਾ, ਭੋਰਿਓਂ ਬਾਹਰ ਨਿਕਲ, ਉਹ ਚੜ੍ਹ ਆਇਆ,
ਸਭ ਨੂੰ ਉੱਚਾ ਦਿਸੇ, ਹੱਥ ਦੀ ਛੋਹ ਥੀਂ ਗਗਨਾਂ ਉੱਚਾ,
ਤੇ ਉਹਦੀ ਪੂਰਨ ਜਵਾਨੀ ਦੀ ਭਖ ਦੀ ਲੋ ਸਭ ਨੂੰ ਲਗਦੀ,
ਖਲਕ ਦਾ ਦਿਲ ਖੁਸ਼ੀ ਹੋਇਆ, ਸਭ ਸਿਰ ਪੂਰਨ ਅੱਗੇ ਨਿਵਦੇ,
ਬਣਾਣ ਵਾਲੇ ਕਾਦਰ ਦਾ ਜਲਵਾ ਬਣਤ ਵਿਚ ਦਿੱਸੇ,
ਅੱਖਾਂ ਚਕਾ-ਚੂੰਦ ਹੋਣ, 'ਪੂਰਨ' ਦੀ ਜਵਾਨੀ ਪੂਰੀ ਲੱਸਦੀ,
ਕਈ ਵਰਿਹਾਂ ਦੇ ਜਿਹੜੇ ਮਹਲ ਇੱਛਰਾਂ ਦੇ, ਯੋਗ ਦੀਆਂ ਕੰਧਰਾਂ ਬਣੇ ਸਨ,
ਉਹ ਅੱਜ ਖੁਸ਼ੀ ਦੇ ਅਰਸ਼ ਵਿਚ ਉੱਠ ਚੜ੍ਹੇ,
ਇਛਰਾਂ ਮਹਲ ਦੇ ਕੰਧ ਕੋਠੇ, ਬੂਹੇ ਤੇ ਬਾਰੀਆਂ,
ਵਾਂਗ ਜੀਂਦੇ ਬੰਦਿਆਂ ਦੇ ਖੁਸ਼ੀ ਦੀਆਂ ਹੇਕਾਂ ਲਾਉਂਦੇ।"

( ੨ )

ਪਿਤਾ ਦਾ ਆਗਿਆਕਾਰੀ ਪੁਤ੍ਰ-'ਪੂਰਨ', ਚਲਿਆ ਹੈ ਮਾਂ-ਇੱਛਰਾਂ ਕੋਲੋਂ ਉਠ ਕੇ ਮਤ੍ਰੇਈ-ਮਾਂ ਲੂਣਾਂ ਨੂੰ ਪ੍ਰਣਾਮ ਕਰਨ। 'ਪੂਰਨ' ਨੂੰ ਜਾਂਦਿਆਂ ਵੇਖ ਇੱਛਰਾਂ-ਮਾਂ ਬੁਰਾ ਨਹੀਂ ਮਨਾਉਂਦੀ ਪਰ ਉਸ ਦੇ ਦਿਲ ਨੂੰ ਕੁਝ ਹੁੰਦਾ ਜਾਂਦਾ ਹੈ। ਉਸ ਨੂੰ ਇੰਞ ਪ੍ਰਤੀਤ ਹੁੰਦਾ ਹੈ ਜਿਵੇਂ ਲਾਡ-ਲਡਾਂਦੀ ਡਾਲੀ ਤੋਂ ਮਾਸੂਮ ਫੁਲ ਅੱਗ ਦੇ ਸੇਕ ਵਿਚ ਝੁਲਸਣ ਲਈ ਝੁੱਕ



ਰਿਹਾ ਹੈ। ਇੱਛਰਾਂ-ਮਾਂ ਦਾ ਦਿਲ ਪ੍ਰੋ: ਪੂਰਨ ਸਿੰਘ ਨੇ ਇਉਂ ਪੜ੍ਹਿਆ ਹੈ—

"ਇੱਛਰਾਂ ਮਾਂ ਆਖੇ ਦਿਲ ਆਪਣੇ ਵਿਚ: ਇਹ ਰਾਜਾ ਕੀ ਪਿਆ ਆਖਦਾ ? ਦਿਲ ਮੇਰਾ ਡਰਦਾ,
ਕੰਵਲ ਫੁੱਲਾਂ ਨੂੰ ਆਖਦਾ ਟੁਰ ਜਾਓ, ਵੜੋ ਅੱਗ ਬਲਦੀ ਵਿਚ,
ਅੰਗੂਰਾਂ ਪਕਿਆਂ ਨੂੰ ਭੇਜਦਾ ਵਾਂਗ ਦਾਣਿਆਂ ਮਕ ਤੇ ਬਾਜਰਾ
ਭੁੰਨਦੀ ਸੜਦੀ ਰੇਤ ਓਸ ਭੱਠ ਦੀ ਵਿੱਚ,
ਪੰਛੀਆਂ ਨੂੰ ਭੇਜਦਾ ਬੁਲਾਰਾ ਦੇ ਕੇ, ਜਾਲਾਂ ਤਣਿਆਂ ਵਿਚ,
ਇਹ ਰਾਜਾ ਕੀ ਪਿਆ ਆਖਦਾ ?
ਮੇਰਾ ਦਿਲ ਸਹਮਦਾ, ਘੁਟਦਾ, ਮੈਂ ਔਖੀ ਜਿਹੀ ਹੋ ਗਈ।"

ਹਾਂ ! ਇਹ ਸਭ ਕੁਝ ਪ੍ਰੋ: ਪੂਰਨ ਸਿੰਘ ਦੀ ਪਾਰਖੂ ਅੱਖ ਮਾਂ-ਇਛਰਾਂ ਦੇ ਦਿਲ ਵਿਚ ਝਾਤ ਪਾ ਤਕਦੀ ਹੈ ਪਰ ਕਾਦਰਯਾਰ ਆਪਣੇ 'ਪੂਰਨ' ਨਾਲ ਤੁਰਿਆ ਜਾ ਰਿਹਾ ਹੈ। ਉਸੇ ਵਿਚ ਮਸਤ ਹੈ।

ਕਾਦਰਯਾਰ ਦੇ ਅਖਾੜਾ-ਮੰਡਲ ਵਿਚ ਕੇਵਲ 'ਪੂਰਨ' ਦੀ ਮੂਰਤ ਹਰਕਤ ਵਿਚ ਹੈ, ਪਰ ਪ੍ਰੋ: ਪੂਰਨ ਸਿੰਘ ਦੇ ਸਾਰੇ ਪਾਤਰ ਜੀਵਨ-ਹਰਕਤ ਵਿਚ ਸਾਡੇ ਸਾਮ੍ਹਣੇ ਸਟੇਜ ਤੇ ਆਉਂਦੇ ਹਨ ਤੇ ਅਸਲੇ ਦੇ ਰੂਪ ਵਿਚ ਆਪਣਾ ਆਪ ਪੇਸ਼ ਕਰਦੇ ਹਨ। ਜਿਵੇਂ ਜਿਵੇਂ ਉਨ੍ਹਾਂ ਦੇ ਅੰਦਰ ਵਲਵਲੇ (*emotions*) ਜਾਂ ਜਜ਼ਬੇ (*Passions*) ਉਠਦੇ ਹਨ ਤਿਵੇਂ

ਤਿਵੇਂ ਉਨ੍ਹਾਂ ਦੇ ਚਿਹਰਿਆਂ ਤੇ ਪ੍ਰਭਾਵ-ਚਿੰਨ੍ਹ ਉਪਜ ਕੇ ਉਨ੍ਹਾਂ ਦੇ ਭਾਵ ਦਰਸਾ ਜਾਂਦੇ ਹਨ। ਉਨ੍ਹਾਂ ਦੀਆਂ ਅੱਖਾਂ, ਬੁਲ੍ਹਾਂ, ਹੱਥਾਂ ਪੈਰਾਂ ਦੀਆਂ ਹਰਕਤਾਂ ਦੇ ਨਾਲ ਹੀ ਉਨ੍ਹਾਂ ਦੀ ਬੋਲੀ ਭੀ ਬਦਲਦੀ ਜਾਂਦੀ ਹੈ, ਮਾਨੋ ਅਸੀਂ ਆਪਣੇ ਸਾਮਣੇ ਇਕ ਜੀਵਣ-ਅਖਾੜਾ ਵੇਖ ਰਹੇ ਹਾਂ।

ਪ੍ਰੋ: ਪੂਰਨ ਸਿੰਘ ਦੇ ਨਾਟਕ-ਪਾਤ੍ਰਾਂ ਲਈ ਜੇ ਕੋਈ ਦੁਖ ਆਵਣ ਵਾਲਾ ਹੋਵੇ ਤਾਂ ਉਸਦੀਆਂ ਚੋਭਾਂ ਵਾਯੂ-ਮੰਡਲ ਵਿਚ ਖਲ-ਬਲੀ ਪੈਦਾ ਕਰ ਉਨ੍ਹਾਂ ਦੇ ਦਿਲਾਂ ਨੂੰ ਜਾ ਟਕੋਰ-ਦੀਆਂ ਹਨ। ਜੇ 'ਪੂਰਨ' ਦੇ ਜਾਂਦਿਆਂ ਇੱਛਰਾਂ-ਮਾਂ ਦੇ ਦਿਲ ਅੰਦਰ ਘੇਰ ਪੈਂਦੇ ਹਨ ਤਾਂ 'ਪੂਰਨ' ਭੀ ਲੂਣਾਂ ਦੇ ਮਹਲਾਂ ਦੀਆਂ ਪਉੜੀਆਂ ਚੜਨ ਲਗਿਆਂ ਆਪਣਾ ਦਿਲ ਘੁਟੀਦਾ ਪ੍ਰਤੀਤ ਕਰਦਾ ਹੈ। ਉਸ ਦਾ ਦਿਲ ਕੁਮਲਾਉਂਦਾ ਹੈ, ਅੰਗਾਂ ਨੂੰ ਕਾਂਬਾ ਆਉਂਦਾ ਹੈ, ਮੂੰਹ ਪੀਲਾ ਤੇ ਬੁਲ੍ਹ ਚਿੱਟੇ ਹੁੰਦੇ ਜਾਂਦੇ ਹਨ। ਉਹ ਆਪਣੇ ਅੰਦਰੇ ਨੂੰ ਆਖਦਾ ਹੈ:-

"ਮੇਰੇ ਦਿਲ ਤੇ ਇਉਂ ਦਿਸਦਾ ਜਿਉਂ ਦੋ ਪਰਬਤ ਕਾਲੇ
ਦੋਹਾਂ ਪਾਸ੍ਹੂ ਟੁਰ ਆ ਕੇ ਮੈਨੂੰ ਵਿਚ ਦੱਬਣ ਲਗੇ ਹਨ,
ਤੇ ਹੁਣੇ ਜੀਂਦਿਆਂ ਇਨ੍ਹਾਂ ਮੈਨੂੰ ਘੁੱਟ ਮਾਰਨਾ,
ਇਹ ਕੀ ਪਿਆ ਹੋਂਵਦਾ, ਦਿਲ ਮੇਰਾ ਸੜਦਾ ਅੱਗ ਜਿਹੀ
ਲੱਗਦੀ, ਸਿਰ ਧੁਖਦਾ, ਦਿਲ ਪਿਆ ਹਿਲਦਾ, ਜੀਅ
ਮਰਨ ਨੂੰ ਕਰਦਾ ਹੈ।
ਚਲ ਪੂਰਨਾ! ਮੁੜ ਚਲੀਏ, ਇੱਛਰਾਂ ਮਾਂ ਦੇ ਦਿਲ ਦੇ



ਬਾਗ ਨੂੰ, ਓਹ ਕਿਹਾ ਠੰਢਾ, ਕਿਹਾ ਚੰਗਾ, ਹਲਕਾ,
ਖੁਸ਼ੀ ਦੇਣ ਵਾਲਾ।"

ਹਾਂ! ਅਜਿਹੇ ਦੱਬੇ ਘੁੱਟੇ ਦਿਲ ਨਾਲ ਪ੍ਰੋ: ਪੂਰਨ ਸਿੰਘ ਦਾ ਪੂਰਨ ਜਾ ਚੜ੍ਹਦਾ ਹੈ ਮਹਲ ਦੀਆਂ ਪਉੜੀਆਂ। ਇਸ ਦੇ ਟਾਕਰੇ ਤੇ ਕਾਦਰਯਾਰ ਦਾ ਪੂਰਨ ਅਡੋਲ, ਬੇਖੌਫ, ਬੇਫਿਕਰ ਨਜ਼ਰੀ ਆਉਂਦਾ ਹੈ।

( ੩ )

ਪੂਰਨ-ਮੰਡਲ ਦੀ ਨਾਇਕਾ "ਲੂਣਾਂ" ਅੱਗ ਦਾ ਭਬੂਕਾ ਹੈ। ਜਵਾਨੀ ਦੀ ਅੱਗ ਦਾ ਸੇਕ ਉਸ ਨੂੰ ਟਿਕਣ ਨਹੀਂ ਦਿੰਦਾ। ਸੁਹੱਪਣ ਉਸ ਨੂੰ ਹਰਦਮ ਕੁਤਕੁਤਾਰੀਆਂ ਕਢਦੀ ਹੈ। ਅਰਾਮ ਉਸ ਦੇ ਲਈ ਹਰਾਮ ਹੈ। ਉਸ ਦਾ ਦਿਲ-ਸਾਗਰ ਤੂਫਾਨਾਂ ਨਾਲ ਘੰਗੋਲਿਆ ਕੰਢਿਆਂ ਤੋਂ ਬਾਹਰ ਆਉਂਦਾ ਹੈ। ਹਾਂ! ਅਜਿਹੀ ਲੂਣਾਂ:-

"ਨੈਨਾਂ, ਬੈਨਾਂ, ਅੰਗਾਂ ਦੀ ਚਤਰਤਾ, ਸੁਹਣੀ ਵਾਂਗ ਸੱਪ ਸੀ,
ਕਹਰ ਸੀ, ਤ੍ਰਿੱਖੀ ਵਾਂਗ ਤਲਵਾਰ ਸੀ,
ਭਵਾਂ ਚਾੜ੍ਹ, ਸੁਰਮਾਂ ਪਾ ਅੱਖਾਂ ਵਿਚ, ਜਦ ਬਹਿੰਦੀ।
ਕਮਰ ਪਤਲੀ, ਉੱਚੀ ਉਭਰੀ, ਭਰੀ, ਛਾਤੀ,
ਇਹ ਵਗਦੀ ਸੀ ਦਿਨ ਰਾਤ ਵਾਂਗ ਬਰਛੀਆਂ,
ਮਾਸ ਖਾਣੀ ਜਾਨਵਰ, ਬੇਤਰਸ, ਬੇਰਹਮ, ਸ੍ਵਾਰਥ ਦੀ ਪੁਤਲੀ,
ਹੁਣੇ ਬਣੀ ਬੁੱਤ-ਇਨਸਾਨ ਸੀ, ਜਾਨ ਇਨਸਾਨੀ ਨਹੀਂ
ਹਾਲੇ ਜਾਗੀ ਸੀ"

ਸੋਹਣਾ ਬੁੱਤ ਹੈ ਪਰ ਹੈ ਨਿਰਜਿੰਦ। ਜਾਨ ਹੈ ਪਰ ਇਨਸਾਨੀ ਨਹੀਂ, ਹੈਵਾਨੀ ਹੈ। ਆਪ-ਮਤੀ, ਆਪ-ਮੁਹਾਰੀ ਆਪਣਾ ਆਪ ਜਾਣਦੀ ਹੈ। ਇਹੀ ਕਾਰਨ ਹੈ ਕਿ:–

"ਬੱਸ ਆਪਣੇ ਨੈਨਾਂ ਤੇ ਵਾਰ ਲੱਖ ਜਾਨਾਂ,
ਆਪਣੇ ਅੰਗਾਂ ਦੇ ਚਾ ਵਿਚ ਸਦਕੇ ਕਰਦੀ ਸਭ ਕੁਛ ਸੀ,
ਆਪਣੇ ਮੂੰਹ ਤੁਲ ਨਾ ਸਮਝਦੀ ਚੰਨ ਸੂਰਜ ਨੂਰ ਵੀ,
ਰਖ ਸ਼ੀਸ਼ਾ ਸਾਮ੍ਹਣੇ ਪਹਲਾਂ ਇਹ ਮੰਤ੍ਰ ਉਚਾਰਦੀ:
'ਮੇਰੇ ਜਿਹਾ ਸੁਹਣਾ ਹੋਰ ਕੋਈ ਨਾ ਜੱਗ ਤੇ';
ਸਹਾਰ ਨਾ ਸਕਦੀ ਕੋਈ ਮੁਕਾਬਲਾ, ਰੀਸ ਜਿਹੜਾ ਕਰੇ
ਉਹ ਦੀ ਉਹ ਵੈਰੀ, ਸਾੜ ਦਿਲ ਵਿੱਚ ਭਰੀ।"

ਚਿੱਤਰ ਏਥੇ ਹੀ ਬਸ ਨਹੀਂ। ਆਰਟਿਸਟ ਨੂੰ ਸ਼ੱਕ ਹੈ ਕਿ ਸ਼ਾਇਦ ਪਾਠਕ ਕੇਵਲ ਇਤਨੇ ਚਿੱਤਰ ਨਾਲ "ਲੂਣਾਂ" ਦੇ ਦਿਲ ਵਿਚ ਝਾਤੀ ਨਾ ਪਾ ਸਕੇ। ਉਹ ਉਸ ਦੀ ਨਿਤ-ਕਿਰਿਆ ਸਾਡੇ ਸਾਮ੍ਹਣੇ ਇਉਂ ਧਰਦਾ ਹੈ:–

"ਕਦੀ ਅਲਸ, ਅਲਸ, ਬਾਹਾਂ ਚੁੱਕ, ਚੁੱਕ, ਇਕਾਂਤ ਵਿਚ
ਅੱਧੀ ਕੱਜੀ, ਅੱਧੀ ਨੰਗੀ, ਆਪੇ ਨੂੰ ਸ਼ੀਸ਼ੇ ਵਿਚ ਵੇਖਦੀ,
ਕਦੀ ਲੇਟ ਜਾਂਦੀ ਸ਼ੀਸ਼ੇ ਸਾਮ੍ਹਣੇ ਇਕ ਪਾਸੇ ਸਿਰ ਰੱਖ,
ਆਪਣੀਆਂ ਬਾਹਾਂ ਦੀਆਂ ਵੰਗਾਂ ਤੇ ਚੂੜੀਆਂ ਤੇ,
ਇਕ 'ਲੂਣਾਂ' ਦੀ ਲਖ 'ਲੂਣਾਂ' ਹੋਂਦੀ, ਵੰਨ ਵੰਨ ਦੇ ਕਪੜੇ
ਪਾਂਦੀ, ਵੰਨ ਵੰਨ ਦੀ ਤਰਜਾਂ ਬਦਲਦੀ, ਬਹਿਣ, ਉਠਣ,
ਖਲੋਣ ਤੇ ਚਲਣ ਦੀਆਂ।



ਮੁੜ ਮੁੜ ਛਣਕਾਂਦੀ ਵੰਗਾਂ, ਮੁੜ ਮੁੜ ਆਪਣੀਆਂ ਵੀਣੀਆਂ
ਨੂੰ ਤਕਦੀ,
ਕਦੀ ਹਸਦੀ ਤੇ ਕਦੀ ਸ਼ਰਮਾਂਦੀ, ਨਟੀ ਵਾਂਗ, ਦੇਖ
ਮਿਲਦੀਆਂ ਲਾਲੀਆਂ ਹੋਠਾਂ, ਤੇ ਮੂੰਹ, ਤੇ ਅੱਖਾਂ ਦੀਆਂ
ਆਪਣੀਆਂ।
ਸ਼ੰਗਾਰਦੀ, ਸੰਵਾਰਦੀ, ਵਾਲ ਆਪਣੇ ਖੋਹਲ ਖੋਹਲ, ਗੁੰਦ
ਗੁੰਦ ਸੁਟਦੀ ਇਧਰ ਉਧਰ ਜੁਲਫਾਂ ਆਪਣੀਆਂ ਕਾਲੀਆਂ,
ਅਕੱਜੀ ਹੋ ਹੋ ਬਹਿੰਦੀ ਘੜੀ ਘੜੀ, ਪੋਸ਼ਾਕਾਂ ਬਦਲਦੀ
ਹਜ਼ਾਰ ਇਕ ਦਿਨ ਵਿਚ,
ਚੁਣਦੀ ਲਾ ਘੰਟੇ ਰੰਗ ਆਪਣੇ ਦੁਪੱਟਿਆਂ ਦਾ,
ਤੇ ਮੁੜ ਮੁੜ ਦੇਖਦੀ ਲਹਿੰਗੇ ਦੀਆਂ ਫਬਣਾਂ,
ਏਸ ਗਹਣੇ ਕਪੜੇ, ਮੁੜ ਮੁੜ ਬਣਨਾ, ਇਹ ਸਰੋਕਾਰ ਹੈ।'

ਇਸ ਤਰ੍ਹਾਂ 'ਲੂਣਾਂ' ਬੇ-ਸਬਰ, ਬੇ-ਆਰਾਮ ਜਿਹੀ ਹਰ ਘੜੀ ਹਰ ਪਲ ਇਕ ਅੱਗ ਵਿਚ ਸੜ ਰਹੀ ਹੈ। ਉਹ ਨਸਦੀ ਤੇ ਭਜਦੀ ਹੈ ਅੱਗ ਬੁਝਾਣ ਨੂੰ, ਪਰ ਖਾਂਦੀ ਪੀਂਦੀ ਹੈ ਅੱਗ ਉਹ। ਠੰਢਕ, ਪਾਣੀ ਦੀ ਉਸ ਨੂੰ ਲੋੜ ਨਹੀਂ। ਉਹ ਆਪਣਾ ਅੰਗ ਅੰਗ ਕਿਸੇ ਵਧੇਰੀ ਅੱਗ ਨਾਲ ਠਾਰਨਾ ਲੋਚਦੀ ਹੈ ਤੇ ਜਿਉਂ ਜਿਉਂ ਉਹ ਅੱਗ ਖਾਂਦੀ ਹੈ ਤਿਉਂ ਤਿਉਂ ਉਸ ਦੇ ਅੰਦਰ ਭਾਂਬੜ ਮਚਦਾ ਹੈ।

ਇਸ ਮਘਦੀ ਅੱਗ ਦੇ ਭਾਂਬੜ ਦਾ ਸੇਕ ਚੁਫੇਰੇ ਲਗਦਾ ਹੈ। ਸਲਵਾਹਨ ਇਸ ਸੇਕ ਵਿਚ ਆਰਾਮ ਜਾਣ

ਢੁਕ ਢੁਕ ਨੇੜੇ ਹੁੰਦਾ ਹੈ। ਹਾਂ–

"ਜਿਉਂ ਜਿਉਂ 'ਲੂਣਾਂ' ਬਲਦੀ, ਤਿਉਂ ਤਿਉਂ ਰਾਜਾ ਸਾਲ-
ਵਾਹਨ ਇਕ ਅੱਗ ਜਿਹੀ ਸੇਕਦਾ, ਉਮਰ ਦੇ ਸਿਆਲੇ ਦਾ
ਠਰਿਆ, ਕਹਿੰਦਾ 'ਕਿਆ ਅਰਾਮ ਹੈ।'
'ਲੂਣਾਂ' ਰਾਜੇ ਥੀਂ ਵਧ ਕੁਛ, ਉਹਨੂੰ ਹੋਰ ਹੋਰ ਕਾਬੂ
ਕਰਦੀ,
ਆਪਣੇ ਮੂੰਹ, ਤੇ ਜੁਸੇ ਦੇ ਲਾਲਚ ਜਿਹੇ ਵਿਚ ਕੈਦ ਕਰ
ਰਖਿਆ ਸੀ ਸਾਲਵਾਹਨ ਨੂੰ ਇਕ ਜਾਦੂ ਜਿਹੇ ਵਿਚ,
ਆਦਮੀ ਦਾ ਲੇਲਾ, ਲੇਲੇ ਦਾ ਖੇਤਾ, ਮਰਦ ਥੀਂ ਨੀਵਾਂ
ਨੀਵਾਂ ਰੋਜ਼ ਹੈਵਾਨ ਉਸਨੂੰ ਬਣਾਉਂਦੀ,ਆਪੇ ਜਿਹਾ ਕਰਦੀ,
ਫਰੇਬ ਲੱਖਾਂ ਕਰਦੀ, ਵਫ਼ਾਦਾਰੀ ਦੀਆਂ ਗਲਾਂ ਅਨੇਕ,
ਮੁੜ ਮੁੜ ਦਿਲ ਨੰਗਾ ਕਰ ਕਰ ਦਸਦੀ, 'ਮੈਂ ਤੇਰੀ' 'ਮੈਂ
ਤੇਰੀ' ਆਖਦੀ,
'ਲੂਣਾਂ' ਨੇ ਰਾਜੇ ਨੂੰ ਪੂਰਾ ਕਾਬੂ ਕੀਤਾ,
ਰਾਜੇ ਦੇ ਨਾ ਨੈਨ ਰਹੇ, ਨਾ ਦਿਲ ਰਿਹਾ, ਨਾ ਸਿਰ ਰਿਹਾ
ਆਪਣਾ, 'ਲੂਣਾਂ' ਬੈਠੀ ਰਾਜ ਕਰਦੀ ਸਾਲਵਾਹਨੀ
ਤਖਤ ਤੇ।"

ਇਹ 'ਲੂਣਾਂ' ਜਿਹੜੀ ਸਾਲਵਾਹਨ ਦੇ ਦਿਲ-ਦਿਮਾਗ-ਤਖਤ ਤੇ ਰਾਜ ਕਰ ਰਹੀ ਹੈ ਤੇ ਜਿਸ ਦਾ 'ਪੂਰਨ' ਟਾਕਰਾ ਕਰੇਗਾ। ਇਹ 'ਲੂਣਾਂ' ਪ੍ਰੋ: ਪੂਰਨ ਸਿੰਘ ਦੀ ਘਾੜਤ ਹੈ।



( ੪ )

"ਪੂਰਨ ਦੇਖ 'ਲੂਣਾਂ' ਨੂੰ ਸੱਟ ਵਜੀ,
ਪਹਿਲੀ ਵੇਰ ਓਹਦਾ ਦਿਲ ਕੀਤਾ ਸੋਹਣੀ ਚੀਜ਼ ਕਿਸੀ ਤੇ
ਕੁਰਬਾਨ ਹੋਣ ਨੂੰ।
ਪਹਿਲੀ ਵੇਰ ਆਇਆ ਇਕ ਕਿਣਕਾ ਪਿਆਰ ਦਾ, ਤੇ
'ਲੂਣਾ' ਹੈਵਾਨ ਮੋਈ-ਜੀਵੀ ਕੁਛ ਅਧ ਵਿਚਕਾਰ ਜਿਹੇ
ਵਿਚ, ਅਧੀ ਅਜ ਇਨਸਾਨ ਹੋਈ,
'ਪੂਰਨ' ਨੂੰ ਤੱਕਦੀ ਏ, ਕੰਬਦੀ ਏ, ਆਪਾ ਵਾਰਦੀ ਏ,
ਪਰ ਚੁਪ ਖੜੀ, ਓਹਦੀ ਚੁਪ ਮੁੜ ਮੁੜ ਪੁਕਾਰਦੀ ਏ,
ਬੋਲਦੀ ਮੂੰਹੋਂ ਕੁਛ ਨਹੀਂ, ਜਿਵੇਂ ਪਿਆਰ ਵਿਚ ਮਰ ਗਈ,
ਆਪਾ ਜ਼ਾਲਮ ਉਹ ਭੁਲ ਗਈ ਏ, ਪਰ ਓਹਦੇ ਦਿਲ
ਵਿਚੂੰ ਚੀਰ, ਚੀਰ ਸੁਨੇਹੇ ਮਰਦ ਤੀਮੀਂ ਦੇ ਆਪੇ ਵਿਚ
ਪਿਆਰ ਦੇ ਨਿਕਲਦੇ ਦਿਸਦੇ ਸਨ।"

'ਪੂਰਨ' ਦੀ ਪਹਿਲੀ ਦੀਦਾਰ-ਝਾਕੀ 'ਲੂਣਾਂ' ਲਈ ਤੀਰ ਸੀ। 'ਪੂਰਨ' ਨੂੰ ਤੱਕ, ਉਸ ਦੀਆਂ ਅਖਾਂ 'ਝਮਕਣ' ਗਵਾ ਬੈਠੀਆਂ। ਉਨ੍ਹਾਂ ਨੂੰ ਆਪਣੇ ਆਪ ਤੋਂ ਬਹੁ ਸੋਹਣੀ ਕੋਈ ਸ਼ੈ ਦਿਸੀ। ਉਹ ਦੀਦਾਰ-ਭਿਖਾਰਨਾਂ ਆਪਣੇ ਨੈਨ-ਪਿਆਲੇ 'ਪੂਰਨ' ਦੀ ਸੁਹੱਪਣ ਨਾਲ ਭਰ ਭਰ ਦਿਲ ਦੀਆਂ ਝੋਲੀਆਂ ਵਿਚ ਉਲਟਾ ਰਹੀਆਂ ਸਨ, ਜਿਥੋਂ ਇਕ ਮਿੱਠੀ ਜਿਹੀ ਚੀਸ ਉਠਦੀ ਸੀ। 'ਲੂਣਾਂ' ਦੇ ਜੀਵਣ ਵਿਚ ਇਹ ਪਹਿਲ ਸਮਾਂ ਸੀ, ਜਦੋਂ ਉਸ ਦੇ ਦਿਲ ਵਿਚ ਪਿਆਰ-ਵਾਂਡਾ ਆ

ਪਿਆ। ਰਬ ਨੇ ਉਸ ਦੇ ਦਿਲ-ਕਿਵਾੜ ਨੂੰ ਟਕੋਰਿਆ। ਉਸ ਦਾ ਜੀਅ ਆਪਣੇ ਤੋਂ ਸੋਹਣੀ ਚੀਜ਼ ਲਈ ਕੁਰਬਾਨ ਹੋਣ ਲਈ ਤੜਫਿਆ। ਉਸ ਦਾ ਦਿਲ ਤੜਫਿਆ ਪਰ ਮੂੰਹ ਉਸ ਦੇ ਤੇ ਚੁਪ-ਮੋਹਰ ਸੀ। ਇਸ ਪਿਆਰ-ਝਾਤ ਨੇ ਉਸ ਦੀ ਛਾਤੀ ਅੰਦਰ ਇਕ ਅਮੁਕ-ਤੁਫਾਨ ਪੈਦਾ ਕਰ ਦਿਤਾ। ਉਸ ਦੀ ਜੀਭ ਵਿਚ ਸਮਰਥਾ ਨਹੀਂ ਕਿ ਉਸਦੇ ਵਲ-ਵਲਿਆਂ ਨੂੰ ਸ਼ਬਦਾਂ ਦਾ ਰੂਪ ਦੇ ਸਕੇ। ਉਹ ਆਪਣੇ ਆਪ ਨੂੰ ਆਖਦੀ ਹੈ—

"ਵੇਲਾ ਇਹੋ ਹੈ ਦਿਲ ਦੀਆਂ ਦਸਣ ਦਾ,
ਇਹ ਸ਼ਰਮਾਂ ਕਿਉਂ ਮੌਕਾ ਵੰਞਾਦੀਆਂ ਹਨ ?"

ਉਹ ਤਰਸਦੀ ਹੈ ਆਪਣੇ ਅੰਦਰੇ ਨੂੰ ਬਾਹਰ ਰਖਣ ਲਈ ਪਰ ਅਸਮਰਥ ਹੈ। ਗੁਝੇ ਭੇਤ ਪ੍ਰਗਟਾਣ ਲਈ ਆਪਣੇ ਆਪ ਨੂੰ ਪ੍ਰੇਰਦੀ ਹੈ। ਆਪਣੇ ਦਿਲ ਦੇ ਹਾਵ-ਭਾਵ 'ਪੂਰਨ' ਅਗੇ ਖੋਹਲ ਰਖਣ ਲਈ ਝਿਜਕਦੀ ਜ਼ਬਾਨ ਨਾਲ ਕੋਈ ਕੋਈ ਅੱਖਰ ਬੋਲਦੀ ਹੈ ਪਰ ਸ਼ਰਮ ਉਸਦਾ ਸਾਥ ਨਹੀਂ ਛਡਦੀ। ਇਸਤ੍ਰੀ ਦਾ ਮੁਢ-ਕਦੀਮੀ ਸ਼ਰਮਾਕਲ ਸੁਭਾ ਅਜੇ ਉਸ ਦੇ ਨਾਲ ਹੈ। ਪ੍ਰੋ: ਪੂਰਨ ਸਿੰਘ ਦੇ ਹਥ ਵਿਚ "ਪੂਰਨ-ਝਾਤ" ਚਿਤਰ ਇਉਂ ਉਘ-ੜਦਾ ਹੈ।

ਪ੍ਰੋ: ਪੂਰਨ ਸਿੰਘ ਦੇ ਹਥ ਵਿਚ ਲੂਣਾਂ ਇਕ ਆਤਮਤ੍ਰਿਪਤ-ਵਿਸ਼ੈ ਵਸਤੂ ਹੈ। ਉਸ ਦੀ ਟੁਟਦੀ ਚੁਪ ਪੂਰਨ



ਤੇ ਬਿਜਲੀ ਵਤ ਨਹੀਂ ਕੜਕਦੀ। ਉਹ ਉਸ ਨੂੰ ਪਿਆਰਦੀ, ਪਰੇਰਦੀ, ਖਿਚਦੀ, ਧਰੂਹਦੀ, ਉਸ ਦੇ ਦਿਲ ਨਲ ਲੱਖਾਂ ਖੇਡਾਂ ਖੇਡਦੀ ਹੈ। ਉਸ ਦੇ ਅੱਧੇ ਛੁਪਾਏ, ਅਧੇ ਲੁਕਾਏ ਵਲਵਲੇ ਪੂਰਨ ਨੂੰ ਇੰਜ ਟੁੰਬਦੇ ਹਨ—

"ਮੈਂ ਤੇਰੀ, ਮੈਨੂੰ ਕਰ ਚੇਰੀ, ਮੈਂ ਤਾਂ ਤੇਰੇ ਰੂਪ ਨੇ ਆਣ ਜਿਵਾਈਆਂ ਵੇ।
ਮੈਨੂੰ ਪਾ ਝੋਲੀ, ਲਾਡ ਲਡਾ ਮੈਂ ਵਾਰੀ, ਮੈਨੂੰ ਪਾ ਬਾਹੀਂ,
ਖਿਚ ਸਾਰੀ ਆਪਣੇ ਵਲ ਵਾਰੀ, ਤੇ ਖਿਡਾ ਉਮਰਾਂ ਸਾਰੀਆਂ ਵੇ।"

'ਪੂਰਨ' ਦੇ ਰੂਪ ਤੇ ਸੁਹੱਣਪ ਨੂੰ ਸਲਾਹ ਉਹ ਉਸ ਦੇ ਦਿਲ ਦੇ ਸਭ ਤੋਂ ਕੋਮਲ ਭਾਗ ਨੂੰ ਟਟੋਲਦੀ ਹੈ। ਉਹ ਇਹ ਖਿਆਲ ਕਰਦੀ ਹੈ ਮਤਾਂ ਪੂਰਨ ਵਰਗਾ ਸੁੰਦਰਤਾ ਦਾ ਪੁਤਲਾ ਆਪਣੇ ਰੂਪ ਦੀ ਸਿਫਤ ਵਿਚ ਪਸੀਜ ਜਾਏ ਪਰ ਨਿਰਾਸਤਾ ਦਾ ਮੂੰਹ ਵੇਖ ਇਉਂ ਹੋਰ ਸੁਰ ਛੇੜਦੀ ਹੈ—

"ਮੇਰੇ ਮੱਥੇ ਨੂੰ ਤੱਕ, ਇਹ ਧੜਕਦਾ ਹੈ, ਲੋਚੇ ਲੇਟਣਾ ਛਾਤੀਆਂ ਤੇਰੀਆਂ ਵੇ।
ਓਥੇ ਢਵ੍ਹਾਂ ਮੈਂ ਬੇਹੋਸ਼ ਹੋ, ਫਲਾਈ ਬਾਹਾਂ ਤੂੰ ਆਪਣੀਆਂ,
ਮੈਨੂੰ ਮੁੜ ਮੁੜ ਸੰਭਾਲ ਵਾਰੀ,
ਮੈਨੂੰ ਰਜ ਕੇ ਗਲੇ ਲਗ ਲੈਣ ਦੇਵੀਂ,
ਮੈਨੂੰ ਮੁੜ ਮੁੜ ਮਿਲ ਬਾਹੀਂ ਪਸਾਰ ਵਾਰੀ।"

ਇਸ ਤਰ੍ਹਾਂ ਲੂਣਾਂ ਆਪਣੇ ਅੰਦਰੇ ਦੀ ਹਾਲਤ ਵਿਖਾ

ਤੇ ਆਪਣੇ ਵਹਿਣ ਦੀ ਤੀਬਰਤਾ ਦਰਸਾ, ਆਪਣੀਆਂ ਹਸਰਤਾਂ ਨੂੰ ਪੂਰਾ ਕਰਨਾ ਲੋਚਦੀ ਹੈ, ਪਰ ਪੂਰਨ ਨੂੰ ਅਡੋਲ ਤਕ ਫਿਰ ਕੂਕਦੀ ਹੈ–

"ਉੱਚਾ ਕਰ ਓ ਉੱਚਿਆ ਮਸਤ ਜਵਾਨਾ,
ਮੈਂ ਖਲੀ ਹਿਠਾਹਾਂ, ਉਡੀਕਾਂ ਤੇਰੀਆਂ ਵੇ,
ਮੈਨੂੰ ਪੀਣ ਦੇਵੀਂ ਡੀਕ ਲਾ ਕੇ ਆਪਣਾ ਮੁਖ ਚੰਦ, ਵਾਰੀ,
ਘੁੱਟ, ਗਲ ਲਾ, ਚਾ ਮੈਨੂੰ, ਸੰਭਾਲ ਮੈਨੂੰ,
ਮੈਂ ਤਾਂ ਢੱਠੀਆਂ ਢੱਠੀਆਂ ਨਿਕਾਰਿਆ ਵੇ !

... ... ... ... ...

ਪੂਰਨਾ ! ਰੱਖ ਲਾਜ ਮੇਰੀ, ਕਰ ਪਿਆਰ ਜੋਰੀ, ਪਾ, ਪਾ ਠੰਢੀਆਂ ਵੇ,
ਚੋਰੀ ਪਿਆਰ ਦਾ ਡੂੰਘਾ ਕੋਈ ਸਵਾਦ ਹੈ ਵੇ, ਜਿਹੜਾ ਮੈਂ ਸਿਖਾਸਾਂ,
ਤੂੰ ਅੱਜ ਖੈਰ ਪਾ ਸੁਹਣਿਆ, ਦਾਨਿਆ, ਮੌਲਿਆ ਵੇ,
ਮੈਂ ਤਾਂ ਖੜੀ ਖੈਰ ਮੰਗਦੀ, ਬਰਦੀ, ਨਿਕਾਰਿਆ, ਹਾਰਿਆ ਵੇ ।"

ਇਹ ਹੈ ਉਸ ਦੀ ਜਵਾਨੀ ਦੇ ਨਾਂ ਤੇ ਖੈਰ ਦੀ ਮੰਗ । ਆਪਣੇ ਆਪ ਉਤੋਂ ਸਭ ਕੁਝ ਨਿਛਾਵਰ ਕਰਨ ਵਾਲੀ ਲੂਣਾਂ ਨੂੰ ਅੱਜ ਆਪਣੇ ਤੋਂ ਉਚੇਰੀ ਕੋਈ ਸੁਹੱਪਣ ਦਿਸੀ ਹੈ। ਲੂਣਾਂ, ਜਿਹੜੀ ਅਜ ਤੋਂ ਪਹਿਲਾਂ ਆਪਣੇ ਆਪ ਨੂੰ ਸੁੰਦਰਤਾ ਦੀ ਸਭ ਤੋਂ ਉੱਚੀ ਅਟਾਰੀ ਵਿਚ ਬੈਠੀ



ਜਾਣਦੀ ਸੀ, ਉਸ ਨੂੰ ਸੂਹਜ ਦੇ ਪਰਾਂ ਨਾਲ ਆਕਾਸ਼ ਵਿਚ ਉਡਦਿਆਂ ਡਿਠਾ ਹੈ। ਆਪਣੇ ਆਪ ਵਲ ਨਜ਼ਰ ਭਰ ਤਕਣ ਤੇ ਉਸ ਨੂੰ ਇਉਂ ਪ੍ਰਤੀਤਿਆ ਹੈ ਜਿਵੇਂ ਉਹ ਫੱਟੀਆਂ ਪੁਰਾਣੀਆਂ ਲੀਰਾਂ ਵਿਚ ਧਰਤੀ ਤੇ ਗੋਡੇ ਟੇਕ ਬਿਟ ਬਿਟ ਉਸਦੇ ਮੂੰਹ ਵਲ ਝਾਕ ਰਹੀ ਹੈ ਅਤੇ ਉਸਦੀ ਜਵਾਨੀ ਤੇ ਸੁਹੱਣਪ ਦੇ ਨਾਂ ਤੇ ਵਾਸਤੇ ਪਾ ਰਹੀ ਹੈ। ਉਹ ਉਸਦੀ ਸ੍ਵਾਦ-ਸ਼ਕਤੀ ਨੂੰ ਭੀ ਪੇਰਦੀ ਹੈ ਪਰ 'ਪੂਰਨ' ਨੂੰ ਅਹਿਲ ਵੇਖ ਉਸ ਦੇ ਮਰਦਊ-ਪੁਣੇ ਨੂੰ ਭੀ ਵੰਗਾਰਦੀ ਹੈ ਮਤਾਂ 'ਪੂਰਨ' ਦਾ ਦਿਲ ਇਸ ਚੋਟ ਨੂੰ ਨਾ ਸਹਾਰਦਾ ਤੜਫ ਉਠੇ।

'ਪੂਰਨ' ਨੇ ਸਾਰੀਆਂ ਚੋਟਾਂ ਤੇ ਨਿਹੋਰੇ ਸੁਣੇ ਹਨ। ਉਸ ਦੇ ਦਿਮਾਗ ਵਿਚ ਕਈ ਤਰ੍ਹਾਂ ਦੇ ਖਿਆਲ ਚੱਕਰ ਲਾ ਰਹੇ ਹਨ। ਉਸ ਨੂੰ ਇਸ ਗਲ ਤੇ ਯਕੀਨ ਨਹੀਂ ਆਉਂਦਾ ਕਿ 'ਮਾਂ' ਇਤਨੀ ਢਹਿ ਚੁਕੀ ਹੈ। ਉਸ ਦੇ ਮਨ ਵਿਚ ਕਈ ਤਰ੍ਹਾਂ ਦੇ ਸ਼ੰਕੇ-ਸ਼ਕ ਆਉਂਦੇ ਹਨ, ਜਿਨ੍ਹਾਂ ਵਿੱਚੋਂ ਇਕ ਇਹ ਭੀ ਹੈ ਕਿ ਕਿਧਰੇ ਮੇਰੀ ਪ੍ਰੀਖਿਆ ਤਾਂ ਨਹੀਂ ਹੋ ਰਹੀ। ਕਿਧਰੇ 'ਲੂਣਾਂ' ਇਹ ਤਾਂ ਨਹੀਂ ਪਰਤਾ ਰਹੀ ਕਿ ਮੈਂ ਉਸ ਨੂੰ ਭੀ ਇਛਰਾਂ-ਮਾਂ ਵਤ ਜਾਣਸਾਂ । ਉਹ ਲੂਣਾਂ ਨੂੰ ਆਪਣੇ ਸੁੱਚੇ ਪਿਆਰ ਦਾ ਨਿਸਚਾ ਇਉਂ ਕਰਾਂਦਾ ਹੈ:–

"ਮੈਂ ਪੁੱਤ ਤੇਰਾ, ਪੁੱਤ ਪਾ ਝੋਲੀ, ਦਿਲ ਆਪਣਾ ਤੂੰ ਰੱਜ ਰਿਝਾ ਮਾਏ।
ਕਰ ਪਿਆਰ ਮੈਨੂੰ, ਪਿਆਰ ਰੱਬ ਮਾਏ, ਝੋਲ ਆਪਣ

ਨਾ ਸਮਝ ਤੂੰ ਖਾਲੀ,
ਇਹ ਅੱਖਾਂ ਹੱਥਾਂ ਆਪਣਿਆਂ ਨਾਲ ਮੈਂ ਕਢ ਦੇਸਾਂ,
ਇਹ ਜਿਸਮ ਹੱਥੀਂ ਅਪਣੇ ਮੈਂ ਟੁਕ ਦੇਸਾਂ,
ਜੇ ਕਦੀ ਮੈਂ ਤੇਰੇ ਤੇ ਇਛਰਾਂ ਵਿਚ ਭੇਤ ਜਾਣਾਂ,
ਦੇਖ! ਮੈਂ ਪੁਤ ਮਾਏ ਤੂੰ ਮਾਂ ਮੇਰੀ, ਧਿਆਨ ਕਿਧਰ ਨੱਸਿਆ
ਅੱਜ ਮਾਏ ?"

'ਪੂਰਨ' ਆਪਣੇ ਦਲ ਵਿਚ ਇਹ ਭੀ ਸੋਚ ਕਰਦਾ ਹੈ ਮਤਾਂ 'ਲੂਣਾਂ' ਦਾ ਇਛਰਾਂ ਨਾਲ ਦ੍ਵੈਖ ਤੇ ਸਾੜਾ ਇਹ ਕੁਝ ਕਰਵਾ ਰਿਹਾ ਹੋਵੇ। ਇਸ ਲਈ ਉਹ 'ਲੂਣਾਂ' ਨੂੰ ਇਹ ਕੁਝ ਆਖਦਾ ਹੈ:–

"ਜੇਕਰ ਲੋੜ ਤੈਨੂੰ ਇਛਰਾਂ ਮਾਂ ਦੀ ਗੋਦ ਸੱਖਣੀ;
ਸਾਰਾ, ਸਾਰਾ ਤੂੰ ਬਣਾ ਆਪਣਾ ਪੁੱਤ ਮੈਨੂੰ
ਰੱਖ ਮਹਲੀਂ ਸਦਾ ਮੈਨੂੰ ਤੂੰ ਆਪਣੇ,
ਮੈਂ ਪੁੱਤ ਤੇਰਾ, ਤੂੰ ਸਦਾ ਮੇਰੀ ਮਾਂ, ਮਾਏ !"

ਇਸ ਗਲ ਦੀ ਭੀ ਸੰਭਾਵਨਾ ਕਰਦਾ ਹੋਇਆ ਕਿ ਸ਼ਾਇਦ ਲੂਣਾਂ ਦਾ ਮਨ ਕਿਸੇ ਭੈੜੇ ਵਹਿਣ ਵਿਚ ਜਾ ਰਿਹਾ ਹੋਵੇ ਉਸ ਦੀ ਵੀਚਾਰ-ਸ਼ਕਤੀ ਨੂੰ ਟੁੰਬ ਇਸ ਤਰ੍ਹਾਂ ਆਖਦਾ ਹੈ:–

"ਕਿਹੜੇ ਪਾਸੇ ਹੋਸ਼, ਪਿਆਰ-ਤੇਜ ਦਾ ਇਕ ਚਕਰ ਖਾ ਕੇ,
ਗਏ ਉਡ ਅੱਜ ਮਾਏ !
ਮੋੜ ਵਾਗਾਂ ਮਨ ਦੀਆਂ ਨੂੰ, ਦੇਖ ਪਿਆਰ ਸੁਚਾ, ਰੱਬੀ,
ਇਨਸਾਨੀ ਖੜਾ ਸਾਹਮਣੇ !



ਅੱਖਾਂ ਖੋਹਲ, ਪਛਾਣ ਮਾਏ, ਵੇਲਾ, ਘੜੀ ਦੇਖ, ਸਿਞਾਣ
ਮਾਏ !"

ਜਿਵੇਂ ਤੱਤੇ ਤੱਵੇ ਤੇ ਪਾਣੀ-ਬੂੰਦ ਪੈਂਦਿਆਂ ਹੀ ਅਲੋਪ ਹੋ ਜਾਂਦੀ ਹੈ ਤਿਵੇਂ 'ਪੂਰਨ' ਦੇ ਬਚਨ 'ਲੂਣਾਂ' ਦੀ ਅੰਦਰਲੀ ਅੱਗ ਨੂੰ ਮੱਠੀ ਨਹੀਂ ਕਰ ਸਕੇ। ਉਸ ਦੇ ਅੰਦਰ ਵਸ ਰਿਹਾ ਕਾਮ ਭੂਤ ਉਸ ਨੂੰ ਟਿਕਣ ਨਹੀਂ ਦਿੰਦਾ। ਉਸ ਦੇ ਦਿਮਾਗ ਵਿਚ ਰੂਪ-ਵੰਤ 'ਪੂਰਨ' ਤੇ ਕਾਮਣੀ 'ਲੂਣਾਂ' ਦੀਆਂ ਮਾਣੀਆਂ ਜਾਣ ਵਾਲੀਆਂ ਹੁੱਬਾਂ ਦੀਆਂ ਝਾਕੀਆਂ ਹਨ। ਕਾਮ-ਨੀਂਦਰ ਦੇ ਸੁਪਨੇ ਵਿਚ ਉਹ ਇੰਵ ਬੜਾਉਂਦੀ ਹੈ:–

"ਪੂਰਨਾ! ਛੱਡ ਗੱਲਾਂ, ਘੁਟ ਪਾ ਗਲਵੱਗਣੀਆਂ,
ਹੋਣ ਹੋਠਾਂ ਵਿਚ ਹੋਠ ਗੱਡੇ ਤੇਰੇ, ਮੇਰੇ,
ਤੇ ਨੈਨਾਂ ਵਿਚ ਨੈਨਾਂ ਗਡੀਆਂ ਵੇ,
ਇਹ ਲੁੱਛਦੀਆਂ ਛਾਤੀਆਂ ਮੇਰੀਆਂ ਵੇ, ਘੁਟ ਲਾ ਛਾਤੀ
ਆਪਣੀਆਂ ਵੇ,
ਤੇ ਰੱਖ ਖੜੀ ਖੜੀ, ਬਧੀ ਬਧਾਈ ਸਦਾ ਆਪਣੀਆਂ
ਜੱਫੀਆਂ ਵੇ,
ਜੱਕੜੀਂ ਜੱਕੜੀਂ, ਮੇਰੀਆਂ ਕਲਾਈਆਂ ਵੇ, ਬੰਦੀਆਂ,
ਬੰਦੀਆਂ ਤੇਰੀਆਂ ਵੇ।
ਦੇਖ! ਇਹ ਰੰਗੀਲੜਿਆਂ ਪਲੰਗੜਿਆਂ ਮੇਰਿਆਂ ਵੇ,
ਬਹਿ ਇੱਥੇ, ਤੂੰ ਇੱਥੇ, ਹੁੱਬਾਂ ਮੇਰੀਆਂ ਤੇਰੀਆਂ ਵੇ,
ਹੱਥ ਮੇਰੇ ਹੱਥ ਦੇਵੀਂ, ਮੈਂ ਠੰਢੀਆਂ ਕਰਨੀਆਂ ਇਹ ਛਾਤੀਆਂ

ਤੱਤੀਆਂ ਵੇ,
'ਪੂਰਨਾ' ! ਨਾ ਜੀਣ ਜੋਗੀ ਰਹੀ ਹੁਣ ਮੈਂ,
ਤੇਰੇ ਰੂਪ ਨੇ ਮੈਨੂੰ ਮਾਰਿਆ ਈ,
ਕਰ ਬਹੁੜੀ, ਵੈਦਾ, ਤੂੰ ! ਛੱਡ ਗੱਲਾਂ,
ਸੰਭਾਲ ਮੈਂ ਨਾਰ, ਨਾਜ਼ਕ, ਕਮਜ਼ੋਰ ਤੇ ਪਤਲੀਆਂ ਵੇ !"

ਇਹ ਸੁਣ ਡੋਲ ਜਾਏ ਹਰੇਕ ਮਾਂ ਦੇ ਜਾਏ ਦਾ ਦਿਲ ਪਰ ਡੋਲਦਾ ਨਹੀਂ 'ਪੂਰਨ'।ਖੜਾ ਹੈ ਉਹ ਅਹਿਲ ਪਹਾੜ ਵਾਂਗੂੰ।

'ਲੂਣਾਂ' ਹੋਰ ਸਾਰੇ ਢੰਗ ਵਰਤ ਚੁਕੀ ਹੈ। ਉਸ ਨੂੰ ਅਸਫਲਤਾ ਪ੍ਰਾਪਤ ਹੋਈ ਹੈ। ਹੁਣ ਉਹ ਆਪਣੇ ਆਪ ਨੂੰ ਅਬਲਾ ਰੂਪ ਵਿਚ ਪੇਸ਼ ਕਰਕੇ ਉਸ ਤੋਂ ਤ੍ਰਾਣ ਮੰਗ ਉਸ ਨੂੰ ਆਪਣੇ ਨੇੜੇ ਲਿਆਉਣਾ ਚਾਹੁੰਦੀ ਹੈ।

ਇਸ ਤਰ੍ਹਾਂ ਹੀ ਪ੍ਰੋ: ਪੂਰਨ ਸਿੰਘ ਦੀ 'ਲੂਣਾਂ' ਪੂਰਨ ਨੂੰ ਪਤਿਆਵਣ ਲਈ ਲੱਖਾਂ ਫਰੇਬ ਕਰਦੀ ਹੈ।

ਕਿਸੇ ਨਾਟਕ ਵਿਚ ਅਜਿਹੀ ਪ੍ਰਤਾਵਾ-ਝਾਕੀ (*Trial Scene*) ਘਟ ਹੀ ਆਵੇਗੀ ਜਿਥੇ ਨਾਇਕ (*Hero*) ਨੂੰ ਇਤਨਾ ਵਿਹਲ-ਸਮਾਂ ਭੀ ਨਾ ਮਿਲ ਸਕੇ ਕਿ ਉਹ ਆਪਣੇ ਅੰਦਰੇ ਨਾਲ ਦੋ ਗਲਾਂ ਹੀ ਕਰ ਲਵੇ। 'ਲੂਣਾਂ' ਦੇ ਸਾਮ੍ਹਣੇ ਆਉਣ ਤੋਂ ਲੈ ਉਸ ਤੋਂ ਪੱਲਾ ਛੁਡਾ ਕੇ ਨਸਣ ਤਕ ਪੂਰਨ ਲਈ ਕੋਈ ਵਕਤ ਨਹੀਂ ਕਿ ਆਪਣੇ ਆਪ ਨਾਲ ਕੋਈ ਗਲ ਕਰ ਸਕੇ। ਇਸ ਸਮੇਂ ਵਿਚ ਯਾ ਤਾਂ ਉਸ ਦੇ ਕੰਨਾਂ ਵਿਚ 'ਲੂਣਾਂ' ਦੇ ਸ਼ਬਦ ਗੂੰਜ ਰਹੇ ਹਨ ਯਾ ਉਨ੍ਹਾਂ



ਦੇ ਟਾਕਰੇ ਲਈ ਉਹ ਆਪ ਕੁਝ ਕਹਿ ਰਿਹਾ ਹੈ। ਇਹ ਸਭ ਕੁਝ ਉਹ ਸੁਭਾਵਕ ਹੀ (*Instinctively*) ਕਰ ਰਿਹਾ ਹੈ।

ਪੂਰਨ ਦਾ ਦਿਲ ਦੁਖੀ ਜ਼ਰੂਰ ਹੋ ਰਿਹਾ ਹੈ, ਪਰ ਆਪਣੇ ਆਪ ਲਈ ਨਹੀਂ ਸਗੋਂ 'ਲੂਣਾਂ' ਦੇ ਪਾਗਲਪਨ ਲਈ। ਉਹ ਤਕਦਾ ਹੈ ਕਿ ਕਿਸ ਤਰ੍ਹਾਂ ਇਨਸਾਨੀ ਜਿਸਮ ਅੰਦਰ ਹੈਵਾਨੀ ਦਿਲ ਚਲ ਰਿਹਾ ਹੈ ਤੇ ਉਹ ਇਨਸਾਨੀ ਜਿਸਮ ਉਸ ਦੇ ਪਿਤਾ ਦੀ ਇਸਤ੍ਰੀ ਹੈ।

ਇਥੇ ਪੂਰਨ-ਆਖਾੜੇ ਵਿਚ ਇਹ ਉਹ ਥਾਂ ਆਉਂਦੀ ਹੈ ਜਿਥੇ ਕਾਦਰਯਾਰ ਦਾ 'ਪੂਰਨ' ਪ੍ਰੋ: ਪੂਰਨ ਸਿੰਘ ਦੇ ਪੂਰਨ ਨਾਲ ਮਿਲ ਛਿਨ ਭਰ ਲਈ ਇੰਞ ਅਭੇਦ ਹੋ ਜਾਂਦਾ ਹੈ ਜਿਵੇਂ ਦੋਂਹ ਦੀਵਿਆਂ ਦਾ ਚਾਨਣ ਇਕ ਦੂਜੇ ਵਿਚ ਘੁਲ-ਮਿਲ ਜਾਂਦਾ ਹੈ। ਪ੍ਰੋ: ਪੂਰਨ ਸਿੰਘ ਦਾ 'ਪੂਰਨ' 'ਲੂਣਾਂ' ਦੇ ਹਾੜੇ ਤਰਲੇ ਤੇ ਮਿੰਨਤਾਂ ਸੁਣ ਬਿਲਕੁਲ ਉਸੇ ਤਰ੍ਹਾਂ ਬੋਲਦਾ ਹੈ ਜਿਵੇਂ ਕਾਦਰਯਾਰ ਦਾ 'ਪੂਰਨ'। ਉਹ ਆਖਦਾ ਹੈ:-

"ਆ ਦੇਖ ਮਾਏ ! ਮੈਂ ਪੁੱਤ ਖੜਾ,
ਲੋਚਦਾ ਚਰਨਾਂ ਤੇ ਸੀਸ ਰਖਣਾ,
ਤੇ ਮੰਗਦਾ ਮੈਂ ਅਸੀਸ ਤੇਰੀ,
ਦੇਖ ! ਸੂਰਜ ਡੁੱਬਸੀ ਮਾਰ ਇਕ ਢਾਹ ਮਾਏ,
ਢਹਿਸੀ ਛੱਤ ਅਕਾਸ਼ ਦਾ ਕਾੜ ਕਾੜ ਮਾਏ,
ਪਰਲੋ ਆਣ ਨਾ ,ਜਾਣ ਕੇ ਜਗ ਤੇ ਤੂੰ,
ਮਰਸੀ ਸਾਰਾ ਜੱਗ ਛੁਰੀਆਂ ਖਾ ਮਾਏ,

ਖਿਆਲ ਸਿੱਧਾ ਕਰ ਮਾਏ।"

ਜਿਵੇਂ ਤਪੇ ਤੇਲ ਤੇ ਪਾਣੀ ਦੀ ਛਿਟ ਪੈਣ ਨਾਲ ਉਸ ਨੂੰ ਠੰਢਾ ਕਰਨ ਦੀ ਥਾਵੇਂ ਉਸ ਨੂੰ ਅੱਗ ਲਾ ਦਿੰਦੀ ਹੈ ਤਿਵੇਂ 'ਪੂਰਨ' ਦੇ ਬਚਨ 'ਲੂਣਾਂ' ਨੂੰ ਸ਼ਾਂਤੀ ਦੇਣ ਦੀ ਥਾਵੇਂ ਉਸ ਦੇ ਅੰਦਰ ਭਾਂਬੜ ਬਾਲ ਦਿੰਦੇ ਹਨ। ਪ੍ਰੋ: ਪੂਰਨ ਸਿੰਘ ਦੀ 'ਲੂਣਾ' ਕਾਮ-ਤ੍ਰੀਬ੍ਰਤਾ ਵਿਚ ਬੇਹੋਸ਼, ਆਪਣੇ ਆਪ ਦੀ ਖਬਰ ਤੋਂ ਸਖਣੀ, ਦੰਦ ਨਪੀੜ 'ਪੂਰਨ' ਵਲ ਦੌੜਦੀ ਹੈ ਤੇ ਆਪਣੀਆਂ ਬਾਹਾਂ ਵਿਚ ਉਸ ਨੂੰ ਪਕੜ ਲੈਂਦੀ ਹੈ। ਮਸੇਂ ਹੱਥ ਛੁਡਾ 'ਪੂਰਨ' ਉਠ ਭਜਦਾ ਹੈ। ਉਹ ਇਉਂ ਨਸਦਾ ਹੈ ਜਿਵੇਂ ਸ਼ੇਰਨੀ ਦੇ ਪੰਜੇ ਵਿਚੋਂ ਨਿਕਲਿਆ ਸਹਿਆ ਉਠ ਦੌੜਦਾ ਹੈ। ਉਸ ਨੂੰ ਹਿੰਮਤ ਨਹੀਂ ਪੈਂਦੀ ਜੋ ਉੱਥੇ ਖਲੋ ਸਕੇ। ਪਿੱਛੇ ਤਕੇ ਬਿਨਾਂ ਦੌੜਦਾ 'ਪੂਰਨ' ਆਖਦਾ ਜਾਂਦਾ ਹੈ:—

"ਮਾਂ ਅੱਜ ਕੇਹੀ ਪਾਗਲ !"

ਹਾਂ, ਇੰਜ ਪ੍ਰੋ: ਪੂਰਨ ਸਿੰਘ ਦਾ 'ਪੂਰਨ' ਤੇ ਕਾਦਰ-ਯਾਰ ਦਾ 'ਪੂਰਨ' ਜਿਹੜੇ ਇਕ ਛਿਨ ਲਈ ਅਭੇਦ ਹੋਏ ਸਨ, ਮੁੜ ਅਡਰੇ ਹੋ ਜਾਂਦੇ ਹਨ। ਹਾਂ, ਦੋਹਾਂ ਦਾ ਪੂਰਨ 'ਲੂਣਾਂ' ਤੋਂ ਆਪਣਾ ਆਪ ਇਉਂ ਬਚਾਉਂਦਾ ਹੈ, ਜਿਵੇਂ ਰਾਹੂ ਤੋਂ ਗ੍ਰਸਿਆ ਚੰਦਰਮਾ ਛੁਟਕਾਰਾ ਪਾਉਂਦਾ ਹੈ। ਭਾਵੇਂ 'ਪੂਰਨ' 'ਲੂਣਾਂ' ਤੋਂ ਆਪਣਾ ਲੜ ਛੁਡਾ ਆਇਆ ਹੈ, ਪਰ 'ਲੂਣਾਂ' 'ਪੂਰਨ' ਨੂੰ ਨਹੀਂ ਛੋੜਦੀ। ਜਾਂਦਿਆਂ ਜਾਂਦਿਆਂ



ਭੀ ਪੂਰਨ ਦੇ ਕੰਨੀਂ ਉਸ ਦੇ ਇਹ ਸ਼ਬਦ ਪੈ ਰਹੇ ਹਨ—

'ਤੇਰੇ ਲਹੂ ਦੇ ਪੂਰਨਾ ਘੁਟ ਭਰਸਾਂ।' (ਕਾਦਰਯਾਰ)

ਹਾਂ, ਉਹ ਆਖ ਰਹੀ ਹੈ—

'ਮਾਰਾਂਗੀ ਪੁੱਤ ਇੱਛਰਾਂ ਦਾ ਓਸ ਮੌਤੇ,<br>ਜਿਹੜੀ ਮੌਤ ਕਿਸੇ ਨ ਸੁਣੀ ਅਜ ਤਕ।' (ਪੂਰਨ ਸਿੰਘ)

( ੫ )

ਨਿਰਦੋਸ਼ ਪੂਰਨ ਮੁਲਕ ਦੇ ਰਾਜੇ ਸਲਵਾਹਨ ਦੇ ਪੇਸ਼ ਕੀਤਾ ਗਿਆ। ਅਜ ਸਲਵਾਹਨ ਨੂੰ ਕਲ੍ਹ ਵਾਲਾ ਪੂਰਨ ਨਹੀਂ ਦਿਸਦਾ। ਕੱਲ੍ਹ ਉਸ ਲਈ ਪੂਰਨ ਅੱਖਾਂ ਦਾ ਤਾਰਾ, ਰਾਜ ਭਾਗ ਦਾ ਵਾਰਸ, ਉਸ ਦੇ ਬੁਢੇਪੇ ਦਾ ਸਹਾਰਾ ਤੇ ਉਸ ਦੀਆਂ ਆਸਾਂ ਉਮੈਦਾਂ ਦਾ ਨਵਾਂ ਖਿੜਿਆ ਫੁਲ ਸੀ। ਕੱਲ੍ਹ ਪੂਰਨ ਵਿਚ ਉਹ ਆਪਣੀ ਰਤ ਪ੍ਰਤੀਤਦਾ ਸੀ। ਅਜ ਪੂਰਨ ਉਸ ਨੂੰ ਰਤੀ ਨਹੀਂ ਸੁਖਾਉਂਦਾ। ਕੱਲ੍ਹ ਦਾ ਸੁਜੀਵੜਾ ਪੂਰਨ ਅਜ ਮਾਤਾ ਦੇ ਸਤ-ਭੰਗੀ ਦੇ ਰੂਪ ਵਿਚ ਸਲਵਾਹਨ ਦੇ ਪੇਸ਼ ਹੁੰਦਾ ਹੈ। ਦੋਸ਼ ਬੜਾ ਭਾਰੀ ਹੈ। ਸਤ-ਭੰਗ ਕਰਨਾ, ਫਿਰ ਮਾਤਾ ਦਾ, ਅਤੇ ਨਿਆਇ-ਕਾਰੀ ਤੇ ਦੂਜਿਆਂ ਲਈ ਮਿਸਾਲ ਬਣਨ ਵਾਲੇ ਰਾਜੇ ਦਾ ਪੁਤਰ ਹੋ ਅਜਿਹਾ ਦੋਸ਼ ਕਰਨਾ, ਉਹ ਜੁਰਮ ਹਨ, ਜਿਨ੍ਹਾਂ ਦੀ ਵਧ ਤੋਂ ਵਧ ਸਜ਼ਾ ਹੋਣੀ ਚਾਹੀਦੀ ਹੈ।

ਨਿਰਦੋਸ਼ ਦੋਸ਼ੀ ਤੋਂ ਕੁਝ ਪੁਛੇ ਬਿਨਾਂ ਹੁਕਮ ਸੁਣਾ-ਇਆ ਗਿਆ।

'ਲੈ ਜਾਓ ਇਨੂੰ ਹਲਾਲ ਖੋਰੋ ! ਅੰਗ ਅੰਗ ਪੱਛੋ ਇਹਦੇ,
ਮਾਰੋ ਇਨੂੰ ਇਸ ਮੌਤੇ ।'

ਪਿਤਾ ਦਾ ਸਤਿਕਾਰੀ ਪੁਤਰ ਬਿਨਾ ਆਪਣੀ ਨਿਰਦੋਸ਼ਤਾ ਦਸਣ ਦੇ ਹਲਾਲ ਖੋਰਾਂ ਨਾਲ ਤੁਰ ਪੈਂਦਾ ਹੈ। ਆਪਣੀ ਸਚਾਈ ਕਰਕੇ ਉਸ ਨੂੰ ਆਪਣੇ ਆਪ ਦਾ ਫਿਕਰ ਨਹੀਂ। ਜੇ ਫਿਕਰ ਹੈ ਤਾਂ ਮਾਂ-ਇਛਰਾਂ ਦਾ । ਖਿਆਲ ਕਰਦਾ ਹੈ ਉਸ ਵਿਚਾਰੀ ਮਮਤਾ ਦੀ ਮਾਰੀ ਦਾ ਕੀ ਹਾਲ ਹੋਸੀ । ਆਪਣਾ ਦਿਲ ਖੋਲ੍ਹ ਕੇ ਨਹੀਂ ਦਸਦਾ, ਉਹ ਜਾਣਦਾ ਹੈ–

'ਕਲ ਮਾਂ ਸੀ ਪਾਗਲ, ਅਜ ਪਿਓ ਪਾਗਲ,
ਗਲ ਕਰਨ ਦੀ ਨਾ ਥਾਂ ਸੀ ਕੋਈ ।'

ਇਸ ਤਰ੍ਹਾਂ ਖਿੜੇ ਮਥੇ, ਚੁਪ ਚਾਪ, ਆਪਣੇ ਚਿੱਤ ਨੂੰ ਡੁਲਾਏ ਬਿਨਾ, ਆਉਣ ਵਾਲੇ ਦੁਖ ਨੂੰ 'ਜੀਓ ਆਇਆਂ' ਆਖ ਕੇ ਅਪਣਾਉਣ ਵਿਚ ਹੀ ਪੂਰਨ ਦੀ ਬਹਾਦਰੀ ਹੈ। ਅਜਿਹੀ ਸੂਰਮਤਾਈ ਵਾਲਾ ਪ੍ਰੋ: ਪੂਰਨ ਸਿੰਘ ਦਾ ਪੂਰਨ ਹਲਾਲ ਖੋਰਾਂ ਨਾਲ ਤੁਰ ਪੈਂਦਾ ਹੈ।

ਕਾਦਰ ਦਾ ਪੂਰਨ ਪਿਤਾ ਦੇ ਗਜ਼ਬ ਨੂੰ ਵੇਖ, ਆਪਣੀ ਨਿਰਦੋਸ਼ਤਾ ਸਾਬਤ ਕਰਨ ਲਈ ਉਸ ਨੂੰ ਕਈ ਤਰ੍ਹਾਂ ਦੇ ਕੁਬੋਲ ਕਹਿੰਦਾ ਹੈ । ਉਹ ਇਸ ਗਲ ਨੂੰ ਭੁਲ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਉਸ ਦੇ ਭਗਤ-ਪੁਣੇ ਨੂੰ ਦਾਗ ਲਗੇਗਾ । ਉਸ ਨੂੰ ਆਖਦਾ ਹੈ ਕਿ ਉਸ ਦੀ ਮਤ ਟਿਕਾਣੇ ਨਹੀਂ। ਅਸਲੋਂ ਇਹ ਪੂਰਨ ਪੁਰਾਤਨ ਪੰਜਾਬ



ਦਾ ਪੂਰਨ ਨਹੀਂ ਰਹਿੰਦਾ । ਪੁਰਾਤਨ ਪੰਜਾਬ ਦਾ ਪੂਰਨ ਸਦਾ ਮਰਯਾਦਾ-ਪੁਰਸ਼ੋਤਮ ਰਹੇਗਾ।

ਏਥੇ ਹੀ ਬਸ ਨਹੀਂ, ਉਹ ਆਪਣੇ ਆਪ ਨੂੰ ਸਚਾ ਸਿਧ ਕਰਨ ਲਈ ਇਕ ਢੰਗ ਪੇਸ਼ ਕਰਦਾ ਹੈ। ਉਹ ਆਖਦਾ ਹੈ ਕਿ ਤੇਲ ਦਾ ਇਕ ਕੜਾਹਿਆ ਤਪਾਇਆ ਜਾਏ, ਜਦੋਂ ਤੇਲ ਉਬਲਣ ਲਗੇਗਾ ਉਹ ਆਪਣਾ ਹਥ ਉਸ ਤੇਲ ਵਿਚ ਡੋਬੇਗਾ । ਜੇ ਉਸ ਦੇ ਹੱਥ ਨੂੰ ਕਿਸੇ ਤਰ੍ਹਾਂ ਦਾ ਦਾਗ ਲਗਾ ਜਾਂ ਉਹ ਸੜਿਆ ਤਾਂ ਉਸ ਨੂੰ ਉਹ ਦੋਸ਼ੀ ਠਹਿਰਾ ਕੇ ਜਿਤਨਾ ਜੀਅ ਚਾਹੇ ਦੰਡ ਦੇਵੇ।

ਰਾਜਾ ਇਸ ਗਲ ਨੂੰ ਸੁਣਦਾ ਹੈ ਪ੍ਰੰਤੂ ਕਾਦਰਯਾਰ ਇਹ ਨਹੀਂ ਦਸਦਾ ਕਿ ਉਸ ਨ ਇਹ ਪਰਤਾਵਾ ਕਿਉਂ ਨਾ ਕੀਤਾ, ਸਗੋਂ ਹਥ ਪੈਰ ਵਢ ਕੇ ਸਿਸਕ ਸਿਸਕ ਜਾਨ ਕਢ ਦੇਣ ਦਾ ਹੁਕਮ ਦੇ ਦਿਤਾ ।

## ( ੬ )

ਪੂਰਨ ਨੂੰ ਜਲਾਦ ਸ਼ਹਿਰੋਂ ਬਾਹਰ ਉਜਾੜ ਵਿਚ ਇਕ ਖੂਹ ਤੇ ਲੈ ਗਏ ।

ਜਲਾਦ ਭੀ ਪ੍ਰੋ: ਪੂਰਨ ਸਿੰਘ ਦੇ ਪੂਰਨ ਤੇ ਤਰਸ ਕਰਦੇ ਹਨ । ਹਾਂ–

'ਆਖਰ ਕਾਰ ਹਲਾਲ-ਖੋਰਾਂ ਨੂੰ ਵੀ ਤਰਸ ਆਇਆ,
ਦਿਲ ਉਨ੍ਹਾਂ ਦਾ ਕੰਬਿਆ ਮਾਰਨੇ ਥੀਂ,

ਆਖਰ ਪੁਤ ਪੂਰਨ ਮੁਲਕ ਦੇ ਬਾਦਸ਼ਾਹ ਦਾ ਸੀ,
ਬੇ-ਦੋਸ਼ ਇਹ ਬੱਚਾ ਕੋਮਲ, ਕੰਵਰ ਸਾਡਾ, ਆਖਰ ਉਨ੍ਹਾਂ
ਵੀ ਦਿਲ ਦੀ ਅੱਖਾਂ ਨਾਲ ਤਕਿਓ ਨੇ।'

ਉਨ੍ਹਾਂ ਉਸ ਦੇ ਹਥ ਪੈਰ ਕਟੇ ਨਹੀਂ ਪਰ ਸਚੇ ਬਣਨ ਲਈ ਪੱਛ ਜਰੂਰ ਦਿਤੇ। ਆਖਰ ਉਹ ਵੀ ਨੌਕਰ ਸਨ। ਆਪਣੇ ਆਪ ਨੂੰ ਬਚਾਣ ਲਈ ਉਨ੍ਹਾਂ ਭੀ ਕੋਈ ਗਲ ਰਖਣੀ ਸੀ। ਜਿਥੇ ਸਲਵਾਹਨ ਦਾ ਹੁਕਮ ਸੀ ਕਿ ਉਸ ਨੂੰ ਪੱਛ ਪੱਛ ਕੇ ਮਾਰ, ਖੂਹ ਵਿਚ ਸੁਟਣ ਉਥੇ ਉਨ੍ਹਾਂ ਕੇਵਲ ਨਿਸ਼ਾਨ ਲਾ ਪੂਰਨ ਨੂੰ ਖੂਹ ਵਿਚ ਲਮਕਾ ਦਿੱਤਾ।

( ੭ )

ਖੂਹੋਂ ਬਾਹਰ ਨਿਕਲ, ਕੁਝ ਚਿਰ ਜੋਗੀਆਂ ਦਾ ਦਿਤਾ ਦਾਰੂ ਖਾ ਪੂਰਨ ਅਰੋਗ ਹੋ ਗਿਆ। ਨਾ-ਤਾਕਤੀ ਜਾਂਦੀ ਰਹੀ, ਪੁਰਾਣਾ ਰੂਪ ਫਿਰ ਨਿਖਰਨ ਲੱਗਾ।

ਜੋਗੀਆਂ ਨੇ ਕੂਚ ਦੀਆਂ ਤਿਆਰੀਆਂ ਆਰੰਭੀਆਂ, ਗੋਰਖ ਨੇ ਪੂਰਨ ਨੂੰ ਘਰ ਜਾਣ ਲਈ ਆਖਿਆ, ਪਰੰਤੂ ਸਿਆਣੇ ਪੂਰਨ ਨੇ ਇਕੋ ਜਵਾਬ ਨਾਲ ਗੋਰਖ ਨੂੰ ਨਿਰੁਤਰ ਕਰ ਦਿਤਾ। ਪੂਰਨ ਨੇ ਆਖਿਆ:-

"ਨਾਥ ਜੀ ! ਤੁਸੀਂ ਜਾਣਦੇ ਹੋ, ਮੋਇਆਂ ਦਾ ਮੁੜ
ਆਣਾ ਕਈਆਂ ਨੂੰ ਮੁੜ ਮਾਰੇ ਤੇ ਆਪ ਵੀ ਨਾ ਚਿਰ-
ਕਾਲ ਜੀਵਣ ਮਿਲ਼ੇ, ਮੌਤ ਆਪਣੀ ਤੇ ਮਾਂ ਦੀ ਮੁਢੋਂ
ਸੁਢੋਂ ਫਿਰ ਆਨਣੀ ਹੈ।"



ਤੇ ਸ਼ਿਸ਼ ਬਣ, ਰਮਦਾ ਰਮਦਾ 'ਸੁੰਦਰਾਂ' ਦੇ ਦੇਸ ਆਣ ਪਹੁੰਚਿਆ।

ਪੂਰਨ ਤੇ 'ਸੁੰਦਰਾਂ' ਦਾ ਮੇਲ ਤੇ ਵਿਛੋੜਾ ਦੋਹਾਂ ਹੱਥਾਂ ਵਿਚ ਵਖੋ ਵਖ ਰੂਪਾਂ ਵਿਚ ਪਾਠਕਾਂ ਦੇ ਸਾਹਮਣੇ ਆਉਂਦਾ ਹੈ।

ਪੁਸਤਕ-ਪੂਰਨ-ਦਾ ਉਹ ਭਾਗ ਜਿਸ ਵਿਚ 'ਪੂਰਨ'-'ਸੁੰਦਰਾਂ' ਦਾ ਸੰਜੋਗ ਵਿਜੋਗ ਆਉਂਦਾ ਹੈ। ਪ੍ਰੋ: ਪੂਰਨ ਸਿੰਘ ਦੇ ਕਮਾਲ ਦੀ ਇਕ ਵੰਨਗੀ ਹੈ। ਪਾਠਕ ਨੂੰ ਇਹ ਪਰਤੀਤ ਨਹੀਂ ਹੁੰਦਾ ਜੋ ਉਹ ਪੁਸਤਕ ਪੜ੍ਹ ਰਿਹਾ ਹੈ। ਉਸ ਦੇ ਸਾਹਮਣੇ ਜੋਗੀਆਂ ਦਾ ਝੁੰਡ ਡੇਰੇ ਜਮਾਂਦਾ ਆ ਜਾਂਦਾ ਹੈ। ਉਸ ਦੇ ਕੰਨਾਂ ਨੂੰ ਉਨ੍ਹਾਂ ਦੀਆਂ ਕਿੰਗਾਂ ਤੇ ਸਿੰਗੀਆਂ ਦੀ ਅਵਾਜ ਤੇ ਸੰਖ: ਤੇ ਧੂਤਿਆਂ ਦਾ ਅਲਾਪ ਸੁਣਾਈ ਦਿੰਦਾ ਹੈ। ਉਹ ਉਨ੍ਹਾਂ ਦੀਆਂ ਧੂਣੀਆਂ ਦੇ ਛਲੇਦਾਰ ਧੂੰਏਂ ਅਕਾਸ਼ ਵਲ ਜਾਂਦੇ ਵੇਖਦਾ ਹੈ। ਇਸ ਧੂਣੀਆਂ ਵਾਲੇ ਟੋਲੇ ਵਿਚੋਂ ਚਲਿਆ ਹੈ, ਪੂਰਨ ਪਹਿਲੀ ਭਿਛਿਆ ਲਈ।

ਪੂਰਨ ਦੀ ਪਹਿਲੀ-ਭਿਛਿਆ-ਝਾਕੀ ਵਿਚ ਇਕ ਅਗੰਮੀ ਸੁਾਦ ਤੇ ਹਾਸ-ਰਸ ਹੈ। ਪਾਠਕ ਜਿਉਂ ਜਿਉਂ ਇਸ ਨੂੰ ਦੇਖਦਾ ਹੈ ਉਸ ਦੇ ਬੁਲ੍ਹਾਂ ਤੇ ਇਕ ਮਿੱਠੀ ਮਿੱਠੀ ਮੁਸਕ੍ਰਾਹਟ ਆਉਂਦੀ ਹੈ। ਤਸਵੀਰ ਡਾਢੀ ਸੁਹਣੀ ਹੈ। ਮਾਸਟਰ-ਆਰਟਿਸਟ ਇਹ ਚਿੱਤਰ ਇਉਂ ਬਣਾਂਦਾ ਹੈ:-

"ਪੂਰਨ ਜਾਂਦਾ ਦੌੜਦਾ ਕਿਸੀ ਜੋਗ ਵੈਰਾਗਯ ਤਿਆਗ ਦੇ ਆਦਰਸ਼ ਜੋਸ਼ ਵਿਚ, ਲਾ-ਪ੍ਰਵਾਹ, ਮਸਤ, ਅਲ-ਮਸਤ, ਆਲੱਖ, ਆਲੱਖ ਕਰਦਾ, ਜੋਗੀ ਜਾਂਵਦਾ ਭਿੱਛਿਆ ਨੂੰ,
ਠਹਰਦਾ ਨਹੀਂ ਮੂਲ ਜੋਗੀ, ਸਿਧਾ ਤੀਰ ਵਗਿਆ ਜਾਉਂਦਾ, ਮਗਰ ਵਗਦੀ ਤੀਮੀਂਆਂ ਦੀ ਇਕ ਸਾਰੀ ਗਲੀ, ਇਕ ਜੋਗੀ ਨਵਾਂ ਆਇਆ ਹੈ।
ਮੰਗਣ ਦਾ ਵਲ ਨਾ ਇਸ ਨੂੰ ਆਉਂਦੀ ਨੀਂ ਅੜੀਓ, ਇਹ ਤਾਂ ਪਾਤਸ਼ਾਹ ਕਿਸੀ ਦਾ ਪੁੱਤ, ਨਵਾਂ ਜੋਗੀ ਬਣ ਆਇਆ ਹੈ।
ਠਹਰੇ ਨਾਂਹ ਇਹ ਜੋਗੀ, ਭਿਛਿਆ ਪਾਵੇ ਕੌਣ ?
ਮਗਰ ਨਸਦਾ ਸਾਰਾ ਸ਼ਹਿਰ 'ਸੁੰਦਰਾਂ' ਦਾ ਨਿਕਲ ਟੁਰਿਆ, ਕੁੜੀਆਂ, ਚਿੜੀਆਂ, ਸਜ ਵਿਆਹੀਆਂ, ਨਸ ਨਸ ਮਗਰ ਜਾਂਦੀਆਂ, ਨਿੱਕੇ ਨਿੱਕੇ ਬੱਚੇ ਆਖਣ: 'ਖੜੇ ਜੋਗੀਆ, ਠਹਰ ਜੋਗੀਆ, ਦੇ ਦਰਸ਼ਨ ਜੋਗੀਆ'', ਮਾਵਾਂ ਆਖਣ ! ਦਿਲ ਸੜੇ ਸਾਡਾ ਦੇਖ ਇਹ ਜੋਗੀ, ਕਿਹਾ ਸੁਹਣਾ ਮਾਂ ਕਿਸੀ ਦਾ ਪੁਤ। ਇਨੂੰ ਕਿਉਂ ਵੈਰਾਗਜ ਆਇਆ, ਵਹੁਟੀ ਚੰਗੀ ਨ ਮਿਲੀ, ਯਾ ਬਾਪ ਮਾਰਿਆ, ਇਹ ਭਬੂਤਾਂ ਵਿਚ ਆਣ ਕਿਉਂ ਰੁਲਿਆ, ਇਹ ਪੁੱਤ ਕਿਸੀ ਪਾਤਸ਼ਾਹ ਦਾ
ਉਹ ਮਾਂ ਕੀ ਕਰਦੀ ਜਿਸ ਦਾ ਇਹ ਜਵਾਨ ਪੁਤ੍ਰ



ਜੋਗੀ ਜਾ ਬਣਿਆ ?"

ਇਨ੍ਹਾਂ ਸਤਰਾਂ ਵਿਚ ਜੋਗੀ ਦੇ ਅਣਜਾਣ ਪੁਣੇ ਦੀ ਤਸਵੀਰ ਹੈ, ਇਹ ਸਤਰਾਂ ਇਛਰਾਂ-ਮਾਂ ਦੇ ਦੁਖ ਨੂੰ ਦਸ ਸਦਾ ਪਾਠਕਾਂ ਦੇ ਸਾਹਮਣੇ ਉਸ ਦੀ ਮੂਰਤ ਰਖਦੀਆਂ ਹਨ।

ਆਲਖ, ਆਲਖ ਕਰਦਾ ਨਵਾਂ ਜੋਗੀ 'ਸੁੰਦਰਾਂ' ਦੇ ਬੂਹੇ ਅਗੇ ਜਾ ਖੜੋਤਾ। ਆਲਖ ਦੀ ਅਵਾਜ਼ ਸੁਣ 'ਸੁੰਦਰਾਂ' ਨੇ ਆਪਣੇ ਝਰੋਖੇ ਵਿਚੋਂ ਹੇਠ ਝਾਕਿਆ।

"ਸੁੰਦਰਾਂ ਖੋਹਲ ਆਪਣੀਆਂ ਬਾਰੀਆਂ, ਦੇਖ ਪੂਰਨ ਬੇਹੋਸ਼ ਹੋਈ,
ਉਹ ਕੰਵਾਰੀ ਨੱਢੀ, ਰਾਣੀ ਦੇਸ ਦੀ, ਉਡੀਕਦੀ ਜਿਨੂੰ ਸੀ, ਉਹ ਆਯਾ,
ਇਕ ਪਲਕਾਰੇ ਵਿੱਚ ਕੁੱਛ ਹੋਇਆ, ਜਿਵੇਂ ਸਦੀਆਂ ਦੀ ਵਿਛੜੀ ਮਿਲੀ ਸੀ।"

ਇਨ੍ਹਾਂ ਸਤਰਾਂ ਵਿਚ ਭੀ ਕੋਈ ਰਮਜ਼ ਹੈ; 'ਸੁੰਦਰਾਂ' ਆਪਣੇ ਮਹਲ ਦੀਆਂ ਬਾਰੀਆਂ, ਆਪਣੀ ਰੂਹ ਦੀਆਂ ਬਾਰੀਆਂ-ਅੱਖਾਂ ਖੋਹਲ ਪੂਰਨ ਨੂੰ ਤੱਕਦੀ ਹੈ। ਉਸ ਵਿਚ ਸਦੀਆਂ ਤੋਂ ਆਪਣੇ ਰੂਹ ਦੀ ਗਵਾਚੀ ਕੋਈ ਸ਼ੈ ਵੇਖਦੀ ਹੈ। ਇਸੇ ਕਰ ਕੇ ਜਦ ਗੋਰਖ ਨਾਥ ਕੋਲ ਜਾਂਦੀ ਹੈ ਤਾਂ ਮੰਗ ਕਰਦੀ ਹੈ:-

"ਜੇ ਤੁਠੇ ਤੁਸੀਂ ਨਾਥ ਭਾਰੇ, ਤਦ ਦਿਓ ਚੀਜ਼ ਜਿਹੜੀ

ਮੇਰਾ ਰੂਹ ਟੋਲਦਾ,
ਫੋਲਦਾ ਆਇਆ ਰਾਹੀਂ ਲੰਮੀ ਲੰਮੀ ਉਮਰਾਂ, ਜਨਮਾਂ,
ਮੈਂ ਤਾਂ ਮੰਗਤੀ ਸੱਚੇ ਪਿਆਰ ਦੀ ਹਾਂ,

.... ...... ... ....

ਇਹ ਜਗਤ ਸਾਰਾ ਮੈਨੂੰ ਖਾਣ ਦੌੜਦਾ, ਮੈਂ ਇਕੱਲੀ ਹਾਂ, ਮੈਂ ਆਪਣਾ ਮੰਗਦੀ ਹਾਂ, ਆਪਣਾ ਸਿਦਕ ਈਮਾਨ, ਪਿਆਰ ਸੱਚਾ, ਮੈਨੂੰ ਮੇਰੇ ਦਿਲ ਵਿਚ ਪੂਜਾ ਦੀ ਥਾਂ ਬਖਸ਼ੋ, ਮੈਨੂੰ ਅੰਦਰ ਇਕ ਮੰਦਰ ਉਸਾਰ ਦਿਓ ।
ਦਿਓ ਇਕ ਦੇਵਤਾ ਸਥਾ। ਤੁਸੀਂ, ਰਬ ਮੇਰਾ ਮੇਰੀਆਂ ਭੁਲਾਂ ਬਖਸ਼ਣ ਵਾਲਾ, ਮੇਰੀਆਂ ਨਿੱਕੀਆਂ ਨਿੱਕੀਆਂ ਫੁੱਲ-ਪੱਤ੍ਰ ਦੀਆਂ ਭੇਟਾਂ ਲੈਣ ਵਾਲਾ...
ਜਿਹੜਾ ਮੇਰੇ ਨਾਲ ਗਲਾਂ ਕਰੇ, ਜਿਹੜਾ ਹੱਸੇ ਮੇਰੇ ਨਾਲ, ਮੈਂ ਹੱਸਾਂ ਜਿਸ ਨਾਲ, ਖੇਡੇ ਖਡਾਵੇ, ਮੈਂ ਤਾਂ ਬਾਦਸ਼ਾਹ ਟੋਲਦੀ ਆਪਣੇ ਦਿਲ ਦੇ ਤਖਤ ਦਾ,
ਮੈਂ ਤਾਂ ਉਹ ਰਬ ਟੋਲਦੀ, ਜਿਨੂੰ ਦੇਖਾਂ, ਸੁੰਘਾਂ, ਹੱਥ ਲਾਵਾਂ, ਪੀਵਾਂ, ਖਾਵਾਂ, ਜੀਵਾਂ, ਥੀਵਾਂ ਜਿਸ ਨਾਲ ।
ਜਿਨੂੰ ਪੂਜਾਂ, ਪਿਆਰਾਂ, ਸਤਕਾਰਾਂ ਤੇ ਜਿਹੜਾ ਰੱਬ ਵਾਗੂੰ ਕਬੂਲੇ ਮੇਰੇ ਦਿਲ ਦੇ ਵਾਰਨੇ, ਤੇ ਕੈੜ ਲਵੇ ਮੇਰੀ, ਹਰ ਦੁੱਖ ਸੁੱਖ ਵਿਚ, ਮੇਰੀ ਰੂਹ ਦੀਆਂ ਤ੍ਰੁਟੀਆਂ ਸਬੂ-ਤੀਆਂ ਨੂੰ ਜਾਣਨ ਵਾਲਾ,
ਮੌਤ ਵੇਲੇ, ਮੌਤ ਥੀਂ ਪਰ੍ਹੇ, ਜਿਸ ਦੀਆਂ ਬਾਹਾਂ ਦੀ



ਲਮਕ ਪਹੁੰਚੇ ਮੈਨੂੰ ਸੰਭਾਲਦੀ,
ਤੇ ਜੀਂਦੀ ਨੂੰ ਜਗਾਂਦਾ ਰਖੇ, ਰਬੀ ਲੋ ਨੂੰ ਆਪੇ ਵਿਚ ਦਸਾਂਦਾ,
ਦੁਨੀਆਂ ਵਾਲੇ ਖਸਮ ਨਿਰੇ ਨਾ ਟੋਲਾ ਮੈਂ, ਉਹ ਲੱਖਾਂ ਆਣ ਮੇਰੇ ਕਦਮਾਂ ਦੀ ਮਿਟੀ ਚੁੰਮਦੇ, ਚਾਹਣ ਮੈਨੂੰ ਮੇਰੇ ਤਖਤ ਤੇ ਤਾਜ ਲਈ,
ਮੈਂ ਲੋਚਾਂ ਆਪਣਾ ਸਾਹਿਬ, ਮੈਂ ਮੰਗਦੀ ਅਜ਼ਲ ਥੀਂ ਬੱਝੇ ਨਾਲ ਸੰਜੋਗ ਮੇਰੇ, ਜਿਨੂੰ ਮੇਰਾ ਦਿਲ ਜਾਣਦਾ।"

ਡਾਢੀ ਅਰਜ਼ੋਈ ਹੈ, ਕੌਣ ਮੁਨਕਰ ਹੋ ਸਕਦਾ ਹੈ, ਜਦੋਂ ਗਵਾਈ ਹੋਈ ਚੀਜ਼ ਦਾ ਮਾਲਕ ਆਪਣੀ ਚੀਜ਼ ਸਿਵਾਣ ਲਵੇ । 'ਸੁੰਦਰਾਂ' ਦੀਆਂ ਇਨ੍ਹਾਂ ਸਤਰਾਂ ਵਿਚ ਪ੍ਰੋ: ਪੂਰਨ ਸਿੰਘ ਦਾ ਇਸਤਰੀ-ਪੁਰਖ ਸੰਜੋਗ ਫਿਲਸਫਾ ਹੈ।

ਇਸ ਫਿਲਸਫੇ ਮੁਤਾਬਕ ਇਸਤ੍ਰੀ-ਪੁਰਖ ਸੰਜੋਗ ਦੋ ਵਿਛੜੀਆਂ ਰੂਹਾਂ ਦਾ ਮਿਲਾਪ ਹੈ। ਇਹ ਵਿਛੜੀਆਂ ਰੂਹਾਂ ਜਿਤਨੀ ਦੇਰ ਤਕ ਮਿਲਦੀਆਂ ਨਹੀਂ ਬੇਤਾਬ ਰਹਿੰਦੀਆਂ ਹਨ । ਇਸਤਰੀ ਲਈ ਪੁਰਖ-ਰੂਹ ਇਸ਼ਟ ਦੇਵ ਤੇ ਸੱਚਾ ਹੈ, ਜਿਹੜਾ ਉਸ ਦੀਆਂ ਭੁਲਾਂ ਨੂੰ ਬਖਸ਼ਦਾ ਹੈ, ਉਸ ਦੀਆਂ ਭੇਟਾਂ ਨੂੰ ਕਬੂਲਦਾ ਹੈ ਅਤੇ ਜਿਹੜਾ ਉਸ ਦਾ ਸਿਦਕ-ਈਮਾਨ ਹੈ । ਇਹ ਸਾਖਜਾਤ ਰੱਬ ਉਸ ਨਾਲ ਹੱਸਦਾ, ਖੇਡਦਾ, ਉਸ ਦੇ ਪਿਆਰਾਂ ਤੇ ਸਤਿਕਾਰਾਂ ਨੂੰ ਅਪਣਾਉਂਦਾ, ਜੀਂਦਿਆਂ, ਮੌਤ ਵੇਲੇ ਤੇ ਮੌਤ ਤੋਂ ਪਰ੍ਹੇ ਆਪਣੀਆਂ ਬਾਹਾਂ

ਦੀ ਲਮਕ ਨਾਲ ਉਸ ਨੂੰ ਸੰਭਾਲਦਾ । ਕਿਆ ਆਦਰਸ਼ਕ ਮੇਲ ਹੈ ।

ਅਜਿਹੇ ਸਦ-ਜੀਵਣ-ਸੰਜੋਗ ਲਈ 'ਸੁੰਦਰਾਂ' 'ਪੂਰਨ' ਪਰਾਪਤ ਕਰ ਟਿਲੇ ਤੋਂ ਤੁਰਦੀ ਹੈ ।

'ਸੁੰਦਰਾਂ' ਦੇ ਅਸਮਾਨ ਦਾ ਚੰਨ, ਪੂਰਨ, ਖੁਲ੍ਹ ਦਾ ਹਿਲਿਆ ਕਿਥੇ ਬੰਧਨਾਂ ਨੂੰ ਅਪਣਾਏ, ਉਹ ਦਿਲ ਅਪਣਾ 'ਸੁੰਦਰਾਂ' ਅਗੇ ਖੋਹਲ ਰਖ ਉਸ ਤੋਂ ਅਜ਼ਾਦੀ ਦਾਤ ਮੰਗਦਾ ਹੈ । ਡਾਢੇ ਮਿਠੇ ਅਖਰਾਂ ਨਾਲ ਉਹ 'ਸੁੰਦਰਾਂ' ਨੂੰ ਪ੍ਰੇਰਦਾ ਹੈ:–

ਪਿਆਰ ਪਾਏ ਪੰਛੀਆਂ ਉਡਦਿਆਂ ਨਾਲ, ਆਪ-ਮੁਹਾਰੇ,
ਤੇ ਚਾਹਣਾ ਉਨ੍ਹਾਂ ਨੂੰ ਪਿਆਰਨਾ ਪਿੰਜਰਿਆਂ ਵਿਚ ਪਾ ਕੇ,
ਦਸ ਨਾਂ 'ਸੁੰਦਰਾਂ' ! ਇਹ ਕੀ ਤੇ ਕਿਥਾਈਂ ਦਾ ਪਿਆਰ ਹੈ?

... ... ... ... ...

ਦਸ ਤੂੰਹੀਂ 'ਸੁੰਦਰਾਂ' ਖੁਲ੍ਹ ਨੂੰ ਖੋਹਣਾ, ਕੀ ਇਹ ਪਿਆਰ ਹੈ ? ਮਰਜੀ ਕਿਸੇ ਦੀ ਨੂੰ ਤਲੇ ਜਿਹੀ ਦਬਾ ਕੇ, ਕਰਨਾ ਆਪਣੀ, ਇਹ ਕਿਹੀ ਪੂਜਾ ਸੁਹਣੀਏਂ ?

... ... ... ... ...

ਖੋਹ ਨਾ ਖੁਲ੍ਹ ਮੇਰੀ, ਪਿਆਰ ਤੇਰਾ ਸੱਚਾ, ਮੈਂ ਮੰਨਦਾ, ਪਰ ਜੀਅ ਘਬਰਾਉਂਦਾ, ਅਕਾਸ਼ ਦੀਆਂ ਬਾਹਾਂ ਨੂੰ ਛਡ ਕੇ ਤੇਰੀ ਬਾਹੀਂ ਪੈਣਾ, ਕੁਛ ਮੈਨੂੰ ਕੈਦ ਜਿਹੀ ਦਿਸਦੀ, ਭੁੱਲ ਹੋਸੀ ਮੇਰੀ, ਪਰ ਸੁਭਾ ਮੇਰਾ ਸਾਥ ਖੁਲ੍ਹੇ ਮੈਦਾਨਾਂ ਦੇ, ਅਕਾਸ਼ਾਂ ਦੇ,



ਸਮੁੰਦਰਾਂ ਦੇ, ਅਨੰਤ ਜਿਹਾ ਹੋਣ ਨੂੰ ਜੀਅ ਮੇਰਾ ਕਰਦਾ।"

'ਸੁੰਦਰਾਂ' ਕੀ ਆਖੇ, ਆਪਣੇ ਰਬ ਦੀ ਖੁਸ਼ੀ ਨੂੰ ਕਿਵੇਂ ਮੋੜੇ, ਕਿਵੇਂ ਆਖੇ ਉਸ ਦੇ ਕਹਿਣ ਵਿਚ ਝੂਠ ਹੈ ? ਨਿਮਾਣੀ ਇਸਤ੍ਰੀ ਵਾਂਗੂੰ ਸਿਰ ਨਿਵਾ ਆਖਦੀ ਹੈ:–

"ਹਾਰੀ ਸੁਹਣੇ ਜੋਗੀਆ ! ਮੈਂ ਹਾਰੀ, ਤੇਰੀ ਸੁੰਦਰਾਂ,
ਠੀਕ, ਮੇਰੇ ਸਿਰ ਦੇ ਸਾਹਿਬਾ ! ਮੇਰੇ ਰੂਹ ਦੇ ਮਾਲਕਾ,
ਸੁਹੱਣਪ ਕਦ ਕਿਸੀ ਦੇ ਖਾਰੇ ਪੈਂਦੀ, ਉਹ ਜਿਹੜੀ ਗਗਨਾ
ਵਿਚ ਵੀ ਘੁਟਦੀ ਹੈ, ਖੁਲ੍ਹ ਪੂਰੀ ਨਾ ਹੋਣ ਕਰਕੇ,
ਠੀਕ ! ਸੁਗੰਧੀ ਫੁੱਲਾਂ ਨੂੰ ਕੌਣ ਬੰਦ ਰਖੇ, ਤੇ ਉਹ ਕਿਹੜੀਆਂ ਰੱਸੀਆਂ,

... ... ... ... ...

ਤੁਸੀਂ ਮੇਰੇ ਸੱਚੇ ਸਾਹਿਬ, ਜਾਓ ਜਿੱਥੇ ਮਰਜ਼ੀ ਮੈਂ। ਆਖਾਂ ਸਦਾ ਤੇਰੀਆਂ,

... ... ... ... ...

ਪਰ ਜਾਣ ਲਗੇ ਹੋ ਹੁਣ ਇਹ ਵੀ ਯਾਦ ਰਖਣਾ, ਤੁਸੀਂ ਖੁਲ੍ਹ ਚਾਂਹਦੇ, ਮੈਂ ਖੁਲ੍ਹ ਪਿਆਰਦੀ, ਮਹਲ ਤੁਸਾਂ ਨੂੰ ਕਬਰਾਂ ਦਿਸਣਾ।ਮੈਨੂੰ ਤਾਂ ਇਹ ਆਪਣਾ ਸਰੀਰ ਆਪ ਬਿਨਾਂ ਹਨੇਰੀ ਇਕ ਕਬਰ ਦਿਸਦੀ,
ਵਿਛੜ ਆਪ ਥੀ ਜਿੰਦ ਜਿਹੜੀ ਪਿਆਰ-ਕੁਠੀ ਤੜਫਦੀ,
ਕਦੀ ਨਾਂਹ, ਕਦੀ ਨਾਂਹ, ਕਦੀ ਨਾਂਹ, ਇਹ ਜਿਸਮ ਵਿਚ ਕੈਦ ਰਹਸੀ,

ਜਾਓ ! ਤੁਸੀਂ ਆਜ਼ਾਦ, ਜਿੱਥੇ ਤੁਸਾਂ ਦੀ ਮਰਜੀ ਜਾਓ !
ਜਿੱਥੇ ਤੁਸੀਂ ਸੁਖੀ, ਪਰ ਮੇਰਾ ਜੀਅ ਨਾਲ ਨਾਲ
ਆਵਸੀ, ਘੁੰਮਸੀ ਆਪ ਦੇ ਚਾਰ ਚੁਫੇਰੇ, ਵਾਂਗ ਕੂਕਦੀ
ਕੋਇਲ ਪਿਆਰ ਦੀ ਜੀ।"

ਇਨ੍ਹਾਂ ਸ਼ਬਦਾਂ ਵਿਚ ਪਿਆਰ ਦੀ ਤੀਬਰਤਾ, 'ਸੁੰਦਰਾਂ' ਦੇ ਸ੍ਵਛ-ਅੰਦਰੇ ਦੀ ਤਸਵੀਰ ਤੇ ਉਸ ਦੀ ਤੜਫਦੀ ਰੂਹ ਦੀ ਫੜਫੜਾਹਟ ਹੈ । ਪੰਜਾਬੀ ਸਾਹਿਤ ਦੀਆਂ ਸੋਹਣੀਆਂ ਚੀਜਾਂ ਦੀ ਇਹ ਇਕ ਵੰਨਗੀ ਹੈ ।

( ੮ )

'ਸੁੰਦਰਾਂ' ਤੋਂ ਵਿਛੜ 'ਪੂਰਨ' ਗੋਰਖ ਨਾਥ ਕੋਲ ਅਪੜਿਆ । ਗੋਰਖ ਨੂੰ 'ਸੁੰਦਰਾਂ' ਦੀ ਰੂਹ 'ਪੂਰਨ' ਦੇ ਦੁਆਲੇ ਚਕਰ ਲਾਉਂਦੀ ਦਿਸ ਆਈ । ਗੁਸੇ ਵਿਚ ਕਾੜ ਕਾੜ ਬੋਲ ਉਸ ਆਖਿਆ—

"ਤੇਰੇ ਟੁਰ ਆਇਆਂ ਪੂਰਨ ਨਾਥਾ, ਸੁੰਦਰਾਂ ਦੇ ਸਵਾਸ
ਨਿਕਲੇ, ਔਹ ਵੇਖ ਤੇਰੇ ਨਾਲ ਨਾਲ ਆਉਂਦੀ, ਵਾਂਗ
ਚਿੱਟੀ ਘੁਘੀ, ਮੂੰਹ ਵਿਚ ਤੇਰਾ ਨਾਮ ਫੜਿਆ,
ਸੁੰਦਰਾਂ ਮੈਂ ਸੀ ਦਿਤੀ ਤੈਨੂੰ, ਤੈਨੂੰ ਦਿਤਾ ਸੀ ਸੁੰਦਰਾਂ
ਨੂੰ, ਤੁਸੀਂ ਦੋ ਮਿਲ ਕੇ ਇਕ ਪੂਰਾ ਰੂਪ ਹੁੰਦੇ,......
ਅੱਛਾ ! ਜੋ ਹੋਣਾ ਸੀ ਸੋ ਹੋਇਆ, ਗਿਲੇ ਦਾ ਕੋਈ
ਥਾਂ ਨਹੀਂ,
ਹੁਣ ਜਾਓ, ਦੇਖੋ ਮਾਂ ਆਪਣੀ ਨੂੰ ਉਹ ਦਾ ਸਰੀਰ ਸੁਕਿਆ,



ਨੈਨ ਸੁਕੇ, ਦਿਲ ਸੁਕਿਆ, ਮਨ ਸੁੱਕਾ ਸੀ ਯਾਦ ਕਰ ਤੈਨੂੰ,
ਹੁਣ ਉਹਦਾ ਰੂਹ ਹੈ ਸੁਕਣ ਲੱਗਾ,
ਜਾ ਬੱਚਾ, ਮਿਲ ਮਾਂ ਨੂੰ, ਤੇ ਕਰ ਰੂਹ ਉਹਦਾ ਤੂੰ ਸਜਰਾ,
ਯਾਦ ਰਖੀਂ ਤੂੰ ਵੀ ਨਾਮ ਉਸ ਤੀਬਰ ਪਿਆਰ ਦਾ।

"ਸੁੰਦਰਾਂ"

ਮੈਂ ਦਿਤੀ ਅਦ੍ਰਿਸ, ਅਰੂਪ 'ਸੁੰਦਰਾਂ' ਹੁਣ ਕਰਾਮਾਤ ਤੈਨੂੰ।"

'ਸੁੰਦਰਾਂ' ਕਰਾਮਾਤ ਲੈ 'ਪੂਰਨ' ਪਿਤਾ ਦੇ ਦੇਸ ਆਣ ਵੜਿਆ।

ਅੱਗ ਦੀ ਪੁਤਲੀ 'ਲੂਣਾ' ਹੁਣ ਇੰਞ ਹੋ ਚੁਕੀ ਸੀ ਜਿਵੇਂ ਭਾਂਬੜ ਮਚਾਂਦੀ ਅੱਗ ਸਵਾਹ ਦਾ ਰੂਪ ਲੈ ਲੈਂਦੀ ਹੈ, ਹੁਣ ਉਸ ਦੇ ਅੰਦਰ ਮਾਂ ਬਣਨ ਦੀ ਲਾਲਸਾ ਹੈ ਅਤੇ ਇਹ ਲਾਲਸਾ ਪੁਜਾਵਣ ਲਏ 'ਪੂਰਨ' ਕੋਲ ਚਲ ਆਉਂਦੀ ਹੈ।

ਪੂਰਨ-ਨਾਟਕ ਦਾ ਇਹ ਅੰਤ ਹੈ। ਬੁਰਾਈ, ਜਿਹੜੀ ਸੁਭ-ਗੁਣਾਂ ਤੇ ਜੇਤੂ ਹੋ ਰਹੀ ਸੀ, ਆਪਣੇ ਆਪ ਤੋਂ ਤੋਬਾ ਕਰ ਸੁਭ-ਗੁਣਾਂ ਨੂੰ 'ਜੀਓ ਆਇਆਂ' ਆਖਦੀ ਹੈ। ਨਾਲ ਹੀ ਇਸ ਰਾਹੀਂ ਜਿਹੜਾ ਦੁੱਖ ਮਾਂ-ਇਛਰਾਂ ਨੂੰ ਪੁਤ੍ਰ ਦੇ ਵਿਛੋੜੇ ਕਰਕੇ ਹੋਇਆ ਸੀ ਉਹ ਦੁੱਖ ਭੀ ਦੂਰ ਹੋ ਜਾਂਦਾ ਹੈ। ਉਹ ਪੂਰਨ ਜਿਸ ਦੇ ਵਿਛੋੜੇ ਤੇ ਮੋਹ ਕਰਕੇ ਇਛਰਾਂ ਆਪਣਾ ਆਪ ਗਾਲ ਰਹੀ ਸੀ ਉਸ ਪੂਰਨ ਦੇ—

"ਨਾਲ ਲਗਦੇ ਹੀ ਮਾਂ ਚੀਕ ਉੱਠੀ,

ਨੈਨ ਖੁਲ੍ਹ ਗਏ, ਅਕਥਨੀਜ-ਖੁਸ਼ੀ ਦਾਰੂ ਸੀ ਓਹਦੀਆਂ ਅੱਖਾਂ ਦਾ,
ਛਾਤੀ ਮਾਂ ਦੀ ਦੁੱਧ ਨਾਲ ਭਰ ਉੱਠੀ, ਫਰਕੀ, ਕੰਬੀ।

... ... ... ...

ਧਾ ਕੇ, ਘੁੱਟ ਕੇ, ਨਪੀੜ ਕੇ ਵਾਂਗ ਇਕ ਬਾਲ ਪੰਜਾਂ ਵਰਿਹਾਂ ਦੇ, ਮਾਂ-ਇੱਛਰਾਂ ਪੂਰਨ ਗਲ ਲਾਇਆ।
ਪੂਰਨ ਲਗਾ ਗਲੇ ਆਖਰ ਮਾਂ-ਇੱਛਰਾਂ ਦੇ,
ਚਾਰੇ ਨੈਨ ਤ੍ਰਿਮ ਤ੍ਰਿਮ ਕਰਦੇ, ਦੋਏ ਦਿਲ ਹਿੱਲਣ ਇਕ ਸ਼ੁਕਰਾਨੇ ਵਿੱਚ, ਤੇ ਬਾਹਾਂ ਚਾਰੇ ਵਾਂਗ ਖੰਭਾਂ ਪੰਖੇਰੂਆਂ ਦੇ ਕੰਬਦੀਆਂ ਸਨ,
ਮਾਂ ਇੱਛਰਾਂ ਦੇ ਹੇਠ ਜਾ ਸੁਤੇ ਪੂਰਨ ਜੋਗੀ ਦੀ ਬਿਭੂਤ ਹੇਠ ਆਪਣੇ ਪੁੱਤ੍ਰ ਦੇ ਮੂੰਹ ਅੰਦਰੇ,
ਬਾਹਾਂ ਪਸਾਰ ਦੋਵੇਂ ਮਿਲੇ, ਤੇ ਵੇਲਾ ਵਖਤ ਸਭ ਭੁਲੇ,
ਓਥੇ ਹੀ ਖੜੇ ਖੜੇ, ਪਿਆਰ-ਸਮਾਧੀ ਅਖੰਡ ਵਿਚ ਸੁੱਤੇ,
ਸ਼ੁਕਰ ਵਿਚ ਸੁੱਤੇ, ਰੱਬ ਦੇ ਦਿਲ ਵਿਚ ਸੁੱਤੇ,
ਪੁੱਤ ਜੋਗ ਭੁਲਿਆ, ਮਾਂ ਦੁੱਖ ਦਰਦ ਸਭ ਭੁਲੀ,
ਉਹ ਗਭਰੂ ਜਵਾਨ ਪੁਤਰ ਮਾਂ ਦੀ ਜੱਫੀ ਵਿੱਚ ਸੁੱਤਾ,
ਬੁਢੀ ਮਾਂ ਪਈ ਮੁੜ ਪੁੱਤ ਆਪਣੇ ਦੀ ਝੋਲੀ।



# ਪ੍ਰੋਫ਼ੈਸਰ ਪੂਰਨ ਸਿੰਘ ਜੀ

ਵਲੋਂ ਗਿਆਨੀ ਹਾਕਮ ਸਿੰਘ ਜੀ 'ਰਤਨ ਜੋਤ'

ਸੁਹਣੇ ਤਾਂ ਹਰਦਮ ਈ, ਅਰਸ਼ਾਂ ਤੇ ਵਸਦੇ ਨੇ,
ਚੰਨੇ ਦੇ ਲਾਗੇ ਜਾ, ਤਾਰੇ ਬਣ ਲਸਦੇ ਨੇ,
ਪ੍ਰੀਤਮ ਨੂੰ ਮਿਲਦੇ ਨੇ, ਖਿੱਲੀ ਪਾ ਹਸਦੇ ਨੇ,
ਦੁਨੀਆਂ ਦੇ ਵਿਚੋਂ ਓਹ, ਐਵੇਂ ਉਠ ਨਸਦੇ ਨੇ,
ਕੁਦਰਤ ਦਾ ਕਾਦਰ ਭੀ, ਏਨ੍ਹਾਂ ਤੇ ਡੁਲ੍ਹਦਾ ਏ;
ਆਪੇ ਈ ਘੜਦਾ ਏ, ਆਪੇ ਈ ਭੁਲਦਾ ਏ।
ਆਇਆ ਜਗਿ 'ਪੂਰਨ'ਸੀ, ਓਦ੍ਹਾ ਕੁਝ ਵੇਲਾ ਸੀ,
ਫਿਰ ਫਿਰਿ ਪ੍ਰਦੇਸੀਂ ਜਾ, ਡਿੱਠਾ ਬਹੂ ਮੇਲਾ ਸੀ,
ਕਾਢਾਂ ਦੀ ਚਾਹਨਾਂ ਨੂੰ, ਦਿਲ ਨਵਾਂ-ਨਵੇਲਾ ਸੀ,
ਸੋਗਾਂ ਵਿਚ ਹਸਦਾ ਸੀ, ਐਡਾ ਅਲਬੇਲਾ ਸੀ,–
ਖੇਤੀ ਨੂੰ ਅੱਗ ਲੱਗੀ, ਭਾਂਬੜ ਆ ਮੱਚ ਪਿਆ;
ਖੇੜੇ ਦਾ ਵਾਸੀ ਉਹ, ਕੋਠੇ ਚੜ੍ਹ ਨੱਚ ਪਿਆ:–
"ਵਾਹਵਾ ! ਅੱਜ ਮੌਜਾਂ ਨੇ, ਚਰਖਾ ਇਹ ਟੁੱਟਾ ਏ,
"ਦਿਲ ਉਲਝੀ ਤਾਣੀ 'ਚੋਂ, ਸ਼ੁਕਰ ਏ ਛੁੱਟਾ ਏ,
"ਫਿਕਰਾਂ ਦੀ ਡਾਇਣ ਦਾ,ਹੋਇਆ ਨੱਕ ਬੁੱਟਾ ਏ,
"ਮਸਤੀ ਦੇ ਰਸ ਅੰਦਰ, ਜੀਊੜਾ ਇਹ ਗੁੱਟਾ ਏ,
ਏਦਾਂ ਉਹ ਦਿਲ-ਲਗੀਆਂ; ਆਪੇ ਨਾਲ ਕਰਦਾ ਸੀ;
ਲੋਕਾਂ ਲਈ ਦੁਖ ਜੇੜ੍ਹਾ, ਖੁਸ਼ ਹੋ ਹੋ ਜਰਦਾ ਸੀ।

ਕਵਿਤਾ ਉਸ 'ਪੂਰਨ' ਦੀ, 'ਖੁੱਲ੍ਹੀ-ਉਡਾਰੀ' ਏ,
'ਖੁੱਲ੍ਹੇ' ਪਏ 'ਲੇਖਾਂ' ਦੀ, ਇਹ ਭਰੀ ਪਟਾਰੀ ਏ,
'ਖੁੱਲ੍ਹੇ' ਹਨ 'ਘੁੰਡ' ਬੜੇ, ਬੁੱਕਲ ਨਾ ਮਾਰੀ ਏ,
'ਖੁੱਲ੍ਹੇ ਮੈਦਾਨਾਂ' ਵਿੱਚ, ਹਿੰਮਤ ਈ ਹਾਰੀ ਏ,
ਨੇ ਦੇਸ-ਪਿਆਰ ਇੱਸੇ, ਕਵਿਤਾ ਵਿਚ ਭਰੇ ਪਏ;
ਤੇ ਰਾਜ਼ ਅਜ਼ਾਦੀ ਦੇ, ਏਸੇ ਵਿਚ ਧਰੇ ਪਏ।
ਕਵਿਤਾ ਵਿਚ ਕੀ ਕੁਛ ਏ; ਜੀ-ਰੋ ਬਦਲਦੀ ਏ,
ਸੁੱਕੇ ਦਿਮਾਗਾਂ ਨੂੰ, ਤ੍ਰਾਵਤ ਪਈ ਘਲਦੀ ਏ,
ਭੁੜਕਦੀ, ਨੱਚਦੀ ਏ, ਖੇਡਦੀ, ਮਲ੍ਹਦੀ ਏ,
ਇਕ ਵੇਰੀ ਪੜ੍ਹੇ ਜੇੜ੍ਹਾ, ਸਮਝ ਨਾ ਚਲਦੀ ਏ,
ਮੁੜ ਮੁੜ ਜਿਉਂ ਪੜ੍ਹਦੇ ਹਾਂ,ਅੰਮ੍ਰਿਤ-ਰਸ ਝਰਦੀ ਏ,
ਮੁਰਦਾ-ਦਿਲ ਅੰਦਰ ਪਈ,ਜੀਵਨ ਇਹ ਭਰਦੀ ਏ।
ਐਸੇ ਉਸ ਸੁਹਣੇ ਦਾ, ਅਜ ਦਰਸ ਨ ਹੋਂਦਾ ਏ,
ਸਾਥੀ ਹਰ ਬੰਦੇ ਦਾ, ਦਿਲ ਭਰ ਭਰ ਰੋਂਦਾ ਏ,
ਪਜਾਰਾਂ 'ਚ ਬਿਹਬਲ ਹੋ, ਚੱਕੀ ਪਿਆ ਝੋਂਦਾ ਏ:
"ਸੁਹਣੀ ਹਰ ਸ਼ੈਅ ਕਿਉਂ ਰੱਬ'ਆਸ਼ਕ'ਖੋਂਹਦਾ ਏ?
"ਛੋੜੇ ਹੋਇ ਕੰਮ ਅਜੇ, ਕੀਤੇ ਨਾ ਪੂਰਨ ਨੇ;
"ਵਾਸਾ ਦੁਰਾਡੇ ਜਾ, ਪਾਇਆ ਏ 'ਪੂਰਨ' ਨੇ।"



## ਖੁਲ੍ਹੇ ਲੇਖਾਂ ਵਿੱਚੋਂ
### ਪ੍ਰੋ: ਪੂਰਨ ਸਿੰਘ ਜੀ ਦੇ
# ਚੋਣਵੇਂ ਖਿਆਲ

ਸ. ਸ. ਅਮੋਲ

ਅਜੇ ਤਕ ਸਾਨੂੰ ਸ਼ਰਮ ਨਾਲ ਇਹ ਮੰਨਣਾ ਹੀ ਪਵੇਗਾ ਕਿ ਪੰਜਾਬੀ ਵਿਚ ਸਾਹਿਤਕ ਲੇਖ ਲਿਖਣ ਤੇ ਪੜ੍ਹਨ ਦੀ ਅਜੇ ਰੌ ਨਹੀਂ ਚਲੀ। ਅਜੇ ਤਕ ਪ੍ਰੋ: ਪੂਰਨ ਸਿੰਘ ਜੀ ਦਾ ਇਕੋ ਇਕ ਨਾਂ ਹੈ, ਜਿਨ੍ਹਾਂ ਨੇ ਇਸ ਪਾਸੇ ਉੱਦਮ ਕੀਤਾ ਹੈ ਤੇ ਉਹ ਬੜੀ ਕਾਮਯਾਬੀ ਨਾਲ।

ਕਿਸੇ ਸਾਹਿਤਕ ਲੇਖ ਦੀ ਵੱਡੀ ਪਰਖ ਇਹ ਦੱਸੀ ਜਾਂਦੀ ਹੈ–

'ਸਾਹਿਤਕ ਲੇਖ ਵਿਚ ਲਿਖਾਰੀ ਦੇ ਕਿਸੇ ਚੀਜ ਜਾਂ ਖਿਆਲ ਨੂੰ ਵੇਖ ਜਾਂ ਸੁਣ ਕੇ ਉਤਪੰਨ ਹੋਏ **ਜਾਤੀ ਖਿਆਲ** ਦਸੇ ਜਾਂਦੇ ਹਨ।'

ਇਸ ਘਸਵਟੀ ਤੇ ਪਰਖਿਆਂ ਖੁਲ੍ਹੇ ਲੇਖ ਪੂਰਾ ਪਾਸੇ ਦਾ ਸੋਨਾ ਨਿਕਲਦੇ ਹਨ। ਇਨ੍ਹਾਂ ਦੇ ਲੇਖਕ ਨੂੰ ਇਸ ਗਲ ਦੀ ਪਰਵਾਹ ਨਹੀਂ ਕਿ ਲੋਕ ਕਿਸੇ ਗਲ ਬਾਬਤ ਕੀ ਰਾਇ ਰਖਦੇ ਹਨ। ਉਹ ਤਾਂ ਆਪਣੇ ਜਾਤੀ, ਸ਼ਖਸੀ

ਤੇ ਨਿਰੋਲ ਆਪਣੇ ਦਿਲ ਦਾ ਭਾਵ ਖੋਲ੍ਹ ਕੇ ਸਾਡੇ ਸਾਹ-ਮਣੇ ਰਖ ਦੇਂਦਾ ਹੈ । ਹੇਠ ਲਿਖੀਆਂ ਸਤਰਾਂ ਹੀ ਪੜ੍ਹੋ ਤੇ ਵੇਖੋ ਕਿਵੇਂ ਪ੍ਰੋਫੈਸਰ ਸਾਹਿਬ ਦਾ ਆਪਣਾ ਦਿਲ ਇਨ੍ਹਾਂ ਵਿਚ ਠਾਠਾਂ ਮਾਰਦਾ ਹੈ ।

ਇਹ ਸਮਝਾਉਣ ਲਈ ਕਿ 'ਜਿਹੜੀਆਂ ਅਸੀਂ ਸਦੀਆਂ ਤਕ ਚੰਗਿਆਈਆਂ ਮੰਨਦੇ ਆਏ ਹਾਂ, ਹੋ ਸਕਦਾ ਹੈ ਕਿ ਉਨ੍ਹਾਂ ਦੀਆਂ ਡੂੰਘੀਆਂ ਜੜ੍ਹਾਂ ਬੁਰਿਆਈਆਂ ਵਾਲੀਆਂ ਹੋਣ, ਤੇ ਜਿਨ੍ਹਾਂ ਨੂੰ ਅਸੀਂ ਸਤਹ ਤੇ ਬੁਰਾ ਕਹਿੰਦੇ ਹਾਂ ਉਹ ਅੰਦਰੋਂ ਜੜ੍ਹਾਂ ਵਿਚ ਚੰਗਿਆਈਆਂ ਹੋਣ ।' ਆਪ ਲਿਖਦੇ ਹਨ–

'ਗੁਲਾਮ ਰਖਣ ਦਾ ਰਵਾਜ ਜੜ੍ਹਾਂ ਵਿਚ ਕਿੰਨਾ ਅਦੈਵੀ ਸੀ.........ਪਰ ਜਦ ਆਦਮੀ ਕੁਝ ਨਾ ਕਰ ਸਕੇ, ਮਨ ਦੀ ਤਾਕਤ ਲਾਣ ਦੀ ਥਾਂ ਨਾ ਹੋਵੇ, ਪਿਆਰਿਆਂ ਨੂੰ ਪਾਲਣਾ ਹੈ, ਨਿਰਾ ਸੁਕਾ ਟੁਕੜ ਦੇਣਾ ਹੈ, ਉਹ ਵੀ ਨਹੀਂ ਮਿਲਦਾ ਤਦ ਮੈਂ ਆਪ ਕਈ ਵੇਰੀ ਤੀਬਰ ਇੱਛਾ ਕੀਤੀ ਹੈ ਕਿ ਕਾਸ਼ ਗੁਲਾਮੀ ਹੁੰਦੀ। ਮੈਂ ਆਪਣਾ ਆਪ ਵੇਚ ਕੇ ਪਿਆਰਿਆਂ ਦੀ ਸੇਵਾ ਕਰ ਸਕਦਾ। ਸਰੀਰ ਦੇ ਮਾਸ ਦਾ ਮੁਲ ਤਾਂ ਪੈਂਦਾ ਜੇ ਮਨ ਦੇ ਗੁਣਾਂ ਦਾ ਗਾਹਕ ਕੋਈ ਨਾ ਨਿਕਲਿਆ ।'



ਇਕ ਨਹੀਂ ਦੋ ਨਹੀਂ, ਪ੍ਰੋ: ਪੂਰਨ ਸਿੰਘ ਜੀ ਦੇ ਹਰਲੇਖ ਵਿਚੋਂ ਇਹੀ ਗਲ ਮਿਲੇਗੀ। ਲੋਕ ਕੌਮੀ ਗੀਤ ਗਾ ਗਾ ਤੇ ਸੁਣਾ ਸੁਣਾ ਦੇਸ਼ ਪਿਆਰ ਪੈਦਾ ਕਰਦੇ ਫਿਰਨ। ਪ੍ਰੋ: ਪੂਰਨ ਸਿੰਘ ਜੀ ਆਪਣੀ ਜਾਤੀ ਰਾਏ ਰਖਦੇ ਹਨ ਅਤੇ ਨਿਧੜਕ ਕਹਿੰਦੇ ਹਨ:–

'ਕਿਹਾ ਹਾਸੇ ਹੀਣਾ, ਕੂੜ ਜਿਹਾ, ਸਚ ਮੰਨਿਆ ਜਾਂਦਾ ਹੈ ਤੇ ਲੋਕੀ ਸਮਝਦੇ ਹਨ ਕਿ ਕੌਮੀ ਗੀਤ ਤੇ ਦੇਸ਼-ਪਿਆਰ ਦੇ ਟਪੇ ਬਣਾ ਕੇ ਗਾਉਣ ਨਾਲ ਇਸ ਦੇਸ਼ ਵਿਚ ਵਤਨ ਦਾ ਪਿਆਰ ਉਪਜੇਗਾ। ...... ...ਗੀਤ ਜਿਹੜੇ ਜਿੰਦ ਪਾਂਦੇ ਹਨ ਉਹ ਇਸ ਤਰ੍ਹਾਂ ਤੁਕ ਬੰਦੀ ਦੀ ਵਾਕ ਰਚਨਾ ਤਾਂ ਨਹੀਂ ਹੁੰਦੇ। ਉਹ ਤਾਂ ਜੀਉਂਦੇ ਲੋਕਾਂ ਦੇ ਤੀਬਰ ਵਚਨ ਹੁੰਦੇ ਹਨ ਜਿਹੜੇ ਲਗੇ ਬਾਣਾਂ ਵਾਂਗ ਦਿਲ ਨੂੰ ਘਾਇਲ ਕਰਦੇ ਜਾਂਦੇ ਹਨ।"

ਮਜ਼੍ਹਬਾਂ ਦੀ ਗਿਣਤੀ ਵਧਾਉਣ ਵਾਲੇ ਪਰਬੰਧਕ ਕਿਉਂ ਨਾ ਉਨ੍ਹਾਂ ਨਾਲ ਗੁਸੇ ਹੋਣਗੇ ਜਦੋਂ ਪੜ੍ਹਨਗੇ–

'ਮਜ਼੍ਹਬ ਦਾਤ ਹੈ। ..........ਇਹ ਸਕੂਲਾਂ ਵਿਚ ਪੜ੍ਹਾਇਆ ਨਹੀਂ ਜਾ ਸਕਦਾ। ਇਹ ਉਪਦੇਸ਼ਕਾਂ ਦੇ ਵਖਿਆਨਾਂ ਨਾਲ ਸਿਖਾਇਆ ਨਹੀਂ ਜਾ ਸਕਦਾ, ਇਹ ਮੌਲ-ਵੀਆਂ, ਮੌਲਾਣਿਆਂ, ਪਾਦਰੀਆਂ ਤੇ ਭਾਈਆਂ ਦੇ ਮਜ਼੍ਹਬੀ ਪੋਥੀਆਂ ਦੀਆਂ ਵਾਅਜ਼ਾਂ ਨਾਲ ਸਮਝ ਆ ਨਹੀਂ

ਸਕਦੀ। ਹਾਰ ਕੇ ਜਦ ਮਨੁਖ ਨਹੀਂ ਬਣਾ ਸਕਦੇ, ਇਹ ਵਿਚਾਰੇ ਹਸਪਤਾਲ ਤੇ ਯਤੀਮਖਾਨੇ ਤੇ ਸਕੂਲ ਤੇ ਗਿਰਜੇ ਖੋਲ੍ਹਣ ਦੀ ਕਰਦੇ ਹਨ।'

ਲੋਕ ਸਿੱਖਾਂ ਨੂੰ ਬੁਤ-ਪੂਜ ਤੇ ਵਹਿਮੀ ਪਏ ਆਖਣ, ਮਜ਼੍ਹਬ ਨੂੰ ਵਾਧੂ ਤੇ ਬੇਲੋੜਾ ਆਖ ਆਖ ਆਪਣੇ ਆਪ ਲਈ ਖੂਹ ਦਾ ਡੱਡੂ ਹੋਣ ਦਾ ਸਬੂਤ ਪਏ ਦੇਣ। ਪ੍ਰੋਫੈਸਰ ਪੂਰਨ ਸਿੰਘ ਜੀ ਇਨ੍ਹਾਂ ਨੂੰ 'ਜਪਾਨੀ ਨਾਇਕਾ' ਦੀ ਜੀਵਨ ਕਥਾ ਸੁਣਾ ਕੇ ਆਪਣੇ 'ਦਿਲ ਦਰਿਆ ਸਮੁੰਦਰੋਂ ਡੂੰਘੇ' ਦੀਆਂ ਲਹਿਰਾਂ ਨਾਲ ਇਉਂ ਇਸ਼ਨਾਨ ਕਰਾ ਸਕਦੇ ਹਨ–

'ਇਹ ਕਥਾ ਪੜ੍ਹ ਕੇ ਕੌਣ ਕਹਿ ਸਕਦਾ ਹੈ ਕਿ ਮਜ਼੍ਹਬ ਕੋਈ ਚੀਜ਼ ਨਹੀਂ ਤੇ ਪੰਜਾਬ ਦੇ ਸਿੱਖਾਂ ਨੂੰ ਜੋ ਦਸਵੇਂ ਪਾਤਸ਼ਾਹ ਆਪਣੀਆਂ ਨਿਸ਼ਾਨੀਆਂ ਤੇ ਆਪਣਾ ਵਚਨ ਗੁਰੂ ਗ੍ਰੰਥ ਸਾਹਿਬ ਦੇ ਗਏ ਹਨ ਉਨ੍ਹਾਂ ਦੀ ਪੂਜਾ, ਸੱਚੀ ਪੂਜਾ ਕੋਈ ਵਹਿਮ ਹੈ ਤੇ ਪਿਆਰੇ ਦੀਆਂ ਨਿਸ਼ਾਨੀਆਂ ਅਗੇ ਜੀਵਨ-ਨਾਚ ਕਰਨਾ ਕਿਸੇ ਤਰ੍ਹਾਂ ਦੇ ਬੁਤ-ਪੂਜਾ ਵਰਗੇ ਵਹਿਮ ਹਨ।'

ਪਰ ਨਿਰੇ ਫੋਕੇ ਸ਼ਰਈਆਂ ਲਈ ਉਨ੍ਹਾਂ ਪਾਸ ਹੇਠ ਲਿਖੀ ਸਨਦ ਹੈ ਜੋ ਉਨ੍ਹਾਂ ਦੇ ਹੀ ਨਾਂ ਤੇ ਰਜਿਸਟਰਡ ਹੈ–

'ਜੇਹੜੇ ਇਹੋ ਜਿਹੀਆਂ ਗੱਲਾਂ ਕਰਦੇ ਹਨ ਜਾਂ ਪਾਪ ਪੁੰਨ ਦੀਆਂ ਬਹਿਸਾਂ ਕਰ ਕਰ ਕੇ ਕੋਈ ਨੇਮ ਤੇ



ਅਸੂਲ ਕਾਇਮ ਕਰਦੇ ਹਨ ਉਨ੍ਹਾਂ ਨੇ ਜੀਵਨ ਦੇ ਟੁਖਾਂ ਦੇ ਹੜ੍ਹ ਨਹੀਂ ਤਕੇ।

ਪਰ ਹਾਏ, ਉਹ ਦਿਲ ਦਾ ਨਾਚ ਹੋਵੇ, ਉਹ ਰੀਝ ਹੋਵੇ, ਉਹ ਸਾਰੀ ਉਮਰ ਦੀ ਲਗਾਤਾਰ ਤੀਬਰਤਾ ਹੋਵੇ।'

ਮਿਤਰਤਾ ਤੇ ਪਿਆਰ ਜਿਹੇ ਪੁਰਾਣੇ ਤੇ ਰੋਜ਼ ਵਰਤੀਦੇ ਮਜ਼ਮੂਨਾਂ ਬਾਬਤ ਭੀ ਪ੍ਰੋਫੈਸਰ ਜੀ ਦੇ ਆਪਣੇ ਜਾਤੀ ਖਿਆਲ ਹਨ। ਸਾਰਾ ਜਹਾਨ ਗੁਣਾਂ ਦੀ ਮਿਤਰਤਾ ਢੂੰਡਦਾ ਹੈ। ਗੁਣਾਂ ਦੀ ਸਾਂਝ ਦਾ ਉਪਦੇਸ਼ ਕਰਦਾ ਹੈ। ਮਨ ਤੇ ਖਿਆਲਾਂ ਦੇ ਮੇਲ ਤੋਂ ਮਿਤਰਤਾ ਦਸਦਾ ਹੈ। ਪਰ ਪ੍ਰੋਫੈਸਰ ਪੂਰਨ ਸਿੰਘ ਜੀ ਹੋਰ ਤਰ੍ਹਾਂ ਦੀ ਹੀ ਸਾਂਝ ਮੰਗਦੇ ਹਨ। ਉਨ੍ਹਾਂ ਦੀਆਂ ਸਤਰਾਂ ਪੜ੍ਹ ਕੇ 'ਸਿਦਕ ਆ ਮੁਹਾਰਾ ਆਉਂਦਾ ਹੈ, ਮਨ ਮੰਨ ਜਾਂਦਾ ਹੈ ਕਿ ਇਹੀ ਸਚ ਹੈ। ਆਪ ਆਖਦੇ ਹਨ:–

'ਕੀ ਗੁਨਾਹਗਾਰਾਂ ਦੀ ਖੁਦਗਰਜ਼ੀ ਵਾਲੀ ਮਿਤਰਤਾ ਤੇ ਕੀ ਉਨ੍ਹਾਂ ਲੋਕਾਂ ਦੀ ਮਿਤਰਤਾ ਜਿਹੜੀ ਮਨ ਤੇ ਸਰੀਰ ਦੀਆਂ ਹਦਾਂ ਤੇ ਸਰੀਰ ਤੇ ਮਨ ਦੇ ਕਰਮਾਂ ਤੇ ਖਿਆਲਾਂ ਦੀ ਹਦ ਦੀ ਦ੍ਰਿਸ਼ਟੀ ਤੋਂ ਉੱਠੀ ਹੋਵੇ, ਇਕ ਕੂੜ ਹੈ ਜਿਸ ਦੀ ਕੋਈ ਕਦਰ ਨਹੀਂ ਕਰਨੀ ਚਾਹੀਏ।'

'ਹਾਏ ਮੇਰੇ ਔਗੁਣਾਂ ਨੂੰ ਕੌਣ ਪਿਆਰਦਾ ਹੈ? ਇਹ ਚਾਹ ਅੰਦਰੋਂ, ਸਰੀਰ ਤੇ ਮਨ ਦੇ ਪਿਛੋਕੜੋਂ ਉਠਦੀ ਹੈ।'

੨. ਸਾਹਿਤਕ ਲੇਖ ਲਈ ਦੂਜੀ ਸ਼ਰਤ ਇਹ ਰਖੀ ਜਾਂਦੀ ਹੈ ਕਿ ਲੇਖਕ ਆਪਣੇ ਪਾਠਕਾਂ ਨੂੰ ਆਪਣਾ ਭੇਤੀ ਬਣਾ ਲਵੇ ਤੇ ਉਨ੍ਹਾਂ ਨਾਲ ਦਿਲ ਦੀਆਂ ਭੇਤ ਵਾਲੀਆਂ ਗਲਾਂ ਵੀ ਕਰ ਲਵੇ ।

ਇਸ ਨਜ਼ਰ ਨਾਲ ਵੀ ਪ੍ਰੋ: ਪੂਰਨ ਸਿੰਘ ਜੀ ਬਹੁਤ ਅਗੇ ਹਨ। 'ਮਨ ਨਾਲ ਗਲਾਂ' ਵਾਲਾ ਲੇਖ ਇਸ ਦੀ ਡਾਢੀ ਸੋਹਣੀ ਮਿਸਾਲ ਹੈ। ਉਥੇ ਪਾਠਕ ਨੂੰ ਆਪ ਬਹੁਤ ਭੇਤ ਵਾਲੀਆਂ ਗਲਾਂ ਦਸਣ ਲਗ ਪਏ ਹਨ ਤੇ ਇਹ ਭੀ ਨਹੀਂ ਲੁਕਾਇਆ ਕਿ—

'ਪਿਪਲ ਹੇਠ ਜਾਂਦੀ ਸੁੰਦਰੀ ਸਾਨੂੰ ਵੇਖ ਹਸੀ।
.........ਹੁਣ ਸੂਰਗ ਉਸ ਸੁੰਦਰੀ ਦੇ ਨੈਣਾਂ ਵਿਚ ਸੀ।
ਅਗੇ ਅਗੇ ਉਹ ਮਗਰ ਮਗਰ ਅਸੀਂ ।.......ਹੁਣ ਕੇਸ ਧੌਲੇ ਹੋ ਗਏ ਹਨ ਸਰੀਰ ਝੁਰੜੀ ਖਾ ਚੁਕਾ ਹੈ। ਪਰ ਆਪ (ਮਨ) ਇਸਥਿਤ ਹੋ ।.........ਉਹ ਸੁੰਦਰੀ ਜਿਸ ਆਪਣੀ ਜਿੰਦ ਜਾਨ ਅਸਾਥੀਂ ਵਾਰੀ,
.......ਜਦ ਕਦੀ ਬੀਮਾਰ ਹੋਏ ਸਾਰੀਆਂ ਰਾਤਾਂ ਜਾਗੀ।
ਸਾਡੀ ਸੇਵਾ ਲਈ ਤਪ ਸਾਧੇ, ਜੋਗ ਕਮਾਏ ।
ਸਾਰਾ ਜੀਵਨ ਸਾਡੀ ਖਾਤਰ ਹਲਾਲ ਕਰ ਦਿਤਾ।
ਉਹ ਤਾਂ ਸਿੰਨ੍ਹੀਆਂ ਲਕੜਾਂ ਚੁਣ ਰਹੀ ਹੈ ਕਿ ਰਾਤ ਦੀ ਰੋਟੀ ਪੱਕੇ ਤੇ ਆਪ ਸਾਨੂੰ ਮੁੜ ਕਿਸੇ ਨਵੇਂ ਪਿਪਲ ਹੇਠ ਇਕ ਹੋਰ ਖੜੀ ਦੱਸ ਰਹੇ ਹੋ।'



੩. ਇਸ ਗਲ ਨੂੰ ਏਥੇ ਹੀ ਛਡਦੇ ਹੋਏ ਅਸੀਂ ਪਾਠਕਾਂ ਨੂੰ ਪ੍ਰੋ: ਪੂਰਨ ਸਿੰਘ ਜੀ ਦੇ ਲੇਖਾਂ ਦਾ ਇਕ ਹੋਰ ਪਾਸਾ ਵਿਖਾਉਣਾ ਚਾਹੁੰਦੇ ਹਾਂ। ਉਹ ਹੈ 'ਮਸਾਲੇ ਦੀ ਚੋਣ'। ਕਹਿੰਦੇ ਹਨ ਲੇਖਾਂ ਲਈ ਲੇਖਕ ਨੂੰ ਬਹੁਤੀਆਂ ਲੰਮੀਆਂ ਖੋਜਾਂ ਵਿਚ ਨਹੀਂ ਪੈਣਾ ਚਾਹੀਦਾ ਸਗੋਂ ਆਪਣੇ ਮਜ਼ਮੂਨ ਦੇ ਮਹਿਲ ਦੇ ਬਾਹਰ ਬਾਹਰ ਫਿਰ ਕੇ ਹੀ ਜੋ ਕੁਝ ਉਸ ਨੂੰ ਦਿਸ ਪਵੇ, ਉਹੀਂ ਕੁਝ ਉਸ ਲਈ ਬੜਾ ਹੈ। ਜਾਂ ਇਉਂ ਕਹਿ ਲਓ ਕਿ ਲੇਖਕ ਇਕ ਸਮੁੰਦਰ ਵਿਚ ਤਾਰੀ ਲਾ ਰਿਹਾ ਹੈ। ਉਸ ਦੇ ਲਾਗਿਓਂ ਇਕ ਜਹਾਜ਼ ਲੰਘਦਾ ਹੈ। ਜਹਾਜ਼ ਦੇ ਮੁਸਾਫਰ ਫਲਾਂ ਦੀਆਂ ਛਿੱਲਾਂ, ਤੇ ਡਬਿਆਂ ਦੇ ਪਾਟੇ ਕਾਗਜ਼ ਸਮੁੰਦਰ ਵਿਚ ਸੁਟਦੇ ਹਨ। ਬਸ ਇਹ ਬਾਹਰ ਸੁਟੀਆਂ ਚੀਜਾਂ ਲੇਖਕ ਲਈ ਕਾਫੀ ਮਸਾਲਾ ਪੈਦਾ ਕਰ ਦੇਂਦੀਆਂ ਹਨ। ਉਸ ਨੂੰ ਜਹਾਜਾਂ ਦੇ ਅੰਦਰ ਜਾਣ, ਵਖ ਵਖ ਮੁਸਾਫਰਾਂ ਦੇ ਨਾਂ ਜਾਨਣ ਤੇ ਹੋਰ ਲੰਮੇ ਝੰਬੇਲਿਆਂ ਵਿਚ ਪੈਣ ਦੀ ਲੋੜ ਨਹੀਂ ਹੁੰਦੀ।

ਪ੍ਰੋ: ਪੂਰਨ ਸਿੰਘ ਜੀ ਇਸ ਹੁਨਰ ਦੇ ਉਸਤਾਦ ਹਨ। ਇਕ ਨਿਕੀ ਜਿਹੀ ਗਲ ਕਿ 'ਕੋਈ ਗਲ ਤਦ ਹੀ ਪੂਰਾ ਅਸਰ ਕਰਦੀ ਹੈ, ਜਦ ਉਹ ਦਿਲ ਦੀ ਚੀਜ਼ ਬਣੀ ਹੋਵੇ ਤੇ ਅੰਦਰੋਂ ਫੁਟੇ। ਨਿਰੀ ਅਕਲ ਦਾ ਬੰਧਨ ਨਾ ਹੋਵੇ।' ਆਪਦੇ ਬਹੁਤ ਸਾਰੇ ਲੇਖਾਂ ਦਾ ਸਾਰ ਅੰਸ ਹੈ। ਪਿਆਰ, ਕਵਿਤਾ, ਮਜ਼੍ਹਬ, ਆਰਟ, ਸਾਹਿਤ ਤੇ ਵਤਨ ਦਾ ਪਿਆਰ

ਆਦਿਕ ਲੇਖਾਂ ਵਿਚ ਪਾਠਕ ਇਸ ਖਿਆਲ ਨਾਲ ਪ੍ਰੋਫੈਸਰ ਜੀ ਦੀ 'ਮਿਤਰਤਾ' ਦੇਖ ਸਕਦੇ ਹਨ। ਪਰ ਇਸ ਦਾ ਭਾਵ ਇਹ ਨਹੀਂ ਕਿ ਨਿਰਾ ਇਹੀ ਖਿਆਲ ਸਭ ਲੇਖਾਂ ਵਿਚ ਹੈ। ਨਾ ਹੀ ਸਾਡਾ ਇਹ ਖਿਆਲ ਹੈ ਕਿ ਪ੍ਰੋਫੈਸਰ ਜੀ ਇਕੋ ਖਿਆਲ ਨੂੰ ਮੁੜ ਮੁੜ ਲਿਖਦੇ ਹਨ। ਹਰ ਲੇਖ ਆਪਣੇ ਆਪ ਵਿਚ ਨਵੀਨਤਾ ਰਖਦਾ ਹੈ। ਸਾਨੂੰ ਉਹ ਕੁਝ ਵਿਖਾਉਂਦਾ ਹੈ ਜੋ ਰੋਜ ਸਾਹਮਣੇ ਪਿਆ ਹੁੰਦਿਆਂ ਭੀ ਅਸੀਂ ਨਹੀਂ ਸਾਂ ਦੇਖ ਸਕੇ।

ਹੋਰ ਤਾਂ ਹੋਰ, ਪਿਆਰ ਤੇ ਮਿਤਰਤਾ ਵਰਗੇ ਰਲਦੇ ਮਿਲਦੇ ਲੇਖਾਂ ਵਿਚ ਭੀ ਬਹੁਤ ਕੁਝ ਵਖੋ ਵਖਰਾ ਹੈ। ਜੇ ਕਿਤੇ ਉਹੀ ਗਲ ਦੁਬਾਰਾ ਕਹਿਣੀ ਪਈ ਹੈ ਤਾਂ ਬੋਲੀ ਵਿਚ ਜ਼ਰੂਰ ਨਵੀਨਤਾ ਆ ਗਈ ਹੈ। ਇਸ ਦਾ ਕਾਰਨ ਇਹੀ ਹੈ ਕਿ ਉਹ ਬਣਾਵਟ ਨਾਲ ਨਹੀਂ ਲਿਖਦੇ। ਉਨ੍ਹਾਂ ਨੂੰ ਤਾਂ 'ਸ਼ੈਲੇ' ਦੀ 'ਫਿਲਾਸਫੀ ਆਫ ਲਵ' ਦਾ ਅੰਦਾਜ਼ ਪਤਾ ਹੈ ਤੇ 'ਉਹ ਐਸਾ ਹੈ ਕਿ ਜੇ ਪੁਠੇ ਸਿਧੇ ਲਫਜ ਵੀ ਰਖ ਦਿਤੇ ਜਾਣ ਤਾਂ ਵੀ ਉਸ ਮਾਖਿਓਂ ਨਾਲ ਹੋਠ ਜਰੂਰ ਜੁੜ ਜਾਂਦੇ ਹਨ।'

ਆਓ ਹੁਣ ਪੜਚੋਲੀਆਂ ਵਾਲੀਆਂ ਘੁੰਤਰਾਂ ਛਡ ਕੇ ਪ੍ਰੋਫੈਸਰ ਪੂਰਨ ਸਿੰਘ ਜੀ ਦੇ ਨਾਲ ਅਸੀਂ ਵੀ ਸਮੁੰਦਰ ਦੀ ਸੈਰ ਕਰੀਏ ਤੇ ਵੇਖੀਏ ਕਿ ਉਹ ਕਿਹੜੀਆਂ ਸਿਪੀਆਂ ਤੇ ਘੋਗੇ ਹਨ ਜਿਨ੍ਹਾਂ ਵਿਚੋਂ ਇਹ ਮੋਤੀ ਬਣ ਗਏ ਹਨ। ਉਹ ਕੇਹੜੇ ਸੰਖ ਹਨ ਜਿਨ੍ਹਾਂ ਵਿਚ ਫੂਕ ਮਾਰ ਕੇ ਪ੍ਰੋਫੈਸਰ



ਪੂਰਨ ਸਿੰਘ ਨੇ ਉਨ੍ਹਾਂ ਨੂੰ ਪੂਜਣ ਯੋਗ ਤੇ ਅਵਾਜ਼ ਸੁਣਨ ਵਾਲਿਆਂ ਨੂੰ ਪੂਜਾਰੀ ਬਣਾ ਦਿਤਾ ਹੈ। ਸ਼ਾਇਦ ਮੈਂ ਖਿਆਲਾਂ ਨੂੰ ਸਿਪੀਆਂ ਘੋਗੇ ਕਹਿ ਕੇ ਉਚੇ-ਖਿਆਲਾਂ ਦੀ ਹਤਕ ਕਰ ਰਿਹਾ ਹਾਂ। ਮੇਰਾ ਖਿਆਲ ਹੈ ਕਿ ਉਹੀ ਖਿਆਲ ਮੋਤੀ ਬਣਦੇ ਹਨ, ਜਿਨ੍ਹਾਂ ਨੂੰ ਚੰਗੇ ਕਾਰੀਗਰ ਦੇ ਹਥ ਲਗਣ ਤੇ ਚੰਗੀ ਬੋਲੀ ਦੀ ਚਮਕ ਮਿਲ ਜਾਏ। ਨਹੀਂ ਤਾਂ ਪਥਰਾਂ ਵਿਚ ਪਏ, ਪਥਰ ਰੂਪ ਹੋਏ ਉਹ ਲਾਲ 'ਗੁਝੇ-ਰਤਨ' ਹੀ ਰਹਿੰਦੇ ਹਨ।

ਹਛਾ, ਜੇ ਪਾਠਕਾਂ ਦਾ ਦਿਲ ਇਉਂ ਨਹੀਂ ਮੰਨਦਾ, ਤਾਂ ਉਹ ਜਾਣੇ, ਮੈਂ ਇਉਂ ਕਹਿ ਦੇਂਦਾ ਹਾਂ ਕਿ ਆਓ ਤੱਕੀਏ ਕਿ ਉਸ ਤਜਰਬੇ ਤੇ ਦਿਲੀ ਵਲਵਲੇ ਦੇ ਸ਼ਹੁ ਸਮੁੰਦਰ ਦੀ ਤਹਿ ਵਿਚੋਂ ਨਿਕਲੇ ਮੋਤੀ ਕਿਹੜੇ ਹਨ ਤੇ ਉਨ੍ਹਾਂ ਨੂੰ ਇਸ ਜਵਾਹਰੀ ਨੇ ਕਿਵੇਂ ਘੜਿਆ ਹੈ ਤੇ ਕਿਵੇਂ ਉਨ੍ਹਾਂ ਦੀ ਦੱਖ ਦੂਣੀ ਚੌਣੀ ਕਰ ਦਿਤੀ ਹੈ।

ਸਭ ਤੋਂ ਪਹਿਲਾਂ ਸਾਨੂੰ ਭੀ ਪ੍ਰੋ: ਪੂਰਨ ਸਿੰਘ ਜੀ ਜਿਹੇ ਮਰਜੀਵੜੇ ਵਾਂਗ, ਇਸ ਸਮੁੰਦਰ ਦੇ ਉਸ ਹਿਸੇ ਵਿਚ ਟੁਭੀ ਮਾਰਨੀ ਚਾਹੀਦੀ ਹੈ, ਜਿਥੋਂ ਸਭ ਨੂੰ ਕੁਝ ਨਾ ਕੁਝ ਲਭਦਾ ਹੈ ਤੇ ਜਿਥੇ ਸਭੇ ਪਹਿਲਾਂ ਪਹਿਲ ਗੋਤੇ ਖਾਂਦੇ ਹਨ। ਉਸ ਦਾ ਨਾਂ ਹੈ ਪਿਆਰ ਤੇ ਉਸ ਦੇ ਨਾਲ ਹੀ ਦੋ ਨਿਕੀਆਂ ਨਿਕੀਆਂ ਸਮੁੰਦਰੀ ਰਿਆਸਤਾਂ ਹੋਰ ਹਨ, ਮਿਤਰਤਾ ਤੇ ਦੇਸ਼ ਪਿਆਰ।

ਪੈਂਦਾ ਹੈ, 'ਇਹ ਨਹੀਂ ਮੋਹ ਨਜ਼ਾਰੇ ਦਿਸਦੇ ਇਹ ਕੋਈ ਰਮਜ਼ ਛੁਪਾਵਨ।' ਜਿਵੇਂ ਲੈਲਾ ਮਜਨੂੰ ਤੇ ਹੀਰ ਰਾਂਝੇ ਦੀ ਹਾਲਤ ਵਿਚ ਹੋਇਆ।

(੬) ਪਿਆਰ ਅੰਦਰ ਆਉਣ ਨਾਲ ਸਾਡੀ 'ਪਸੂ-ਬ੍ਰਿਤੀ' ਨਾਸ ਹੋ ਜਾਂਦੀ ਹੈ ਤੇ ਅਸੀਂ ਪਵਿਤਰ ਤੇ ਨੇਕ ਹੋ ਜਾਂਦੇ ਹਾਂ। ਪਿਆਰ ਸਭ ਗੁਣਾਂ ਦਾ ਮੂਲ ਹੈ, ਇਸੇ ਲਈ ਹੁਕਮ ਹੈ,

'ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ'

(੭) ਪਿਆਰ ਨਿਰਾ ਸਰੀਰਕ ਨਹੀਂ ਤੇ ਨਾ ਨਿਰਾ ਰੂਹਾਨੀ ਹੈ। ਗੁਲਾਬ ਦੇ ਫੁੱਲ ਵਾਂਗ ਇਹ ਪਹਿਲਾਂ ਬਾਹਰੋਂ ਹੀ ਆਪਣੀ ਖੁਰਾਕ ਕਠੀ ਕਰਦਾ ਹੈ ਤੇ ਆਪਣਾ ਅੰਦਰ ਭਰ ਲੈਂਦਾ ਹੈ। ਫਿਰ *ਖੁਸ਼ਬੋ ਤੇ ਖੇੜਾ ਅੰਦਰ ਦੀ ਚੀਜ਼ ਬਣ ਬਣ ਕੇ ਬਾਹਰ ਫੁਟ ਫੁਟ ਪੈਂਦੀ ਹੈ। ਇਵੇਂ ਪਿਆਰ ਸਰੀਰ ਤੋਂ ਸ਼ੁਰੂ ਹੁੰਦਾ ਹੈ। ਦਿਲ ਦੀ ਚੀਜ਼ ਬਣ ਕੇ ਸਰੀਰ ਰਾਹੀਂ ਹੀ ਪਰਗਟ ਹੁੰਦਾ ਹੈ। ਜਿਵੇਂ ਰਾਗ ਤੇ ਸਾਹਿਤ ਚੀਜਾਂ ਰੂਹ ਦੀਆਂ ਹਨ ਪਰ ਸਰੀਰ ਦੀ ਮਦਦ ਬਿਨਾਂ ਇਹ ਰੂਹ ਤਕ ਅਪੜਦੀਆਂ ਨਹੀਂ,

ਮਿਤਰਤਾ ਦੀ ਡੂੰਘੀ ਨਦੀ ਵਿਚ ਚੁਬੀ ਲਾ ਕੇ ਪ੍ਰੋਫੈਸਰ ਜੀ ਕੋਈ ਨਿਰਾਲੀ ਹੀ ਚੋਣ ਕਰ ਲਿਆਏ ਹਨ:-

*ਦੇਖੋ ਬਿਜਲੀਆਂ ਦੇ ਹਾਰ ਵਿਚ 'ਗੁਲਾਬ ਦਾ ਫੁਲ'।



(੧) *ਮਿਤਰਤਾ ਰੂਪ, ਚੰਮ, ਹਡ, ਖੁਦਗਰਜੀ, ਖਿਆਲ ਦੇ ਮੇਲ ਤੇ ਗੁਣਾਂ ਦੀ ਹਦ ਤੋਂ ਲੰਘ ਕੇ ਆਉਂਦੀ ਹੈ। ਜਿਚਰ ਤਕ ਇੰਨੀ ਕੁ ਖੁਦਗਰਜੀ ਭੀ ਹੈ ਕਿ ਮਿਤਰਤਾ ਤੋਂ ਖੁਸ਼ੀ ਹੁੰਦੀ ਹੈ ਤੇ ਖੁਸ਼ੀ ਬਦਲੇ ਮਿਤਰਤਾ ਹੈ, ਉਚਰ ਉਹ ਮਿਤਰਤਾ ਉਚ ਕੋਟੀ ਦੀ ਨਹੀਂ।

(੨) ਜੇ ਫੁਲਾਂ ਤੇ ਬਚਿਆਂ ਆਦ ਦੀ ਮਿਤਰਤਾ ਸਾਨੂੰ ਨਸੀਬ ਨਾ ਹੋਵੇ ਤਾਂ ਜੀਵਨ ਬਿਲਕੁਲ ਰੁੱਖਾ ਹੋ ਜਾਵੇ।

(੩) ਮਾਂ ਦੀ ਮਿਤਰਤਾ ਸਭ ਤੋਂ ਉੱਚੀ ਹੈ। ਇਸਤ੍ਰੀ ਭਰਤੇ ਦੀ ਮਿਤਰਤਾ ਪਹਿਲਾਂ ਤਾਂ ਖੁਦਗਰਜੀ ਵਾਲੀ ਹੁੰਦੀ ਹੈ ਪਰ ਹੌਲੀ ਹੌਲੀ ਉਹ ਖੁਦਗਰਜੀ ਦੀਆਂ ਹਦਾਂ ਤੋਂ ਉਤੇ ਲੰਘ ਜਾਂਦੀ ਹੈ।

(੪) ਮਿਤਰਤਾ ਵੀ ਰਬੀ ਦਾਤ ਹੈ ਜੋ ਨਿਯਮਾਂ ਨਾਲ ਨਹੀਂ ਆਉਂਦੀ।

ਦੇਸ਼ ਪਿਆਰ ਉਤੇ ਵਿਚਾਰ ਕਰਦੇ ਹੋਏ ਪਿਛੇ ਦਸੀਆਂ ਜਾ ਚੁਕੀਆਂ ਦੋ ਤਿੰਨ ਗਲਾਂ ਤੋਂ ਬਿਨਾਂ ਦੋ ਖਿਆਲ

*ਕਿਉਂ ਤਕਨਾਂ ਏਂ ਬੁਲ੍ਹ ਵੇ ? ਮਿਸਰੀ ਮਿਠੀ ਜਾਨ।
ਤਾਂ ਤੂੰ ਚਸਕੇ ਮਾਰਿਆ, ਰਸੀਆ ਨਹੀਂ ਸੁਜਾਨ।
ਕਿਉਂ ਤਕਨਾਂ ਏਂ ਬੁਲ੍ਹ ਵੇ ? ਏ ਯਾਕੂਤਾਂ ਖਾਨ।
ਤਾਂ ਤੂੰ ਲਭੀ ਲੋਭੀਆ, ਰਸੀਆ ਨਹੀਂ ਸੁਜਾਨ।
(ਬਿਜਲੀਆਂ ਦੇ ਹਾਰ ਵਿਚੋਂ)

ਹੋਰ ਡਾਢੇ ਟਿਕਾਣੇ ਦੇ ਸੁਝਾਉਂਦੇ ਹਨ:-

(੧) *ਐਸ਼ ਤੇ ਮੌਜ ਦੀ ਜ਼ਿੰਦਗੀ ਵਿਚ ਗਲਤਾਨ ਕੌਮ ਮੁਰਦਾ ਹੋ ਜਾਂਦੀ ਹੈ ਤੇ ਉਸ ਦੇ ਅੰਦਰ ਦੇਸ਼ ਪਿਆਰ ਜਗਾਉਣ ਲਈ ਸਦੀਆਂ ਚਾਹੀਦੀਆਂ ਹਨ। ਨਿਰੇ ਕੌਮੀ ਗੀਤ ਤੇ ਨਿਰਾ ਖੱਦਰ, ਜਿਚਰ ਉਹ ਦਿਲ ਦੇ ਵਲਵਲੇ ਤੇ ਸਾਦਗੀ ਦੀ ਭੁਖ ਨਹੀਂ ਬਣਦੇ, ਦੇਸ਼ ਪਿਆਰ ਨਹੀਂ ਜਗਾ ਸਕਦੇ। ਜਿਵੇਂ ਦੇਸ਼ ਪਿਆਰ ਪੈਦਾ ਕਰਨ ਲਈ ਸਦੀਆਂ ਦੀ ਲੋੜ ਹੈ ਤਿਵੇਂ ਹੀ ਕਿਸੇ ਦੇਸ਼ ਵਿਚੋਂ ਦੇਸ਼ ਪਿਆਰ ਮਾਰਨ ਲਈ ਭੀ ਸਦੀਆਂ ਲੋੜੀਦੀਆਂ ਹਨ।

(੨) ਦੇਸ਼ ਪਿਆਰ ਦਾ ਮੁਢ ਘਰ ਤੋਂ ਬਝੇਗਾ। ਜਦ ਘਰ ਵਿਚ ਨਮੂਨੇ ਦੀ ਉੱਚੀ ਮਿਤਰਤਾ ਹੋਵੇਗੀ ਤਾਂ ਉਹ ਪਿੰਡ, ਸ਼ਹਿਰ, ਜਿਲਾ ਸੂਬਾ ਤੇ ਇਉਂ ਹੌਲੀ ਹੌਲੀ ਉਹ ਦੇਸ ਜਿੱਥੇ ਉਹ ਸੋਹਣਾ ਘਰ ਹੈ ਆਪੇ ਪਿਆ ਪਿਆਰਾ ਲਗੇਗਾ।

ਇਹ ਇੱਕ ਮੰਨੀ ਪਰਮੰਨੀ ਗਲ ਹੈ ਕਿ ਪਿਆਰ, ਮਿਤਰਤਾ ਤੇ ਦੇਸ਼ ਪਿਆਰ ਆਦਿਕ ਉਚ ਵਲਵਲੇ ਹੀ ਕਵਿਤਾ, ਆਰਟ ਤੇ ਸਾਹਿਤ ਦੀ ਉਤਪਤੀ ਦੇ ਕਾਰਨ ਹੁੰਦੇ ਹਨ। ਸੋ ਆਓ ਹੁਣ ਵੇਖੀਏ ਕਿ ਪਿਆਰ ਬਾਬਤ ਇਹ ਖਿਆਲ ਰਖਣ ਵਾਲੇ ਅਲਬੇਲੇ ਲੇਖਕ ਪਾਸ ਕਵਿਤਾ, ਕਵੀ ਦਾ ਦਿਲ, ਆਰਟ ਤੇ ਸਾਹਿਤ ਬਾਬਤ ਕੀ ਖਿਆਲ ਹਨ।

*ਦੇਖੋ ਅਟਿਕ ਵਾਲੀ ਕਵਿਤਾ ਬਿਜਲੀਆਂ ਦੇ ਹਾਰਵਿਚ।



## ਕਵਿਤਾ—

(੧) ਪਿਆਰ ਤੇ ਰੱਬੀ-ਪ੍ਰੇਮ ਵਿਚ ਮਸਤ ਤੇ ਗੜੂੰਦ ਹੋਏ ਲੋਕਾਂ ਦੇ ਦਿਲਾਂ ਵਿਚੋਂ ਸਮੇਂ ਸਮੇਂ ਜੋ ਫੁਟਦਾ ਹੈ ਉਹੀ ਕਵਿਤਾ ਹੈ, ਉਹੀ ਸਾਹਿਤ ਹੈ ਤੇ ਉਹੀ ਆਰਟ।

(੨) *ਕਵਿਤਾ ਵਾਲੀ ਹਾਲਤ ਮਸਤੀ ਵਾਲੀ ਹਾਲਤ ਹੈ, ਜਿਸ ਮਸਤੀ ਦੇ ਰੰਗ ਵਿਚ ਇਨਸਾਨ ਕੋਮਲ ਤੋਂ ਕੋਮਲ ਭਾਵਾਂ ਨਾਲ ਆਪਣੇ ਆਪ ਨੂੰ ਇਕ ਹੋਇਆ ਵੇਖਦਾ ਹੈ। ਉਸ ਲਈ ਸੁਹਪਣ ਹੀ ਸੁਹਪਣ ਹੋ ਜਾਂਦਾ ਹੈ। ਕਵੀ ਦੀ ਹਰ ਹਰਕਤ ਮਸਤੀ ਦਾ ਘਰ ਬਣ ਜਾਂਦੀ ਹੈ।

(੩) ਕਵਿਤਾ ਆਰਟ ਤੇ ਸਾਹਿਤ ਦੀ ਹਾਲਤ ਮਨ ਤੇ ਲਿਆਉਣ ਲਈ ਜ਼ਰੂਰੀ ਹੈ—(੧) ਪਿਆਰ (੨) ਜੀਵਨ ਦੇ ਦੁਖਾਂ ਦੇ ਹੜ੍ਹ ਤੇ ਉਨ੍ਹਾਂ ਨੂੰ ਅੰਦਰੇ ਅੰਦਰ ਸਹਿਣਾ। (੩) ਇਸ ਨਾਲੋਂ ਚੰਗੀ ਤੇ ਸੋਹਣੀ ਦੁਨੀਆਂ ਮੰਨਣੀ (੪) ਦੁਨੀਆਂ ਦੇ ਝੰਬੇਲਿਆਂ ਤੇ ਖਾਹਸ਼ਾਂ ਤੋਂ ਉਪਰ ਹੋਣਾ। (੫) ਆਪਣੇ ਕੰਮ ਵਿਚ ਵਸਣਾ ਤੇ ਲੋਕਾਚਾਰੀ ਦੇ ਨਿਯਮਾਂ ਦੀ ਪਰਵਾਹ ਨਾ ਕਰਨੀ।

(੪) ਕਵੀਆਂ ਦੇ ਬਚਨ ਸਾਨੂੰ ਉਨ੍ਹਾਂ ਰੰਗਾਂ ਵਿਚ ਲੈ

*ਤੇਰੇ ਥਾਉਂ ਕਿਸੇ ਨਦੀ ਕਿਨਾਰੇ, ਤੇਰੇ ਥਾਉਂ ਕਿਸੇ ਜੰਗਲ ਬੇਲੇ
ਤੇਰਾ ਕੰਮ ਉਚੇ ਅਰਸ਼ਾਂ ਤੇ ਉਡਣਾ ਅਤੇ ਗਾਂਦਿਆਂ ਫਿਰਨ ਅਕੇਲੇ
(ਮਟਕ ਹੁਲਾਰੇ)

ਜਾਂਦੇ ਹਨ ਜਿਨ੍ਹਾਂ ਰੰਗਾਂ ਵਿਚ ਆ ਕੇ ਕਵੀਆਂ ਨੇ ਉਹ ਲਿਖੇ ਹੁੰਦੇ ਹਨ। ਪਰ ਇਹ ਪੂਰਾ ਅਸਰ ਸਾਫ ਮਨਾਂ ਤੇ ਹੀ ਹੋ ਸਕਦਾ ਹੈ।

(੫) ਅਸਲੀ ਕਵਿਤਾ ਤੇ ਸਾਹਿਤ ਆਪਣੀ ਬੋਲੀ ਵਿਚ ਹੀ ਹਰ ਕੋਈ ਪੈਦਾ ਕਰ ਸਕਦਾ ਹੈ।

(੬) ਕਵਿਤਾ ਬੜੀ ਤਾਕਤ ਵਾਲੀ ਤੇ ਜੁਗ ਪਲਟਾਊ, ਧੀਰਜ-ਦਾਤੀ ਤਾਕਤ ਹੈ। ਬਹੁਤ ਉਚੇ ਤੇ ਸਮਝੋਂ ਪਾਰ ਵਸਣ ਵਾਲੇ ਖਿਆਲਾਂ ਨੂੰ ਸਾਦਾ ਤੇ ਸਮਝ ਗੋਚਰਾ ਬਣਾ ਲੈਣਾ ਤੇ ਮੁੜ ਉਨ੍ਹਾਂ ਨੂੰ ਉਤਨੇ ਹੀ ਵਡੇ ਤੇ ਵਿਸ਼ਾਲ ਬੜਾ ਵਿਖਾਉਣਾ ਕਵੀਆਂ ਦਾ ਹੀ ਕੰਮ ਹੈ।

## ਕਵੀ ਦਾ ਦਿਲ–

(੧) ਇਹ ਕਰਾਮਾਤ ਉਹੀ ਕਵੀ ਕਰ ਸਕਦੇ ਹਨ, ਜਿਨ੍ਹਾਂ ਦੇ ਦਿਲ ਵਿਚ ਬਹੁਤ ਕੁਝ ਛੁਪਿਆ ਪਿਆ ਹੋਵੇ। ਇਹ ਲੁਕੇ ਕੌੜੇ ਤਜਰਬੇ ਜਰੂਰੀ ਹਨ।

(੨) ਕਵੀ ਦੇ ਦਿਲ ਵਿਚ ਇਕ ਅਜੇਹੀ ਕਰਾਮਾਤ ਹੈ ਕਿ ਉਹ ਆਪਣੀ ਮਿਥਣ-ਸ਼ਕਤੀ ਨਾਲ ਆਪਣੇ ਅੰਦਰ ਸਾਰੀ ਦੁਨੀਆਂ ਦੇ ਝਾਂਵਲੇ ਤਕ ਸਕਦਾ ਹੈ। ਇਹ ਗਲ ਤਾਂ ਜਾਮੇ-ਜਮ ਵਿਚ ਵੀ ਸੀ। ਕਵੀ ਦੇ ਦਿਲ ਅੰਦਰ ਇਸ ਤੋਂ ਵੱਡੀ ਕਰਾਮਾਤ ਹੈ। ਉਹ ਦੁਨੀਆਂ ਦੇ ਪਰਛਾਵੇਂ ਨੂੰ ਜਾਣ ਨਹੀਂ ਦੇਂਦਾ, ਸਗੋਂ ਉਸ ਵਿਚੋਂ ਸੁਹਣਪ ਸੁਹਣਪ



ਰਖ ਲੈਂਦਾ ਹੈ। ਫਿਰ ਉਹ ਸੁਹਣਪ ਕਿਣਕੇ ਕਿਣਕੇ ਹੋ ਜਾਂਦਾ ਹੈ ਤੇ ਉਹ ਕਿਣਕੇ ਕਿਸੇ ਨਵੇਂ ਢੰਗ ਨਾਲ ਜੁੜ ਕੇ ਨਵੇਂ ਚਿਤਰ ਤੇ ਨਵੀਂ ਰਚਨਾ ਹੋ ਜਾਂਦੀ ਹੈ। ਇਉਂ ਉਸ ਦੇ ਅੰਦਰ ਬਣੇ ਚਿਤਰਾਂ ਦੀਆਂ ਕਿਸੇ ਕਿਸੇ ਵੇਲੇ ਨਕਲਾਂ ਬਾਹਰ ਆਉਂਦੀਆਂ ਹਨ।

(੩) ਫੇਰ ਇਹੋ ਕਵੀ ਪੈਗ਼ੰਬਰ ਹੋ ਜਾਂਦਾ ਹੈ, ਜਦ ਉਪਰ ਦੇ ਰਾਗ ਝਾਵਲੇ ਜ਼ਰਾ ਕਿਸੀ ਅਨੋਮੀ ਬਹੁਲਤਾ ਵਿਚ ਪੈਣ ਲਗ ਜਾਂਦੇ ਹਨ। ਇਹੋ ਕਵੀ ਫਕੀਰ ਹੋ ਜਾਂਦਾ ਹੈ ਜਦ ਅੰਦਰ ਦੀ ਖਿਚ ਟੁਟ ਕੇ ਪੈਂਦੀ ਹੈ–

'ਇਹੋ ਕਵੀ ਚਿਤਰਕਾਰ, ਇਹੋ ਕਵੀ ਬੁਤ ਘੜਨ ਹਾਰ
ਰਸਕ ਕਰਤਾਰੀ ਹੋ ਜਾਂਦਾ ਹੈ।'

(੪) ਹੈਵਾਨੀ ਆਦਤਾਂ ਦੀ ਚੋਣ ਕਰਨੀ ਉਚੇ ਕਵੀ ਦਾ ਕੰਮ ਨਹੀਂ, ਇਸੇ ਲਈ ਸ਼ੈਕਸਪੀਅਰ ਤੇ ਕਾਲੀ ਦਾਸ ਬਹੁਤ ਪਿਛੇ ਹਨ। ਨਿਰਾ ਸੁਹਣਪ ਚੁਣਨਾ ਕਵੀ ਦਾ ਕੰਮ ਹੈ। ਇਸ ਲਈ ਧਾਰਮਕ ਕਵੀ ਸਭ ਤੋਂ ਉਚੇ ਹਨ। ਉਹ ਜੰਗਾਂ ਵਿਚੋਂ ਭੀ ਦਇਆ ਦਾ ਸੁਹਣਪ ਲਭ ਸਕਦੇ ਹਨ।

## ਆਰਟ–

(ਇਸ ਲੇਖ ਵਿਚ ਵਧੇਰੇ ਜਪਾਨ ਉਤੇ ਆਰਟ
ਦਾ ਅਸਰ ਦਸਿਆ ਹੈ)

(੧) ਕਵਿਤਾ ਤੇ ਆਰਟ (ਕੋਮਲ ਉਨਰ) ਮਨੁਖ ਨੂੰ

ਕੋਮਲ ਭਾਵਾਂ ਵਾਲਾ ਤੇ ਸੁਹਣਪ ਦਾ ਪਿਆਰਾ ਬਣਾ ਦੇਂਦੇ ਹਨ। ਇਸੇ ਲਈ ਆਰਟ ਵਾਲੇ ਦੇਸਾਂ ਦੇ (ਜਪਾਨ ਆਦਿਕ ਦੇ) ਲੋਕ ਕੋਮਲ-ਚਿਤ, ਇਕ ਦੂਜੇ ਦੇ ਸੁਖ ਦਾ ਖਿਆਲ ਕਰਨ ਵਾਲੇ, ਘੱਟ ਬੋਲਣ ਵਾਲੇ, ਮਿਠੇ, ਕਿਰਤੀ ਤੇ ਪਿਆਰ-ਭਰੇ ਹੋ ਜਾਂਦੇ ਹਨ । ਉਹ ਆਪਣਾ ਦੇਸ ਭੀ ਸਜਾ ਲੈਂਦੇ ਹਨ ਤੇ ਆਲੇ ਦੁਆਲੇ ਸੁਹਪਣ ਪੈਦਾ ਕਰ ਲੈਂਦੇ ਹਨ । ਉਹ ਗੰਦ ਤੇ ਮੈਲ ਸਹਿ ਹੀ ਨਹੀਂ ਸਕਦੇ ।

(੨) ਜਪਾਨ ਵਿਚ ਹੁਨਰ ਦੀ ਉਤਪਤੀ ਦਾ ਕਾਰਨ ਉਨ੍ਹਾਂ ਦਾ ਬੁਧ ਮਤ ਲਈ ਤੀਬਰ ਪਿਆਰ ਹੈ । ਸਿਖਾਂ ਨੇ ਭੀ ਤਾਂ ਓਹੋ ਜੇਹਾ ਹੀ ਸ਼ਖਸੀ ਪਿਆਰ ਕੀਤਾ ਹੈ। ਪੰਜਾਬ ਵਿਚ ਫਿਰ ਹੁਨਰ ਕਿਉਂ ਨਹੀਂ ? ਇਸ ਲਈ ਕਿ ਹੁਨਰ ਤੇ ਪਿਆਰ ਦੇ ਬੂਟੇ ਦੀਆਂ ਜੜ੍ਹਾਂ ਲੰਮੀਆਂ ਹਨ। ਸਦੀਆਂ ਦਾ ਵਕਤ ਚਾਹੀਦਾ ਹੈ ਤੇ ਹੋਰ ਦੇਸ ਇਸ ਦੇ ਫੁਟਣ ਨੂੰ ਲੋੜੀਦਾ ਹੈ । ਬੁਧ ਮਹਾਤਮਾ ਹਿੰਦ ਵਿਚ ਹੋਏ ਤੇ ਫਲ ਲਗਾ ਜਾਪਾਨ ਵਿਚ ।

(੩) *ਅਫਸੋਸ ਕਿ ਹਿੰਦੁਸਤਾਨ ਆਰਟ ਵਿਚ ਏਨਾਂ ਪਿਛੇ ਹੈ ਕਿ ਪੂਜਣ ਵਾਲੇ ਬੁਤ ਵੀ ਜਰਮਨੋਂ ਬਣ ਕੇ ਆਉਂਦੇ ਹਨ ਤੇ ਉਹ ਵੀ ਕੋਈ ਸੋਹਣੇ ਨਹੀਂ ।

*ਬੁਤ ਪੂਜਾ? ਬੁਤ ਫੇਰ ਉਗਮ ਪਏ, ਹੁਨਰ ਨਾ ਪਰਤਿਆ ਹਾਇ
ਹਾਇ ਹਿੰਦ ਫਲ ਫਾੜੀਆਂ ਵਾਲੇ, ਹਰ ਸਿਲ ਕਹਿੰਦੀ ਰੋਈ।
(ਮਟਕ ਹੁਲਾਰੇ)



ਸਾਹਿਤ ਭਾਵੇਂ ਆਰਟ ਤੇ ਕਵਿਤਾ ਦਾ ਹੀ ਦੂਸਰਾ ਨਾਂ ਹੈ, ਪਰ ਪੰਜਾਬੀ ਸਾਹਿਤ ਬਾਬਤ ਲਿਖੇ 'ਕਟਾਖਸ਼' ਵਿਚੋਂ ਪੂਰਨ ਸਿੰਘ ਜੀ ਦੀਆਂ ਦੋ ਕੁ ਗਲਾਂ ਡਾਢੀਆਂ ਸੋਹਣੀਆਂ ਹਨ।

(੧) ਪੰਜਾਬੀ ਸਾਹਿਤ ਗੁਰੂ ਸਾਹਿਬਾਂ ਤੇ ਸਿਖਾਂ ਦੀ ਮਿਹਰ ਨਾਲ ਬਣਿਆ ਤੇ ਪਲਿਆ । ਪੁਰਾਣੀ ਵਾਰਤਕ ਤੇ ਬੜੀ ਮਿਠੀ ਵਾਰਤਕ ਕੋਲਬ੍ਰੁਕ ਸਾਹਿਬ ਵਾਲੀ ਜਨਮਸਾਖੀ ਹੈ।

(੨) ਵਾਰਤਕ ਲਿਖਣੀ ਕਵਿਤਾ ਨਾਲੋਂ ਔਖੀ ਹੈ ਤੇ ਜੇ ਅੰਦਰ ਵਲਵਲਾ ਤੇ ਪਿਆਰ ਹੋਵੇ ਤਾਂ ਵਾਰਤਕ ਭੀ ਕਵਿਤਾ ਜਿਹੀ ਸਵਾਦੀ ਤੇ ਮਿਠੀ ਹੋ ਜਾਂਦੀ ਹੈ।

(੩) ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਪੰਜਾਬੀ ਵਾਰਤਕ ਵਿਚ ਬੜਾ ਮਿਠਾ ਵਾਧਾ ਕੀਤਾ ਹੈ।

(੪) ਅੰਗ੍ਰੇਜ਼ੀ ਸਾਹਿਤ ਜਾਸੂਸੀ ਤੇ ਪੁਲੀਟੀਕਲ ਝਗੜਿਆਂ ਨਾਲ ਭਰਿਆ ਪਿਆ ਹੈ । ਅਮਰੀਕਾ ਦਾ ਸਾਹਿਤ ਮਾਇਅਕ ਝੰਬੇਲਿਆਂ ਨਾਲ ਲਦਿਆ ਪਿਆ ਹੈ । ਹਾਂ, ਜਰਮਨ, ਫਰਾਂਸ ਤੇ ਜਪਾਨ ਦੇ ਸਾਹਿਤ ਵਿਚ ਪੰਜਾਬੀ ਸਾਹਿਤ ਜਿਹਾ ਰੋਮਾਂਸ ਤੇ ਸੰਗੀਤ ਹੈ ।

(੫) ਨਿਰੇ ਤਰਜਮਿਆਂ ਨਾਲ ਜਾਂ ਊਤ ਪਟਾਂਗ ਲਿਖੀ ਜਾਣ ਨਾਲ ਸਾਹਿਤ ਨਹੀਂ ਬਣਨ ਲਗਾ । ਸਾਹਿਤ ਤਾਂ ਅੰਦਰ ਕਲਵਲ ਹੋਣ ਨਾਲ, ਆਪੇ ਉਪਜਦਾ ਹੈ ਜਿਵੇਂ ਸ਼ਾਹ ਮੁਹੰਮਦ, ਕਾਦਰ ਯਾਰ, ਵਾਰਸ ਸ਼ਾਹ ਤੇ ਹਾਸ਼ਮ ਆਦਿ ਤੋਂ ਹੋਇਆ ।

ਪ੍ਰੋ: ਪੂਰਨ ਸਿੰਘ ਦਾ ਮਜ਼੍ਹਬ ਭੀ ਨਿਰਾਲਾ ਹੀ ਹੈ, ਕਿਸੇ ਦਾ ਮਜ਼੍ਹਬ ਹਿੰਦੂ, ਕਿਸੇ ਦਾ ਮੁਸਲਮਾਣ ਪਰ ਪੂਰਨ ਸਿੰਘ ਦਾ ਮਜ਼੍ਹਬ 'ਉਚਾ, ਸੁਚਾ, ਤੀਖਣ ਤੇ ਧਿਆਨੀ ਪਿਆਰ।' ਜਿਸ ਕਿਸੇ ਵਲਵਲੇ ਪਿਛੇ ਮੈਂ ਜੀਊਂਦਾ ਹਾਂ, ਜੇ ਸੁਭਾ ਮੇਰੇ ਅੰਦਰਲੇ ਦਾ ਸਚਮੁਚ ਹੈ, ਉਹੀ ਮੇਰਾ ਮਜ਼੍ਹਬ ਹੈ।

(੧) ਜੇ ਉਹੀ ਵਲਵਲਾ ਉਚਾ ਤੇ ਸੁਚਾ ਹੋ ਜਾਏ, ਜੇ ਮੇਰਾ ਤੀਬਰ ਦਿਲੀ ਪਿਆਰ ਗੁਰੂ ਜਾਂ ਰਬ ਜਾਂ ਨੇਕੀ ਲਈ ਹੋ ਜਾਏ ਤਾਂ ਮੈਂ ਨਮੂਨੇ ਦੇ ਮਜ਼੍ਹਬ ਦਾ ਧਾਰਨੀ ਹੋ ਗਿਆ। ਨਹੀਂ ਤਾਂ ਮੇਰਾ ਮਜ਼੍ਹਬ, ਜਾਂ ਕਾਮ, ਜਾਂ ਧੋਖਾ, ਜਾਂ ਪੈਸੇ, ਜਾਂ ਟਬਰ ਜਾਂ ਇਜ਼ਤ ਜਾਂ ਕੁਝ ਹੋਰ।

(੨) ਮਜ਼੍ਹਬ ਦੀਆਂ ਚਾਰ ਪਉੜੀਆਂ ਹਨ, (੧) ਅਕ-ਪਟਤਾ (ਨਿਰਛਲਤਾ = ਦਿਲ ਦੀ ਸਫਾਈ) (੨) ਸਿਦਕ, (੩) ਸਿਮਰਨ ਜਾਂ ਯਾਦ (੪) ਉਸ ਨਾਲ ਮੇਲ ਤੇ ਮਸਤੀ ਅਤੇ ਇਹੀ ਹੈ ਅਸਲੀ ਮਜ਼੍ਹਬ।

(੩) ਬਹੁਤ ਸੁਧਰੀ ਹੋਈ ਇਨਸਾਨੀਅਤ ਦਾ ਨਾਂ ਮਜ਼੍ਹਬ ਹੈ, ਪਰ ਅਸੀਂ ਤਾਂ ਹਾਲੇ ਇਨਸਾਨ ਭੀ ਨਹੀਂ ਬਣੇ। ਅਸੀਂ ਨਿਰੇ ਪਸ਼ੂ ਹਾਂ।

(੪) ਮਜ਼੍ਹਬ ਕਿਉਂਕਿ ਪਿਆਰ ਹੈ ਤੇ ਪਿਆਰ ਵਿੱਚ ਕੁਰਬਾਨੀ ਸਹਿਜੇ ਹੈ। ਇਸ ਲਈ ਮਜ਼੍ਹਬੀ-ਕੁਰਬਾਨੀਆਂ ਕੋਈ ਅਚੰਭਾ ਨਹੀਂ, ਸਗੋਂ ਕੁਦਰਤੀ ਹਨ।



## ਕਿਰਤ–

(੧) ਜਿਸ ਉਚਤਾ ਤੇ ਪਵਿੱਤ੍ਰਤਾ ਤਕ ਅਸਲੀ ਮਜ਼੍ਹਬ ਲੈ ਜਾਂਦਾ ਹੈ ਉਹੀ ਪਵਿੱਤ੍ਰਤਾ ਕਿਰਤ ਨਾਲ ਅੰਦਰ ਆ ਸਕਦੀ ਹੈ, ਕੇਵਲ ਕਿਰਤ ਹੀ ਇਨਸਾਨ ਨੂੰ ਬ੍ਰਹਮ ਗਿਆਨੀਆਂ ਜਿਹਾ ਸਬਰ ਸੰਤੋਖ ਵਾਲਾ, ਭਾਣਾ ਮੰਨਣ ਵਾਲਾ ਤੇ ਪਵਿੱਤਰ ਬਣਾ ਸਕਦੀ ਹੈ।

(੨) ਸਭ ਤੋਂ ਉਤਮ ਕਿਰਤ ਜ਼ਿਮੀਂਦਾਰ ਦੀ ਹੈ।

## ਮਿਠਾ ਬੋਲਣਾ–

(੧) ਅੰਦਰ ਖੂਬੀਆਂ ਤੇ ਮਿੱਠਤ ਭਰ ਜਾਣ ਨਾਲ ਹੀ ਹੋਰ ਚੀਜ਼ਾਂ ਦੇ ਸੁਹਪਣ ਤੇ ਖੂਬੀਆਂ ਦਿਸ ਸਕਦੀਆਂ ਹਨ। ਤਾਂ ਵਾਹ ਵਾਹ ਕਹਿ ਸਕੀਦਾ ਹੈ। ਤਾਂ ਹੀ ਮਿੱਠਾ ਬੋਲ ਸਕੀਦਾ ਹੈ।

(੨) ਜੀਵਨ ਦਾ ਸਵਾਦ ਮਿਠਤ ਵਿੱਚ ਹੈ। ਗੁਰੂ ਅੰਗਦ ਦੇਵ ਜੀ ਨੇ ਭਲਾ ਜੀ, ਭੁੱਲਾ ਜੀ, ਤੇ ਭਾਣਾ ਜੀ ਤਿੰਨ ਭਭੇ ਵਰਤ ਕੇ ਹੀ ਗੁਰੂ ਨਾਨਕ ਦੇਵ ਜੀ ਨੂੰ ਖੁਸ਼ ਕਰ ਲਿਆ ਸੀ।

(੩) ਕਿਉਂ, ਕਿਵੂੰ, ਕਿਵੇਂ ਆਦਿਕ ਦਲੀਲਾਂ ਵਿਚ ਪਿਆਂ ਨਿਰਾ ਰੁਖਾ-ਪਣ ਨਿਕਲਦਾ ਹੈ। ਇਸ ਲਈ ਨਿਰੇ ਗੁਣ ਤਕੋ, ਨਿਰੀ ਸਿਫਤ ਕਰੋ।

(੪) ਨੁਕਤਾਚੀਨੀ ਜੇ ਪਿਆਰ ਨਾਲ ਕੀਤੀ ਜਾਏ

ਤਾਂ ਮਾੜੀ ਨਹੀਂ ।

ਇਸ ਲੇਖ ਨੂੰ ਖਤਮ ਕਰਨ ਤੋਂ ਪਹਿਲਾਂ ਮੇਰਾ ਚਿਤ ਚਾਹੁੰਦਾ ਹੈ ਕਿ ਮੈਂ ਪ੍ਰੋਫੈਸਰ ਪੂਰਨ ਸਿੰਘ ਜੀ ਦੇ ਲਫ਼ਜ਼ਾਂ ਵਿਚ ਹੀ ਪਾਠਕਾਂ ਨੂੰ ਪਾਲਿਟਿਕਸ ਵਿਚ ਗਰੀਬਾਂ ਤੇ ਅਮੀਰਾਂ ਬਾਬਤ ਪ੍ਰੋਫੈਸਰ ਜੀ ਦੀ ਰਾਏ ਦਸ ਲਵਾਂ। ਇਸ ਤੋਂ ਪਤਾ ਲਗੇਗਾ ਕਿ ਉਹ ਕਿਵੇਂ ਇਕ ਚੰਗੇ ਲੇਖਕ ਵਾਂਗ ਨਿਰਪਖ ਰਹਿੰਦੇ ਹਨ । ਉਹ ਜੱਜ ਬਣ ਕੇ ਫੈਸਲੇ ਨਹੀਂ ਦੇਂਦੇ ਨਾ ਹੀ ਵਕੀਲ ਬਣ ਕੇ ਕਿਸੇ ਇਕ ਧਿਰ ਦਾ ਪਖ ਕਰਦੇ ਹਨ। ਸਗੋਂ ਇਕ ਦਰਸ਼ਕ ਵਾਂਗ ਜੋ ਪਰਤੀਤ ਕਰਦੇ ਹਨ ਉਹੀ ਲਿਖਦੇ ਹਨ:-

ਗਰੀਬ ਤੇ ਅਮੀਰ:-

"ਧਨ ਵਾਲੇ ਜਿਹੜੇ ਬਹੁਤ ਰੁਪੈ ਖਰਚ ਕੇ ਕੌਂਸਲਾਂ ਵਿਚ ਜਾ ਸਕਣ, ਉਹ ਚੰਗੇ ਵੀ ਹੋ ਸਕਦੇ ਹਨ, ਪਰ ਅਮੂਮਨ ਮਾੜੇ ਤੇ ਨਲਾਇਕ ਹੁੰਦੇ ਹਨ, ਕਿਉਂਕਿ ਉਨ੍ਹਾਂ ਕਦੇ ਦੁਖ ਤਕਿਆ ਹੀ ਨਹੀਂ ਹੁੰਦਾ।"

ਗਰੀਬ ਮਿਹਨਤ ਕਰਦੇ ਹਨ । ਉਨ੍ਹਾਂ ਵਿਚੋਂ ਕੋਈ ਚੰਗਾ ਨਿਕਲ ਪੈਂਦਾ ਹੈ। ਪਰ ਉਹ ਆਮ ਕਰਕੇ ਛਛੋਰੇ ਤੇ ਨਿਕੇ ਪਾਣੀਆਂ ਵਿਚ ਰਹਿ ਰਹਿ ਕੰਘਲੇ ਜਿਹੇ ਹੁੰਦੇ ਹਨ । ਅਮੀਰ ਫਿਰ ਵੀ ਕੁਝ ਆਮ ਕਰਕੇ ਗੰਭੀਰ ਹੁੰਦੇ ਹਨ । ਸੋ ਇਸ ਤਰ੍ਹਾਂ ਦੇ ਗੁਣ ਔਗੁਣ ਸਭ ਵਿਚ ਹੁੰਦੇ ਹਨ।'

ਇਸ ਤੋਂ ਇਹ ਸਵਾਲ ਪੈਦਾ ਹੋਵੇਗਾ ਕਿ ਵੋਟ ਦੇ



ਹਕਦਾਰ ਫਿਰ ਕੌਣ ਹਨ ? ਪ੍ਰੋ: ਪੂਰਨ ਸਿੰਘ ਜੀ ਦਾ ਯਕੀਨ ਇਸ ਗਲ ਵਿਚ ਮੂਲੋਂ ਨਹੀਂ ਕਿ ਸੰਤਾਂ ਮਹੰਤਾਂ ਨੂੰ ਮੈਂਬਰ ਬਣਾ ਭੇਜੋ। ਸਗੋਂ ਉਹ ਤਾਂ ਇਉਂ ਕਹਿੰਦੇ ਹਨ-

'ਹਰ ਇਕ ਵੋਟ ਦੇਣ ਵਾਲੇ ਨੂੰ, ਆਪਣੇ ਮੁਲਕੀ ਕੰਮਾਂ ਦੀ ਘੋੜ ਦੌੜ ਵਿਚ ਜਿਨ੍ਹਾਂ ਪਸ਼ੂਆਂ ਨੂੰ ਦੌੜਾਉਣਾ ਹੈ, ਉਨ੍ਹਾਂ ਦਾ ਹਸਬ ਨਸਬ ਦਾ ਪੂਰਾ ਚਿੱਠਾ ਦਿਮਾਗ ਵਿਚ ਰਖਣਾ ਜ਼ਰੂਰੀ ਹੈ । ਇਹ ਯਾਦ ਰਹੇ ਕਿ ਜੇਹੜਾ ਪੂਰਾ ਇਨਸਾਨ ਹੋਵੇ ਉਹ ਹਕੂਮਤ ਕਰ ਹੀ ਨਹੀਂ ਸਕਦਾ, ਜਦ ਤਕ ਦੁਨੀਆਂ ਪਸ਼ੂ ਹੈ ।'

ਅਗੇ ਜਾ ਕੇ ਆਪ ਲਿਖਦੇ ਹਨ-

'ਮੈਂ ਇਹ ਸਮਝਦਾ ਹਾਂ ਕਿ ਰਾਜੇ ਯਾ ਰਾਜਿਆਂ ਦੇ ਅਨੇਕ ਰੂਪ ਅੰਤਰ ਇਕ ਤਰ੍ਹਾਂ ਦੇ ਖਾਸ ਸਿਖਾਏ ਹੋਏ ਸਿੰਗਾਂ ਵਾਲੇ ਪਸੂ ਹਨ।... .......ਉਨ੍ਹਾਂ ਵਿਚ ਪਸ਼ੂ ਪੁਣਾ ਜ਼ਰੂਰੀ ਹੈ।'

ਪਾਲਿਟਿਕਸ ਵਿਚ ਆਪ ਇਸਤ੍ਰੀਆਂ ਲਈ ਬਰਾਬਰਤਾ ਦੇ ਹਕਾਂ ਦੇ ਹਾਮੀ ਹਨ। ਕਿਉਂਕਿ ਇਹ ਨਿਯਮ ਹੈ 'ਜੋ ਰਯਤ ਟੈਕਸ ਦੇਂਦੀ ਹੈ ਉਹ ਰਯਤ ਦੀ ਮਰਜੀ ਬਿਨਾ ਕਿਧਰੇ ਭੀ ਖਰਚ ਨਾ ਕੀਤਾ ਜਾਵੇ।' ਜੋ ਕਮਾਉਂਦਾ ਹੈ ਉਹ ਟੈਕਸ ਦੇਂਦਾ ਹੈ। ਇਸਤ੍ਰੀ ਘਰ ਦਾ ਕੰਮ ਕਰਕੇ ਹੀ ੩੦੦) ੪੦੦) ਰੁਪੈ ਸਾਲਾਨਾ ਘਟੋ ਘਟ ਬਚਾਉਂਦੀ ਜਾਂ ਕਮਾਉਂਦੀ

ਹੈ ਸੋ ਉਸ ਨੂੰ ਭੀ ਰਯਤ ਦੇ ਪ੍ਰਬੰਧ ਵਿਚ ਵੋਟ ਦਾ ਹੱਕ ਚਾਹੀਦਾ ਹੈ।

ਇਹ ਕਿਹਾ ਜਾਂਦਾ ਹੈ ਕਿ ਪ੍ਰੋਫੈਸਰ ਜੀ ਦੇ ਖਿਆਲਾਂ ਉਤੇ ਕਾਰਲਾਈਲ, ਰਸਕਿਨ, ਵਿਟਮੈਨ, ਤੇ ਟਾਲਸਟਾਏ ਦੇ ਖਿਆਲਾਂ ਦਾ ਬਹੁਤ ਅਸਰ ਪਿਆ ਹੈ। ਸ਼ਾਇਦ ਇਹ ਕਿਸੇ ਹੱਦ ਤਕ ਠੀਕ ਹੋਵੇ, ਪਰ ਇਹ ਤਾਂ ਸਾਫ ਹੈ ਕਿ ਇਨ੍ਹਾਂ ਖਿਆਲਾਂ ਵਿਚ ਪ੍ਰੋ: ਪੂਰਨ ਸਿੰਘ ਜੀ ਦੀ ਅਪਣਤ ਹੈ। ਉਹ ਅਪਣਤ ਇਜੇਹੀ ਹੈ ਕਿ ਜੋ ਕੋਈ ਭੀ ਉਨ੍ਹਾਂ ਨੂੰ ਪੜ੍ਹਦਾ ਹੈ ਉਹ ਉਸ ਵਿਚ ਰੰਗਿਆ ਜਾਂਦਾ ਹੈ।

## ਕੌਣ ਕਰੂ ਸੰਪੂਰਨ ?

ਰੋਵਣ ਮਾਪੇ, ਪਿਟਣ ਭੈਣਾਂ, ਸਜਣ ਬੇਲੀ ਝੂਰਨ।
ਅਲਬੇਲਾ ਮਸਤਾਨਾ ਜੋਗੀ ਤੁਰ ਗਿਆ ਜਗੋਂ ਪੂਰਨ।
ਮੈਂ ਰੋਵਾਂ ਹੁਣ ਸੇਜ ਪੰਜਾਬੀ, ਇੰਗਲਿਸ਼ ਅੰਬਰਾਂ ਉਤੇ,
'ਵੀਰ'-ਬਾਗ ਚੋਂ ਕਲੀਆਂ ਚੁਣ੨ ਕੌਣ ਕਰੂ ਸੰਪੂਰਨ?

ਬ. ਸ. 'ਸਬਰ' ਮੋਗਾ



# ਪ੍ਰੋਫੈਸਰ ਪੂਰਨ ਸਿੰਘ ਜੀ ਦੀਆਂ ਰਚੀਆਂ ਨਾਰਾਂ

ਵਲੋਂ—ਸ. ਕਰਤਾਰ ਸਿੰਘ ਜੀ ਐਮ. ਏ. ਸਰਦਾਰ ਨਗਰ

"ਕੁੜੀਆਂ ਦਾ ਤ੍ਰਿੰਵਣ ਦਾ ਤ੍ਰਿੰਵਣ ਸੀ ਜਾਂਦਾ ਗਾਂਦਾ,
ਮੈਂ ਪਤਾ ਨਹੀਂ ਕਿਉਂ, ਟੁਰ ਪਿਆ ਨਾਲ ਨਾਲ ਪਿੱਛੇ ਪਿੱਛੇ।"

"ਕੁੜੀਆਂ ਪੰਜਾਬ ਦੀਆਂ"—ਸੱਸੀ, ਸੋਹਣੀ ਤੇ ਹੀਰ ਸੈਨਤਾਂ ਪਈਆਂ ਕਰਦੀਆਂ ਨੇ, ਸੋਹਣੇ ਸੋਹਣੇ, ਗੋਰੇ ਗੋਰੇ, ਕੋਮਲ ਕੋਮਲ ਮਿੱਠੇ ਮਿੱਠੇ ਹੱਥਾਂ ਨਾਲ, ਤੇ ਬਾਹਾਂ ਉਲਾਰ ਉਲਾਰ। ਇਛਰਾਂ-ਮਾਂ ਆਪਣੀ ਸੁੱਖਾਂ ਭਰੀ ਗੋਦੀ ਵਿਚ ਬਿਠਾ ਪਿਆਰ ਦੀ ਨੀਂਦ ਸਵਾਂਦੀ ਹੈ; ਸੁੰਦਰਾਂ ਮਹਿਲਾਂ ਤੋਂ ਝਾਤੀ ਮਾਰ ਤਾਵਲੀ ਤਾਵਲੀ ਹੇਠਾਂ ਆ ਹੀਰੇ ਤੇ ਮੋਤੀਆਂ ਦੀ ਖੈਰ ਪਾਂਦੀ ਹੈ; ਖੂਹ ਤੇ ਕੁੜੀਆਂ ਠੰਢਾ ੨ ਨਿਰਮਲ ਪਾਣੀ ਪਿਆ ਪਿਆ ਤੇਹ ਪਈਆਂ ਲਾਹੁੰਦੀਆਂ ਹਨ; ਝੁੱਗੀ ਵਿਚ ਬੈਠੀ ਸੋਹਣੀ ਜਿੰਦੜੀ ਕਿਸੇ ਪ੍ਰੇਮ ਦੀ ਤਾਰ ਨਾਲ ਬੱਧੀ ਚੂਰੀਆਂ ਕੁੱਟ ਕੁੱਟ ਖਵਾਂਦੀ ਏ—ਏਹ ਤੇ ਹੋਰ ਸਾਰੀਆਂ ਨਾਰਾਂ ਕਿਸੇ ਨਵੇਂ, ਚਾ, ਪਿਆਰ ਤੇ ਉਤਸ਼ਾਹ ਨਾਲ ਭਰੀਆਂ ਤੇ ਕਿਸੇ ਰੰਗ ਵਿਚ ਰੱਤੀਆਂ ਪ੍ਰੋਫੈਸਰ ਪੂਰਨ ਸਿੰਘ ਜੀ ਦੀ 'ਆਰਟ-ਗੈਲਰੀ' ਵਿਚ ਜੜੀਆਂ, ਘੜੀਆਂ ਤੇ ਬਣੀਆਂ ਤਸਵੀਰਾਂ। ਜੀਉਂਦੀਆਂ

ਜਾਗਦੀਆਂ ਤਸਵੀਰਾਂ-ਹਨ। ਆਪ ਨੇ ਐਵੇਂ ਕੂਚੀ ਫੜ ਕੇ ਜੇਹੜਾ ਰੰਗ ਆਇਆ ਘੋਲ ਕੇ ਕਾਗਜ ਨਹੀਂ ਰੰਗ ਛੱਡੇ। ਇੱਕੋ ਸੀਨਰੀ ਤੇ ਨਜ਼ਰ ਨਹੀਂ ਰੱਖੀ, ਸਗੋਂ ਚੰਗੇ ਆਰਟਿਸਟ ਵਾਂਗ ਹਰ ਇਕ ਨੂੰ 'ਨਵੀਆਂ ਅਖਾਂ' ਨਾਲ ਨਵੀਂ ਥਾਂ ਵੇਖਿਆ ਹੈ। ਵੇਖ ਮੁੜ ਬੜੀ ਬਾਰੀਕੀ ਨਾਲ, ਤਾਜਗੀ ਨਾਲ, ਉਨ੍ਹਾਂ ਨੂੰ ਬਣਾ, ਰੰਗ, ਕੱਜ ਸੰਵਾਰ ਸਾਡੇ ਸਾਹਮਣੇ ਰਖਿਆ ਹੈ। ਅਸੀਂ ਵੇਖ ਵੇਖ ਨਵੇਂ ਸਵਾਦ ਵਿਚ ਚਾ ਵਿਚ ਆਉਂਦੇ ਹਾਂ। ਹੀਰ, ਇਛਰਾਂ, ਲੂਣਾਂ ਤੇ ਸੁੰਦਰਾਂ ਦੀਆਂ ਤਸਵੀਰਾਂ ਅਗੇ ਵੀ ਕਈ ਵੇਖੀਆਂ ਹਨ, ਪਰ ਪ੍ਰੋਫੈਸਰ ਜੀ ਨੇ ਕਿਸੇ ਹੋਰ ਵਖਰੇ ਪਾਸੇ ਤੋਂ ਉਨ੍ਹਾਂ ਨੂੰ ਵੇਖਿਆ। ਕੁਝ ਨਵਾਂ, ਡਾਢਾ ਨਵਾਂ ਦ੍ਰਿਸ਼ ਦਿਸਿਆ। ਸਾਨੂੰ ਕਾਦਰਯਾਰ ਵਾਲਾ ਪੂਰਨ, ਇਛਰਾਂ ਤੇ ਲੂਣਾ ਭੁਲ ਗਈਆਂ। ਹੀਰ ਕੁਝ ਨਵੀਂ ੨ ਹੋ ਦਿਸੀ; ਸੱਸੀ ਕਿਸੇ ਨਵੇਂ ਪਿਆਰ ਵਿਚ ਮਰਦੀ ਤੇ ਜੀਂਉਦੀ ਦਿਸੀ। ਇਹ ਆਪ ਦਾ ਕਮਾਲ ਹੁਨਰ ਹੈ।

'ਖੁਲ੍ਹੇ ਮੈਦਾਨ' ਵਿਚ ਪੈਰ ਧਰਦਿਆਂ ਹੀ ਇੱਛਰਾਂ ਰਾਣੀ-ਮਾਂ, ਉਚੀ ਲੰਮੀ, ਰਾਣੀ ਧੁਰ ਦੀ, ਦੈਵੀ ਸੁਭਾ, ਦੈਵ, ਸੁਹੱਪਣ, ਅਰਸ਼ੀ ਨਕਸ਼, ਕਵਲ ਨੈਣੀ........।' ਹੁਣੇ ਪਏ ਵਿਛੋੜੇ ਵਿਚ ਕੁਠੀ, ਪਰ ਸ਼ੁਕਰ ਨਾਲ ਭਰੀ, ਆਪਣੇ ਪੂਰਨ ਨੂੰ ਮਿੱਠੀਆਂ ਲੋਰੀਆਂ ਦੇਂਦੀ ਦਿਸਦੀ ਹੈ। ਫੇਰ—

'ਉਠਾ ਪੱਲਾ ਆਪਣਾ, ਕੁੜਤੇ ਨੂੰ ਚੱਕ ਉੱਤੇ।
ਪੁਤ ਪਾ ਝੋਲੀ, ਮੁੜ ਕੱਜ ਢੱਕ ਕੇ ਬੱਚੇ ਨੂੰ।



ਲਾ ਛਾਤੀ ਦੁਧ ਭਰੀ, ਮਾਂ ਦੁਧ ਪਿਆਲਦੀ ਏ।

... ... ... ...

ਉਹਦੇ ਸਵਾਸ ਵਿਚ ਪੂਰਨ, ਉਹ ਦੀ ਅੱਖ ਵਿਚ ਪੂਰਨ,
ਸੁਰਤ ਵਿਚ ਪੂਰਨ, ਦਿਲ ਵਿਚ ਪੂਰਨ, ਪੂਰਨ, ਪੂਰਨ
ਗਾਂਉਂਦੀ ਹੈ।
ਭੋਰਿਆਂ ਵਿਚ ਪਿਆ ਪੂਰਨ, ਇਛਰਾਂ ਮਾਂ ਦਾ ਧਿਆਨ
ਪਾਲਦਾ।'

ਪੂਰਨ ਭੋਰੇ ਵਿਚ ਪਿਆ ਹੈ। ਇਛਰਾਂ ਧਿਆਨ ਰਾਹੀਂ ਉਹ ਦੀ ਪਾਲਣਾ ਕਰਦੀ ਹੈ। ਅਜੇ ਵਿਛੋੜਾ ਨੇੜੇ ਦਾ ਹੈ, ਪਰ ਜਦ ਨਿਰਦੋਸ਼ ਪੂਰਨ ਨੂੰ ਕੋਹਣ ਲਈ ਲੈ ਗਏ ਤਾਂ—

ਮਾਂ ਦੇ ਦਿਲ ਦਾ ਪਿਆਰ-ਬਾਗ

... ... ... ...

ਖਿੱਚ ਖਿੱਚ, ਧ੍ਰੂ, ਧ੍ਰੂ, ਧ੍ਰੀਕ, ਧ੍ਰੀਕ ਆਂਦਰਾਂ ਨੂੰ, ਇਕ ਇਕ
ਕਰ ਸਾਰਾ ਬਾਗ ਸੀ ਪੁਟਿਆ।
ਮਾਂ ਦੀ ਛਾਤੀ ਦੇ ਨਿਕੇ ਨਿਕੇ, ਖਿੜੇ ਕਵਲਾਂ ਨੂੰ ਚੀਰ,
ਚੀਰ, ਸੁਟਿਆ।
ਪਿਆਰ ਦੀਆਂ ਕੁੱਲ ਬੂਟੀਆਂ, ਚੰਬਾ ਤੇ ਗੁਲਾਬ
ਸਾਰਾ, ਖੁਣ, ਖੁਣ, ਜੜ੍ਹਾਂ ਥੀਂ ਕੱਢ, ਕੱਢ, ਮੁਕਾਇਆ
ਜ਼ਾਲਮ ਸੱਟ ਨੇ, ਮਾਂ ਦੇ ਪਿਆਰ ਦੀ ਡੂੰਘੀ, ਘਣੀਆਂ
ਛਾਵਾਂ ਵਿਚੋਂ, ਨਾਜ਼ਕ ਬਨਫਸ਼ੇ ਵਾਂਗ ਕੋਮਲ ਫੁਲਾਂ ਤੇ

ਕਲੀਆਂ ਨੂੰ, ਖਹੁਰੇ ਖੁੰਡੇ ਚਾਕੂਆਂ ਨਾਲ, ਕੱਟ ਕੱਟ, ਧੁਪੇ
ਚੱਕ ਮਾਰਿਆ।"

ਰੋ, ਰੋ ਵਿਰਲਾਪ ਕਰ ਇਛਰਾਂ-ਮਾਂ ਆਪਣੇ ਨੈਣਾਂ ਦਾ ਚਾਨਣ ਵੀ ਗਵਾ ਬੈਠੀ। ਜਦ ਪੂਰਨ ਨੇ ਜੋਗੀਆਂ ਵਾਲੀ ਫੇਰੀ ਪਾਈ ਤਾਂ–

"ਅੰਨ੍ਹੀ ਵਹਿੰਦੀ, ਡਿਗਦੀ, ਲੜਖੜਾਂਦੀ ਆਂਦੀ ਨੂੰ।
ਉੱਠ ਪੂਰਨ ਨਾਲ ਪਿਆਰ ਭਰੇ ਸਤਕਾਰ ਦੇ, ਨਾਲ ਮੋਹ
ਦੇ ਸੰਭਾਲਦਾ ਹੈ।
ਨਾਲ ਲੱਗਦੇ ਹੀ ਮਾਂ ਚੀਕ ਉੱਠੀ!
... ... ... ...
ਛਾਤੀ ਮਾਂ ਦੀ ਦੁੱਧ ਨਾਲ ਭਰ ਉੱਠੀ, ਫਰਕੀ, ਕੰਬੀ।"

ਇਨ੍ਹਾਂ ਸ਼ਬਦਾਂ ਰਾਹੀਂ, ਜਿਸ "ਉਚਤਾਈ" ਤੇ ਤੇ 'ਬਰੀਕੀ' ਨਾਲ ਆਪ ਨੇ ਮਾਂ-ਪੁਤ ਦੇ ਪਿਆਰ ਨੂੰ ਦਸਿਆ ਹੈ-ਪ੍ਰਤੀਤ ਕਰਨ ਵਿੱਚ ਦੱਸਣ ਨਾਲੋਂ ਵਧੇਰੇ ਸਵਾਦ ਹੈ।

ਸ਼ਾਇਦ ਇਛਰਾਂ-ਮਾਂ ਨੂੰ ਹੋਰ ਵਧੇਰੇ ਰੋਸ਼ਨ ਕਰਨ ਲਈ, ਉਹਦੇ ਸੋਹਣੇ, ਮਿਠੇ ਧੁਰ ਦੇ-ਪਿਆਰ ਨੂੰ ਹੋਰ ਉੱਚੀ ਟੀਸੀ ਤੇ ਚੜ੍ਹਾਨ ਲਈ, ਸਾਨੂੰ ਲੂਣਾ ਦਿਤੀ ਹੈ।

"ਲੂਣਾ ਬਸ ਪੱਥਰ ਦਾ ਬੁੱਤ, ਨਿਰਜਿੰਦ, ਨਿਰਦਿਲ, ਹੋਣੀ
ਦਾ ਬੁਤ ਸੀ। ਛਲ ਸੀ ਜੇਹੜਾ ਰਾਜੇ ਘਰ ਪਾਇਆ, ਇਕ
ਹੈਵਾਨ ਸੀ ਆਪਮਤੀ।
... ... ... ...



ਇੰਨੀ ਆਪ ਮੁਹਾਰੀ, ਖ਼ੁਦ ਗਰਜ਼, ਮਾਂ ਹੋਣ ਦੀ ਚਾਹ ਕਦੀ
ਉਨ੍ਹੂੰ ਉਠ ਨਹੀਂ ਸੀ ਸੱਕਦੀ।
ਨੈਨਾਂ, ਬੈਨਾਂ, ਅੰਗਾਂ ਦੀ ਚਤਰਤਾ, ਸੋਹਣੀ ਵਾਂਗ ਸੱਪ
ਸੀ, ਕਹਰ ਸੀ, ਤ੍ਰਿੱਖੀ ਵਾਂਗ ਤਲਵਾਰ ਸੀ।
ਭਵਾਂ ਚਾੜ੍ਹ, ਸੁਰਮਾਂ ਪਾ, ਅੱਖਾਂ ਵਿਚ ਜਦ ਬਹਿੰਦੀ।
... ... ... ...
ਕਦੀ ਅਲਸ, ਅਲਸ! ਬਾਹਾਂ ਚੱਕ, ਚੱਕ, ਇਕਾਂਤ ਵਿੱਚ
ਅੱਧੀ ਕੱਜੀ, ਅੱਧੀ ਨੰਗੀ, ਆਪੇ ਨੂੰ ਸ਼ੀਸ਼ੇ ਵਿਚ ਦੇਖਦੀ,
ਕਦੀ ਲੇਟ ਜਾਂਦੀ ਸ਼ੀਸ਼ੇ ਸਾਹਮਣੇ, ਇਕ ਪਾਸੇ ਸਿਰ ਰੱਖ
ਆਪਣੀਆਂ ਬਾਂਹ ਦੀਆਂ ਵੰਗਾਂ ਤੇ ਚੂੜੀਆਂ ਤੇ,
ਇਕ ਲੂਣਾ ਦੀ ਲੱਖ ਲੂਣਾ ਹੁੰਦੀ, ਵੰਨ ਵੰਨ ਦੇ
ਕਪੜੇ ਪਾਂਦੀ, ਵੰਨ ਵੰਨ ਦੀਆਂ ਤਰਜਾਂ ਬਦਲਦੀ।
... ... ... ...
ਸਿੰਗਾਰਦੀ, ਸਵਾਰਦੀ, ਵਾਲ ਆਪਣੇ, ਖੋਲ੍ਹ, ਖੋਲ੍ਹ,
ਗੁੰਦ, ਗੁੰਦ, ਇਧਰ, ਉਧਰ, ਜੁਲਫਾਂ ਆਪਣੀਆਂ
ਕਾਲੀਆਂ"–

ਸਾਰੀ ਤਸਵੀਰ ਵਿਚ ਆਪ ਜੀ ਦੀ "ਵੇਖਣ" ਦੀ ਤੇ "ਚਿਤਰਨ" ਦੀ ਤਾਕਤ ਚੋਟੀ ਤੇ ਪਹੁੰਚੀ ਪਈ ਹੈ। ਸਾਰੀ ਦੀ ਸਾਰੀ ਲੂਣਾ ਤ੍ਰਿਸ਼ਨਾ, ਭੜਕਾਂ-ਕੁੱਠੀ ਲੂਣਾ, ਜੋਬਨ ਮਤੀ, ਆਪੇ ਤੇ ਆਸ਼ਕ ਹੋਈ ਲੂਣਾ, ਨਾਜ਼ ਨੱਖਰੇ ਕਰਦੀ ਸਾਹਮਣੇ ਆ ਖੜੋਂਦੀ ਹੈ। "ਝਲਕ, ਪਲਕ, ਮਟਕ, ਅੱਦਾ"

ਜੋ ਕੁਝ ਹੈ, ਉਹੋ ਇੰਨ ਇੰਨ ਆਪ ਦੀ ਤਸਵੀਰ ਵਿਚ ਆਈ ਪਈ ਹੈ। ਫੇਰ ਇਹ ਸਹਿਜ-ਸੁਭਾ ਆਪ-ਮੁਹਾਰੀ ਘਾੜਤ ਹੈ।

"ਪਿਆਰ ਮਲੋ ਮਲੀ ਰਾਹ ਜਾਂਦਿਆਂ ਪੈਂਦੇ ਹਨ"-ਦੀ ਬੜੀ ਸੋਹਣੀ ਤਸਵੀਰ ਖਿੱਚੀ ਹੈ। ਪੂਰਨ ਜੋਗੀ ਬਣ ਸੁੰਦਰਾਂ ਰਾਣੀ ਦੇ ਸ਼ਹਿਰ ਫੇਰੀਆਂ ਪਿਆ ਲਾਂਦਾ ਹੈ।

"ਮਗਰ ਨੱਸਦਾ ਸਾਰਾ ਸ਼ਹਿਰ ਸੁੰਦਰਾਂ ਦਾ ਨਿਕਲ ਟੁਰਿਆ,
ਕੁੜੀਆ, ਚਿੜੀਆਂ ਸਜ ਵਿਆਹੀਆਂ, ਨੱਸ. ਨੱਸ, ਮਗਰ
ਜਾਦੀਆਂ, ਨਿੱਕੇ ਨਿੱਕੇ ਬੱਚੇ ਆਖਣ ਖਲੋ ਜੋਗੀਆ!
ਠਹਰ ਜੋਗੀਆ। ਦੇ ਦਰਸ਼ਨ ਜੋਗੀਆ।"

ਕਿ 'ਸੁੰਦਰਾਂ ਖੋਹਲ ਆਪਣੀਆਂ ਬਾਰੀਆਂ, ਦੇਖ ਪੂਰਨ, ਬੇਹੋਸ਼
ਹੋਈ।
ਇਹ ਕੰਵਾਰੀ, ਨੱਵੀ, ਰਾਣੀ ਦੇਸ ਦੀ, ਉਡੀਕਦੀ ਜਿਨੂੰ
ਸੀ, ਉਹ ਆਇਆ।
ਇਕ ਪਲਕਾਰੇ ਵਿਚ ਕੁਛ ਹੋਇਆ... ...।'

ਥਾਲ ਭਰ ਹੀਰਿਆਂ, ਮੋਤੀਆਂ ਦਾ, ਖੈਰ ਪਾਈ। ਪੂਰਨ ਨੂੰ ਲੋੜ ਨਾ ਸੀ ਇਨ੍ਹਾਂ ਦੀ। ਵਾਪਸ ਕਰ ਮੁੜ ਚਲਿਆ! ਸੁੰਦਰਾਂ ਤਾਂ ਪੂਰਨ ਦੀ ਹੋ ਚੁਕੀ ਸੀ-

'ਤੇ ਜੇ ਪਿਆਰ ਮੇਰਾ ਸੱਚਾ, ਮੈਂ ਹੋਵਸਾਂ, ਥੀਵਸਾਂ, ਚਲਸਾਂ,
ਰਹਿਸਾਂ ਆਪ ਦੀ ਮਰਜ਼ੀ ਵਿਚ।
ਖੁਸ਼ ਖੁਸ਼ਾਹ ਰਹਿਸੀ ਹਮੇਸ਼ ਬਾਗ ਆਪ ਦਾ ਖਿੜਿਆ,



ਮੈਂ ਕਰਸਾਂ, ਕਮਾਵਸਾਂ, ਕਿਂਵ ਆਪ ਆਖਸੋ,
ਪਰ ਸਦਕੇ, ਹੋਵੇ ਨਾ ਮੇਰੀ ਅੱਖਾਂ ਥੀਂ ਓਹਲੇ,
ਨਹੀਂ ਤਾਂ ਮੈਂ ਮਰਸਾਂ !!'

ਪੂਰਨ ਦਾ 'ਜੋਗੀਆਂ ਵਾਲਾ ਫੇਰਾ ਸੀ', ਟੁਰਦਾ ਚਲਿਆ ਗਿਆ। ਸੁੰਦਰਾਂ ਦੀਆਂ ਅੱਖਾਂ ਤੋਂ ਉਹਲੇ ਹੋ ਗਿਆ। ਸੁੰਦਰਾਂ ਵੈਰਾਗ ਵਿਚ ਆਈ ਬਾਰੀਓਂ ਹੇਠਾਂ ਡਿੱਗੀ, ਆਪਣੇ ਕਹੇ ਅਨੁਸਾਰ ਪੂਰਨ ਦੇ ਵਿਯੋਗ ਵਿਚ ਮਰ ਗਈ।

'ਸੱਸੀ ਦੀ ਨਾਂਦ' ਵਿਚ ਕਵੀ ਜੀ ਲਿਖਦੇ ਹਨ-

'ਇਕ ਭੈੜਾ ਜਿਹਾ ਸੁਫਨਾ,
ਸੁੱਤੀ ਸੁੱਤੀ ਨੂੰ ਆਇਆ,
ਮੁੜ ਸਫਰ ਦਾ, ਮੁੜ ਟੁਰ ਪੈਣ ਦਾ
ਟੁਰਦੀ ਜੂ ਆਈ ਸੀ।'

ਸੁਫਨੇ ਵਿਚ ਗਵਾ ਬੈਠੀ ਪੁੰਨੂੰ ਨੂੰ, ਬਹਿਬਲਤਾ ਵਿਚ ਅੱਖ ਜੁ ਖੁਲ੍ਹੀ-

'ਪੁੰਨੂੰ, ਪੁੰਨੂ ਕੁਰਲਾਂਦੀ,
ਸੱਸੀ ਉੱਠੀ ਨੀਂਦਰ ਵਿਚ ਜਾਗ ਕੇ,
ਨੀਲੇ ਸੁਕੇ ਥਲ-ਅਸਮਾਨ ਵਿਚ,
ਪਿਆਸੀ, ਭੁਖੀ ਪੁੰਨੂੰ ਦੀ,
ਪੁੰਨੂ ਪੁੰਨੂ ਕੂਕਦੀ ਅਸਮਾਨਾਂ ਵਿਚ,
ਪੈਰ ਨੰਗੇ, ਸਿਰ ਨੰਗੇ ਉੱਡੀ ਉੱਡੀ ਜਾਂਵਦੀ,

ਤੇ ਅੱਗੇ ਅੱਗੇ ਜਾਂਦੀਆਂ ਦਿਸਣ,
ਉਹ ਪੁੰਨੂ ਦੀਆਂ ਡਾਚੀਆਂ,
ਉਡਦੀਆਂ ਜਿਵੇਂ ਫੰਗਾਂ ਵਾਲੀਆਂ ਪਰੀਆਂ !'

ਇਸ ਝਾਤ ਜਿਹੀ ਵਿਚ, ਉਹ ਸਾਰਾ ਸੀਨ, ਉਹ ਸਾਰੀ ਗਲ ਬਾਤ ਸੱਸੀ-ਪੁੰਨੂ ਦੀ, ਬਿਜਲੀ ਦੀ ਲਿਸ਼ਕ ਵਾਂਗ ਚਮਕਦੀ, ਤੇ ਚਮਕ ਚਮਕ ਉੱਥੇ ਹੀ ਖਲੋਤੀ, ਇਕਸਾਰ ਸਾਡੀਆਂ ਅੱਖਾਂ ਦੇ ਸਾਹਮਣੇ ਹੈ।

ਕਵੀ ਜੀ ਨੇ 'ਮਾਂ-ਪਿਆਰ' ਨੂੰ ਬੜਾ ਹੀ ਉਚਾ ਦਰਜਾ ਦਿਤਾ ਹੈ। ਮਾਤਾ ਦੀ ਪਦਵੀ ਆਪ ਦੀ ਕਵਿਤਾ ਵਿਚ ਉਚਾ, ਬੜਾ ਉਚਾ, ਰਬ ਤੋਂ ਕੁਝ ਹੀ ਹੇਠਾਂ ਦਰਜਾ ਰਖਦੀ ਹੈ।

"ਮਾਂ ਰੱਬ ਦਾ ਰੂਪ ਹੁੰਦੀ, ਪਾਲਦੀ, ਜਫਰ ਜਾਲਦੀ,
ਜਾਗਦੀ ਦਿਨ ਰਾਤ !'

... ... ... ... ... ...

ਮਾਂ ਦਾ ਦਿਲ ਇਉਂ ਬੱਸ ਰੱਬ ਹੈ !
ਮਾਂ ਦੀ ਲੋਰੀ ਬਾਣੀ ਅਕਾਸ਼ ਦੀ !!
ਮਾਂ-ਦਿਲ, ਮਾਂ-ਪਿਆਰ, ਮਾਂ ਦੀਆਂ ਛਾਵਾਂ, ਮਾਂ ਦੀ ਅਸੀਸ,
ਇਹ ਗੱਲਾਂ ਉੱਚੀਆਂ, ਬੇ ਕੀਮਤੀਆਂ, ਇਹ ਮਾਂ ਹੋਣ ਦੀ
ਕਮਾਲ ਕਮਾਲੀ ਹੈ।

... ... ... ... ...

ਮਾਂ ਹੋਣਾ ਉੱਚਾ ਸਭ ਥੀਂ ਵਧ ਹੈ।



ਮਾਂ ਹੋਣ ਨੂੰ ਲੋਚਣਾ ਇਹ ਉੱਚੀ ਅਰਦਾਸ ਹੈ, ਉੱਚਾ
ਕਰਦੀ।"

ਉਪਰ ਦਸੀਆਂ ਨਾਰਾਂ ਵਿਚ-ਇਛਰਾਂ ਤੇ ਸੁੰਦਰਾਂ-ਤੇ ਮੁੜ ਹੀਰ ਤੇ 'ਸੋਹਣੀ' ਵਿੱਚ ਆਪ 'ਮਾਂ-ਪਿਆਰ' ਵੇਖਦੇ ਹਨ। ਇੱਥੇ ਹੀਰ ਦੇ ਪਿਆਰ ਤੇ ਝਾਤੀ ਪਾ ਲੈਣੀ ਸ਼ਾਇਦ ਵਾਧੂ ਨਾ ਹੋਵੇਗੀ। ਹੀਰੇ

"ਇਕ ਵਾਰੀ ਫਿਰ ਮੁੜ ਮੂੰਹੋ ਸੁੰਵੇ ਓਹੋ ਦੀਦਾਰ ਹੋਵੇ।"
ਕਿਸ ਤਰ੍ਹਾਂ ?

ਉਧਰ ਰਾਂਝੇ ਜਿਹਾ ਆਦਮੀ
ਸੁੱਤਾ ਹੋਵੇ ਬਿਨ ਪੁੱਛੇ ਆਣ ਵਿਚ ਤੇਰੀ ਕਿਸ਼ਤੀ।

... ... ... ... ...

ਉਧਰੋਂ ਹੀਰ ਆਵੇ, ਤੱਕੇ, ਖਲੋਵੇ।
ਦੰਦ ਪੀੜ ਆਪਣੇ, ਗੁਸੇ ਨਾਲ ਬਾਹਰੋਂ, ਪਿਆਰ ਨਾਲ
ਅੰਦਰੋਂ।

... ... ... ... ...

"ਸੁੱਤਾ ਰਾਂਝਾ ਜਾਗਿਆ,
ਅੱਖ ਖੋਹਲ ਜੂ ਵੇਖਿਆ,
ਹੀਰ ਸੀ,
ਹੀਰ ਬੇਹਦ ਬੇਹਾਲ ਖੜੀ ਸੀ,
ਰੂਹ ਟੁਕੜੇ ਟੁਕੜੇ ਕਰ ਵਾਰ ਚੁੱਕੀ ਸੀ,
ਲੀੜੇ ਸਭ ਪਿਆਰ ਦੀ ਕਚੀਚ ਵਿਚ, ਲੀਰ ਲੀਰ, ਕਰ

ਚੁੱਕੀ ਸੀ ।

ਅਮੀਰਜ਼ਾਦੀ ਸਿਆਲਾਂ ਦੀ ਗਰੀਬ ਹੋ ਖੜੀ ਸੀ,
ਕੰਗਾਲ ਜਹੀ ਖੜੀ ਸੀ ਕਿਸੀ ਉੱਚੇ ਮਹਲ ਦੇ ਦਰ ਤੇ,
ਖ਼ੈਰ ਮੰਗਦੀ ਸੀ ਕਿਸੀ ਪਾਸੂੰ, ਚੁਪ ਸੀ
ਝੋਲੀ ਅੱਡੀ, ਭੁੱਖੀ ਭਾਣੀ ਖੜੀ ਸੀ ।"
ਤੇ ਕਹਿ ਰਹੀ ਸੀ
"ਵਖ, ਵਖ, ਤੇਰੀ, ਭੋਰੀ, ਭੋਰੀ, ਜ਼ਰਾ, ਜ਼ਰਾ, ਪੁਰਜ਼ਾ,
ਪੁਰਜ਼ਾ, ਤੇਰੀਆਂ,
ਵਾਲ, ਵਾਲ, ਤੇਰੀ, ਕਤਰਾ, ਕਤਰਾ, ਹਰ ਪਾਸਿਓਂ ਤੇਰੀਆਂ
ਦਿਲ ਤੇਰਾ, ਰੂਹ ਤੇਰਾ, ਜਾਨ ਤੇਰੀ ਜਿੰਦੜੀਆਂ,
ਹੀਰ ਤੇਰੀ, ਸਦਾ ਤੇਰੀ, ਸਾਰੀ ਤੇਰੀਆਂ ਤੇਰੀ, ਤੇਰੀ,
ਸੱਜਨੀਆਂ !" [ਹੀਰ ਤੇ ਰਾਂਝਾ

ਹੀਰ ਪੁਰਾਣੀ ਹੈ । ਕਈਆਂ ਨੇ ਥਾਕੇ ਖਿੱਚ ਖਿੱਚ ਦੱਸੇ ਹਨ । ਪਰ ਆਪ ਦੀ ਤਸਵੀਰ ਨਵਾਂ ਹੀ ਦੀਦਾਰ ਕਰਾਉਂਦੀ ਹੈ । ਇੰਞ ਪਰਤੀਤ ਹੁੰਦਾ ਹੈ, ਕਿ ਅਸੀਂ ਹੀਰ ਤੇ ਰਾਂਝੇ ਦੀਆਂ ਨਵੀਆਂ ਗੱਲਾਂ ਪਏ ਬੁਝਦੇ ਹਾਂ ।

"ਜੰਗਲੀ ਫੁੱਲ" ਵਿਚ ਆਪ ਇਕ 'ਸੋਹਣੀ' ਦਾ ਦੀਦਾਰ ਕਰਾਉਂਦੇ ਹਨ । ਇਕ ਨੱਢੀ ਜਵਾਨ ਖਹੂੰ ਖਹੂੰ ਕਰਦੇ ਬੁੱਢੇ ਹੱਟੀ ਵਾਲੇ ਨਾਲ ਪਰਨਾਈ ਹੋਈ ਹੈ। ਟੁੱਟੇ ਫੁੱਟੇ ਹੱਥਾਂ ਵਾਲਾ, ਖਹੂੰ ਖਹੂੰ ਕਰਨ ਵਾਲਾ ਇਸ ਨਾਰ- (ਜਿਹੜਾ 'ਕੁਦਰਤ ਦਾ ਇਕ ਰਸੀਲਾ ਗੀਤ' ਸੀ ਦੀ-



ਕਦਰ ਨਾ ਪਾ ਸਕਿਆ, ਤੇ

"ਉਹ ਕੁੜੀ
ਇਸ ਮੋਇਆਂ ਦੇ ਘਮਸਾਨ ਵਿਚ,
ਜੰਗਲ ਥੀਂ ਆਂਦੇ ਹਰਨੋਟੇ ਵਾਂਗ;
ਕੁਛ ਠਹਰੇ, ਕੁਛ ਤ੍ਰਬਕੇ, ਕੁਛ ਤੱਕੇ, ਕੁਛ ਉਛਲੇ
ਦੇਖ, ਦੇਖ ਇਹ ਨਵੀਂ ਰੁਪੇ ਪੈਸੇ ਦੀ ਦੁਨੀਆ !!
ਪਰ ਕਰੇ ਕੀ ? ਉਹ ਬੱਧੀ ਪਈ, ਹਿਲਦੀ !!"

ਇਕ ਦਿਨ ਕੋਈ ਰਾਹੀ ਆ ਨਿਕਲਿਆ । 'ਇਹ ਕਵਾਰੀ, ਨੱਢੀ, ਰਾਣੀ ਦੇਸ ਦੀ, ਜਿਸ ਨੂੰ ਉਡੀਕਦੀ ਸੀ, ਉਹ ਆਇਆ । ਇਕ ਪਲਕਾਰੇ ਵਿੱਚ ਕੁਝ ਹੋਇਆ ।' ਕੁੜੀ ਦਾ ਦਿਲ 'ਲਹਿਰ ਲਹਿਰ' ਹੋ ਵਗਿਆ–

"ਪੀਂਘ ਆਪਣੀ ਤੇ ਚੜ੍ਹੀ,
ਘੂਕਾਂਦੀ ਪੀਂਘ, ਚੜ੍ਹਦੀ, ਚੜ੍ਹਦੀ ਜਾਂਦੀ,
ਉਲਰਦੀ, ਉਲਾਰਦੀ ਜਾਂਦੀ ਅਕਾਸ਼ ਨੂੰ ।"

ਕਿ "ਇਤਨੇ ਵਿਚ ਖਹੂ ਖਹੂ ਕਰਦਾ,
ਹਫਿਆ, ਥਕਿਆ, ਸਾਹੋ ਸਾਹ,
ਇਕ ਟੁਟੀ ਜੁਤੀ ਤੇ ਚੜ੍ਹਿਆ,
ਠਪ ਠਪ ਕਰਦਾ, ਸੋਟੀ ਖੜਕਾਂਦਾ,
ਝੁੱਗੀ ਦੇ ਪਛਵਾੜੇ ਅੱਖੜਖਾਂਧ
ਹੱਟੀ ਵਾਲਾ ਆ ਗਿਆ !"

ਫਿਰ ਹੋਇਆ ਕੀ ?

"ਉਹ ! ਕੁੜੀ ਦਾ ਚੰਨ–ਚੇਹਰਾ,
ਕੁਛ ਕਾਲਾ ਕਾਲਾ ਪਿਆ,
ਇਹ ਕੀ ਅਨੋਖੀ ਅਵਾਜ਼,
ਅੱਧੀ ਰਾਤ ਦੀ ਦੁਪਹਿਰ ਚੜ੍ਹੀ ਵਿਚ,
ਪੂਰਾ ਚੰਨ ਗ੍ਰਹਣ ਲਗ ਗਿਆ !"

'ਪੰਜਾਬ ਦੀ ਅਹੀਰਨ ਇਕ ਗੋਹੇ ਥੱਪਦੀ' ਵਿਚ ਆਪ ਨੇ ਅਹੀਰਨ ਦੀ ਕਮਾਲ ਫੋਟੋ ਖਿਚ ਕੇ ਉਸ ਨੂੰ ਪੰਜਾਬੀ ਸਾਹਿਤ ਵਿਚ ਸਦਾ ਜੀਉਂਦੀ ਕਰ ਦਿੱਤਾ ਹੈ।

ਫੇਰ ਆਪ ਦੀ ਨਜ਼ਰ ਖੂਹ ਤੇ ਪਾਣੀ ਭਰਦੀਆਂ 'ਕੁੜੀਆਂ ਪੰਜਾਬ ਦੀਆਂ' ਤੇ ਪਈ ਹੈ । ਇੱਥੇ ਵੰਨ ਸੁਵੰਨੀ, ਰੰਗ ਬਰੰਗੀ ਦੁਨੀਆਂ ਹੈ । ਵੀਣੀਆਂ ਵਿਚ ਵੰਗਾਂ ਪਾਈ, ਕੰਨੀ ਮੱਛਰਿਆਲੇ ਪਾਈ, ਲਾਲ ਲਾਲ ਸੁਥਣਾਂ ਪਾਈ, ਹੇਕਾਂ ਪਈਆਂ ਲਾਉਂਦੀਆਂ ਹਨ। ਟਿਚਕਰਾਂ ਤੇ ਮਖੌਲ ਪਈਆਂ ਕਰਦੀਆਂ ਹਨ ।

ਅਸੀਂ ਕਾਹਲੀ ਕਾਹਲੀ ਆਪ ਜੀ ਦੀ "ਆਰਟ ਗੈਲਰੀ" ਵਿਚ ਫਿਰ ਆਏ ਹਾਂ । ਕਈ ਨਾਂ ਪੁਰਾਣੇ ਹਨ, ਮਾਡਲ ਵਰਤੇ ਹੋਏ ਹਨ, ਪਰ ਉਨ੍ਹਾਂ ਤੇ ਨਵੀਂ ਹੀ ਰੰਗਤ ਹੈ । ਕਈ ਮਜ਼ਮੂਨ ਪੁਰਾਣੇ ਹਨ, ਵਰਤੋਂ ਬਿਲਕੁਲ ਨਵੀਂ ਹੈ । ਉੱਥੇ ਸਦਾ ਬਹਾਰ ਦਾ ਖੇੜਾ ਚੜ੍ਹਿਆ ਹੋਇਆ ਹੈ। ਅਸੀਂ ਵੇਖ ਵੇਖ ਰੱਜਦੇ ਨਹੀਂ, ਅੱਕਦੇ ਨਹੀਂ । ਇਉਂ ਪ੍ਰਤੀਤ ਹੁੰਦਾ ਹੈ ਕਿ 'ਆਰਟਿਸਟ' ਜੀ ਦੇ ਅੰਦਰ ਕੋਈ



ਅਣਡਿਠਾ ਜਿਹਾ, ਅਨੋਖਾ ਚਾ ਹੈ, ਜਿਸ ਕਰਕੇ ਨਵੇਂ ਸਜਰੇ ਖਾਕੇ ਸੁਝ ਸੁਝ ਆਪ-ਮੁਹਾਰੇ ਅੰਦਰ ਪਏ ਲਟਕਦੇ ਹਨ। ਉਨ੍ਹਾਂ ਅੰਦਰ ਦੇ ਖਿਆਲਾਂ, ਝਾਵਲਿਆਂ, ਉਕਸਾਵਟ ਤੇ ਹਿਲਜੁਲ ਦਾ ਪਰੀਣਾਮ ਬਾਹਰ ਹੁੰਦਾ ਹੈ। ਰਸ ਤੇ ਲਾਲੀਆਂ ਬਾਹਰ ਚੋ ਰਹੀਆਂ ਹਨ ਤੇ ਨਵੇਂ ਨਵੇਂ ਝਾਕੇ ਨਸੀਬ ਹੋ ਰਹੇ ਹਨ ।

ਲਿਖਾਰੀ ਦਾ

## ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੰਬਰ

ਇਸ ਵਿਚ ਚੋਟੀ ਦੇ ਵਿਦਵਾਨਾਂ ਵਲੋਂ ਭਾਈ ਸਾਹਿਬ ਦੇ ਜੀਵਨ ਤੇ ਲਿਖਤ ਉਤੇ ਚਾਨਣ ਪਾਇਆ ਗਿਆ ਹੈ। ਭੇਟਾ ੧)

## ਨਾਟਕ ਕਮਲਾ ਕੁਮਾਰੀ

ਅਠੀਂ ਰਸੀਂ ਪੂਰਾ, ਸਿਖਿਆ ਦਾਇਕ ਹਸਾਉਣਾ ਤੇ ਪੰਜਾਬੀ ਦਾ ਕਮਾਲ ਦਾ ਨਾਟਕ ਭੇਟਾ ॥)

## ਪੇਕਾ ਘਰ

ਰਚਿਤ:-ਸ੍ਰ: ਤ੍ਰਿਲੋਕ ਸਿੰਘ ਜੀ ਤਰਨ ਤਾਰਨ

ਬੀਬੀਆਂ ਲਈ ਬੜੀ ਜਰੂਰੀ ਸੋਹਣੀ ਸਿਖਿਆ ॥)

ਛਪ ਰਹੇ ਹਨ:-

ਅਮੋਲ ਸਾਹਿਤਕ ਲੈਕਚਰ [illegible]
ਅਮੋਲ ਧਾਰਮਕ ਲੈਕਚਰ ੧।)
ਹਿੰਦ ਦੇ ਰਤਨ (ਅਮੋਲ ਜੀਵਨੀਆਂ) ੧।)
ਅਮੋਲ ਕਹਾਣੀਆਂ ੧)

੧੯੩੫ ਦੀ ਲਿਖਾਰੀ ਦੀ ਜਿਲਦ ਸਣੇ ਸਾਲਾਨਾ ਨੰਬਰ ੫

## ਲਿਖਾਰੀ ਬੁਕ ਡੀਪੋ ਅੰਮ੍ਰਿਤਸਰ